ਦੋਆਬੀਆ

# ਪੰਡੋਰੀ ਨਿੱਝਰਾਂ

ਦਾ ਨਿੱਝਰ ਜਾਟ
ਚੌ. ਰਾਜਿੰਦਰ ਨਿੱਝਰ

ਸੁਰਤੀ ਵਾਲਿਆਂ ਲਈ

ਸੁਰਤੀ ਵਿਚ ਕੀ ਲਿਖਦਾ ਹੈ?

# ਕੱਖ ਓਹਲੇ ਲੱਖ

# ਕੱਖ ਓਹਲੇ ਲੱਖ

ਲੇਖਕ

*ਚੌਧਰੀ ਰਾਜਿੰਦਰ ਨਿੱਝਰ ਜੱਟ*
*ਐਮ.ਐਸ.ਸੀ.,*
*ਰੀਟਾਇਰਡ ਯੂਨੀਵਰਸਟੀ ਲੈਕਚਰਾਰ ਇਨ ਮੈਟਲਰਜੀ,*
*ਸਹਿਜ-ਧਾਰੀ ਸਿੱਖ ਅਤੇ ਮੁਸਲਮਾਨ ਪੀਰ ਨਾਨਕ ਸ਼ਾਹ,*
*144, ਹਾਮਿਲਟਨ ਰੋਡ, ਰੈਡਿੰਗ, ਬਾਰਕਸ਼ਾਇਰ, ਯੂ.ਕੇ.*
*ਟੈਲੀਫੋਨ 0044 118 962 3200*

# ਇੰਸ਼ ਅੱਲ੍ਹਾ

# "ਬਲ ਰਾਮ ਜੀਓ"

*ਜਿਸ ਕਿਰਪਾ ਤੇ ਸਤਿਗੁਰੂ ਪਾਈਐ*

ਪੁਸਤਕ ਮਿਲਣ ਦਾ ਪਤਾ:-
144, ਹਾਮਿਲਟਨ ਰੋਡ, ਰੈਡਿੰਗ, ਬਾਰਕਸ਼ਾਇਰ, ਆਰ.ਜੀ.1 5ਆਰ.ਈ. ਇੰਗਲੈਂਡ
ਵੈੱਬ-ਸਾਇਟ:-
http://www.nijjhar.freeserve.co.uk/sikhism.htm
Translations into other languages are welcome.
No Copyrights whatsoever.

No Copyrights whatsoever.
***FREELY RECEIVED - FREELY GIVEN***

***ANY HELP IN TRANSLATION INTO OTHER LANGUAGES AND GETTING IT PRINTED IS WELCOME.***

**Any financial, distribution or other help in spreading the Gospel would be much appreciated. My lectures are FREE.**

***My command over the Punjabi language is not so good and I would appreciate your corrections.***

English Publication

FIRST GNOSTIC PRINCIPLES OF ONE GOD ONE FAITH
Price £5 or $10 inc. postage.

Published by:-

Chaudhry Rajinder Nijjhar,
M.Sc.
Retired Senior Lecturer in Metallurgy
144, Hamilton Road, Reading, Berkshire, RG1 5RE, U.K.
***Tel. 0044 118 962 3200***

ਵਿਸ਼ੇ ਸੂਚੀ


| ਕ੍ਰਮਾਂਕ | ਵਿਸ਼ਾ | ਪੰਨਾ |
|---|---|---|
| 1. | ਭੂਮਿਕਾ | 4 |
| 2. | ਚਾਰ ਯੁੱਗਾਂ ਦੇ ਚਾਰ ਅਵਤਾਰ | |
| 3. | ਚਾਰ ਬਿਰਤੀਆਂ, ਸੱਤ ਕਿਸਮਾਂ ਦੇ ਮਨੁੱਖ ਅਤੇ ਹੱਜ | |
| 4. | ਮਸੀਹ ਈਸਾ ਜੀ ਦਾ ਕੁਆਰੀ ਦੇ ਜਨਮ ਕਿਉਂ ਅਤੇ ਸਬੂਤ? | |
| 5. | ਦਸ ਜੋਤਾਂ ਕਿਉਂ? | |
| 6. | ਵਿਸਾਖੀ | |

# ਭੂਮਿਕਾ

ਜਦੋਂ ਪਿਤਾ ਜੀ ਜਿਉਂਦੇ ਸਨ ਤਾਂ ਕਹਿੰਦੇ ਹੁੰਦੇ ਸਨ ਕਿ ਇਹ "ਨਾਮ ਦਾ ਖਜਾਨਾ" ਸੁਰਤੀ ਨਾਲ ਸਹਿਜੇ ਹੀ ਲੱਭਿਆ ਜਾਂਦਾ ਹੈ ਜੇ ਕੋਈ ਕੋਸ਼ਿਸ਼ ਕਰੇ!!!

ਸੁਰਗਵਾਸੀ ਪਿਤਾ ਜੀ ਨੇ ਬੀ.ਐਸ.ਸੀ ਅਤੇ ਐਸ.ਏ.ਵੀ. ਕਰਕੇ ਇਕ ਸਾਇੰਸ ਮਾਸਟਰੀ ਨਾਲ ਸਰਕਾਰੀ ਨੌਕਰੀ ਸ਼ੁਰੂ ਕੀਤੀ ਸੀ ਅਤੇ ਫਿਰ ਸਕੂਲਾਂ ਦੇ ਇੰਸਪੈਕਟਰ ਲਗ ਗਏ ਸਨ। ਹਾਕੀ, ਫੁੱਟਬਾਲ, ਟੈਨਿਸ, ਆਦਿ ਖੇਲਾਂ ਦੇ ਸ਼ੌਕੀਨ ਸਨ ਅਤੇ ਬਾਰ ਵਿਚ ਪਿੰਡ ਧੰਨੂਆਣਾ, 91 ਆਰ.ਬੀ. ਖੇਤੀ ਵੀ ਵਧੀਆ ਕਰਨ ਕਰਕੇ ਇਹਨਾਂ ਦੀ ਅੱਲ "ਜੱਟ" ਪੈ ਗਈ ਸੀ।

ਇਹ ਨਾ ਹੀ ਰਿਸ਼ਵਤ ਲੈਂਦੇ ਸਨ ਅਤੇ ਨਾ ਹੀ ਦਿੰਦੇ ਸਨ। ਮਾਸਟਰਾਂ ਨੂੰ ਸਾਫ ਦਿਲੀ ਨਾਲ ਕੰਮ ਕਰਨ ਨੂੰ ਕਹਿੰਦੇ ਸਨ ਪਰ ਹਰਾਮ ਖਾਣ ਵਾਲੇ ਮਾਸਟਰ ਅਤੇ ਅਫਸਰ ਇਹਨਾਂ ਤੋਂ ਤੰਗ ਸਨ। ਪਿੰਡਾਂ ਦੇ ਲੋਕ ਇਹਨਾਂ ਨਾਲ ਬਹੁਤ ਖੁਸ਼ ਸਨ। ਫਿਰ 1942 ਦੇ ਲਗਭਗ ਇਹਨਾਂ ਦੇ ਅਫਸਰ ਡੀ.ਆਈ. ਨੇ ਇਕ ਝੂਠੀ ਰਿਪੋਰਟ ਇਕ "ਬਾਠ ਜੱਟ" ਡੀ.ਸੀ. ਦੇ ਰਾਹੀਂ ਉਪਰ ਭੇਜ ਕੇ ਇਹਨਾਂ ਨੂੰ ਫਿਰ ਮਾਸਟਰੀ ਦੇ ਉਹਦੇ 'ਤੇ ਲਗਵਾ ਦਿੱਤਾ।

ਮਾਂ ਦੇ ਨਾਨਕੇ ਮਾਂਗਟਾਂ ਦੀ ਕਟਾਨੀ ਸਨ ਅਤੇ ਵਜ਼ੀਰ ਬਲਦੇਵ ਸਿੰਘ ਛੋਕਰ ਉਹਨਾਂ ਦਾ ਖਾਸ ਰਿਸ਼ਤੇਦਾਰ ਸੀ। ਉਸ ਨੇ ਮਹਿਕਮਾ ਤਾਲੀਮ ਨੂੰ ਪੁੱਛਿਆ ਕਿ ਮੇਰੇ ਪਿਤਾ ਜੀ ਨੂੰ ਥੱਲੇ ਕਿਉਂ ਲਾਹਿਆ ਗਿਆ ਸੀ ਤਾਂ ਵੱਡੇ ਅਫਸਰ ਨੇ ਜਵਾਬ ਦਿੱਤਾ ਕਿ ਇਹ ਅਫਸਰਾਂ ਨੂੰ ਖੁਸ਼ ਨਹੀਂ ਸੀ ਰੱਖਦਾ ਪਰ ਜਿਉਂ ਹੀ ਕੋਈ ਥਾਂ ਖਾਲੀ ਹੋਈ ਇਹਨਾਂ ਨੂੰ ਬਹਾਲ ਕਰ ਦਿੱਤਾ ਜਾਵੇਗਾ। ਫਿਰ 1947 ਵਿਚ ਫਸਾਦੀ ਝਗੜੇ ਸ਼ੁਰੂ ਹੋ ਗਏ ਅਤੇ ਦੌਰੇ 'ਤੇ ਜਾਣਾ ਵੀ ਖਤਰਨਾਕ ਸੀ।

ਪਰ ਮਾਸਟਰੀ ਦੇ ਦੌਰਾਨ ਆਤਮਿਕ ਗਿਆਨ ਵਿਚ ਕਾਫ਼ੀ ਵਾਧਾ ਹੋਇਆ ਅਤੇ ਇਹਨਾਂ ਨੇ ਪਿੰਡਾਂ ਵਿਚ ਪ੍ਰਚਾਰ ਕਰਕੇ ਜੱਟਾਂ, ਆਦਿ ਨੂੰ ਆਪਸ ਵਿਚ ਫਸਣ ਤੋਂ ਬਚਾਇਆ।

ਫਿਰ 2000 ਦੇ ਲਗ ਭਗ ਹਮਲਾ ਕਰਨ ਆਏ ਨਾਲ ਦੇ ਨਕੋਦਰ ਪਿੰਡ ਦੇ ਅਰਾਈਆਂ ਨੂੰ ਵੀ ਜਦੋਂ ਸਮਝਾਇਆ ਕਿ ਸਿੱਖ ਅਤੇ ਮੁਸਲਮਾਨ ਰੂਹਾਂ ਹੁੰਦੀਆਂ ਹਨ ਨਾ ਕਿ ਜਿਸਮ ਜਿਹੜਾ ਸਾਡਾ ਹੈ ਜੱਟ ਅਤੇ ਤੁਹਾਡਾ ਹੈ ਅਰਾਈਂ ਅਤੇ ਇਹੋ ਹੀ ਪੈਦਾ ਹੋਏ ਹਨ ਅਤੇ ਇਹੋ ਹੀ ਮਰਨੇ ਹਨ ਤਾਂ ਉਹ ਆਏ ਸਨ ਹਮਲਾ ਕਰਨ ਪਰ ਮੁੜ ਗਏ ਇਕ ਪੱਕੇ "ਦੋਸਤ" ਬਣ ਕੇ। ਅਰਾਈਆਂ ਦਾ ਜ਼ੈਲਦਾਰ ਕਹਿੰਦਾ ਕਿ ਮੇਰੇ ਨਾਲ ਲਾਹੌਰ ਚਲੋ, ਆਪਾਂ ਇਹ ਸ਼ਹਿਰੀ ਲੀਡਰਾਂ ਦੀ ਕੀਤੀ ਹੋਈ ਸ਼ਰਾਰਤ ਰੁਕਾਈਏ। ਇਹ ਝਗੜੇ ਮਜ਼ਬੀ ਰੰਗ ਹੇਠ ਰਚਾਏ ਸਨ ਅਤੇ ਚੋਣਾਂ ਨਹੀਂ ਹੋਣ ਦਿੱਤੀਆਂ ਸਨ ਅਤੇ ਨਾ ਹੀ ਵੱਡੇ ਮੱਕਾਰ ਅੰਗਰੇਜ਼ਾਂ ਨੇ ਕੀਤੀਆਂ ਸਨ। ਪਿਤਾ ਜੀ ਦੱਸਦੇ ਸਨ ਕਿ ਅੰਗ੍ਰੇਜ਼ ਇਹਨਾਂ ਲੀਡਰਾਂ ਨੂੰ ਚੋਰੀ ਮਾਲੀ ਮਦਦ ਵੀ ਦਿੰਦੇ ਸਨ।

ਭਾਵ ਕਿ ਕਲਜੁਗ ਵਿਚ ਪਾਪ (ਸਿਨ) ਨਹੀਂ ਬਲਕਿ ਮੱਕਾਰੀ (ਬਲਾਸਫਿਮੀ) ਜ਼ੋਰਾਂ ਵਿਚ ਹੁੰਦੀ ਹੈ ਅਤੇ ਇਸ ਦਾ ਇਲਾਜ "ਸੱਤਿ" ਹੈ ਨਾ ਕਿ "ਸੱਚ"। ਇਸ ਲਈ ਜਿਸ ਦੇ ਕੋਲ ਸੱਤਿ ਹੈ ਉਹੀ ਅਨੰਦ ਮਈ ਨਾਲ ਰਹਿ ਸਕਦਾ ਹੈ ਅਤੇ ਬਾਕੀ ਦੇ ਲੋਕ ਇੰਜ ਧੱਕੇ ਖਾਂਦੇ ਹਨ ਜਿਵੇਂ ਕਿ ਹੁਣੇ ਹੀ 1984 ਵਿਚ ਦਿੱਲੀ ਅਤੇ ਅੰਮ੍ਰਿਤਸਰ ਵਿਚ ਖਾਧੇ ਸਨ। ਅਸਲੀ ਸਿੱਖ ਤਾਂ ਟਾਂਵਾਂ ਟਾਂਵਾਂ ਵਿਰਲਾ ਹੀ ਮਿਲਦਾ ਹੈ ਅਤੇ ਸਿੱਖ ਦੀ "ਪੇਖਿਆ" ਸਿੱਖ ਨੂੰ ਹੀ ਹੁੰਦੀ ਹੈ ਨਾ ਕਿ ਆਮ "ਨਕਲੀ" ਸ਼ਕਲਾਂ ਦੇ ਸਿੱਖਾਂ ਨੂੰ?

ਕਿੰਨਿਆਂ ਨੂੰ ਨਾਮ ਦੀ ਚਾਹ ਹੈ ਉਹ ਸਤਿਗੁਰੂ ਤੇਗ਼ ਬਹਾਦਰ ਜੀ ਨੇ ਇੰਜ ਦੱਸਿਆ ਹੈ:-

ਜਨ ਨਾਨਕ ਕੋਟਨ ਮੈ ਕੋਊ ਭਜਨੁ ਰਾਮ ਕੋ ਪਾਵੈ ॥
ਜਨ ਨਾਨਕ ਕੋਟਨ ਮੈ ਕਿਨਹੂ ਗੁਰਮੁਖਿ ਹੋਇ ਪਛਾਨਾ ॥
ਕੋਟਨ ਮੈ ਨਾਨਕ ਕੋਊ ਨਾਰਾਇਨੁ ਜਿਹ ਚੀਤਿ ॥

ਅਤੇ ਸਤਿਗੁਰੂ ਅਮਰ ਦਾਸ ਜੀ ਫ਼ਰਮਾਉਂਦੇ ਹਨ:-

ਪੂਰਾ ਭਾਗੁ ਹੋਵੈ ਮੁਖਿ ਮਸਤਕਿ ਸਦਾ ਹਰਿ ਕੇ ਗੁਣ ਗਾਹਿ॥
ਅੰਮ੍ਰਿਤ ਨਾਮੁ ਭੋਜਨੁ ਹਰਿ ਦੇਇ॥

ਕੋਟਿ ਮਧੇ ਕੋਈ ਵਿਰਲਾ ਲੇਇ॥
ਜਿਸ ਨੋ ਅਪਣੀ ਨਦਰਿ ਕਰੇਇ॥

ਇਸ ਕਿਤਾਬ ਨੂੰ ਪੜ੍ਹ ਕੇ ਤੁਸੀਂ ਅਸਲੀ ਅਤੇ ਨਕਲੀ ਧਰਮੀ ਬੰਦਿਆਂ ਦੀ ਸ਼ਨਾਖ਼ਤ ਕਰ ਸਕੋਗੇ।

ਆਪ ਦਾ ਜਾਟ ਸੇਵਕ:-

ਚੌਧਰੀ ਰਾਜਿੰਦਰ ਨਿੱਝਰ ਜੱਟ

# ਚਾਰ ਯੁੱਗਾਂ ਦੇ ਚਾਰ ਅਵਤਾਰ

ਚਾਰ ਯੁਗ, ਯੁੱਗਾਂ ਦੀ ਇਕ ਚੌਕੜੀ ਬਣਾਉਂਦੇ ਹਨ ਅਤੇ ਸੰਤਾਂ ਤੇ ਸਾਧੂਆਂ ਦੇ ਅਨੁਸਾਰ ਇਹ ਯੁੱਗਾਂ ਦੀ ੧੦੯ਵੀ ਚੌਕੜੀ ਹੈ। ਇਹਨਾਂ ਦੀ ਗਿਣਤੀ ਮਾਲਾ ਜਾਂ ਸਿਮਰਨੀ ਦੇ ਮਣਕਿਆਂ ਵਿਚ ਰੱਖੀ ਹੋਈ ਹੈ। ਕਲਜੁਗ ਇਹਨਾਂ ਯੁੱਗਾਂ ਦੀ ਚੌਕੜੀ ਦਾ ਅਖੀਰਲਾ ਯੁਗ ਹੁੰਦਾ ਹੈ। ਇਥੇ ਇਹ ਵੀ ਦੱਸਣਾ ਵਾਜਬ ਹੈ ਕਿ ਮੁਹੰਮੱਦੀਆਂ ਦੀ ਮਾਲਾ ਵਿਚ ੯੯ ਮਣਕੇ ਉੱਤੇ ਅਤੇ ਅੱਲ੍ਹਾ ਦੇ ਨਾਉਂ ਦਾ ਇਕ ਵੱਡਾ ਮਣਕਾ ਥੱਲੇ ਹੁੰਦਾ ਹੈ। ਇਸ ਮਾਲਾ ਦਾ ਮੁੱਢ ਅੰਜੀਲ (ਬਾਈਬਲ) ਦੀ ਇਕ ਬੁਝਾਰਤ ਵਿਚ ਹੈ ਕਿ ਮਸੀਹ ਈਸਾ ਜੀ ਦੀਆਂ ਪੂਰੀਆਂ ਸੌ ਭੇਡਾਂ ਵਿਚੋਂ ਇਕ ਬੜੀ ਮੋਟੀ ਅਤੇ ਸਾਰੀਆਂ ਨਾਲੋਂ ਸੁਨੱਖੀ ਭੇਡ ਗੁੰਮ ਹੋ ਗਈ। ਜਦੋਂ ਉਹਨਾਂ ਨੂੰ ਇਹ ਗੁੰਮ ਹੋਈ ਭੇਡ ਮਿਲੀ ਤਾਂ ਉਹਨਾਂ ਨੂੰ ਇਹ ਭੇਡ ਪਾ ਕੇ ਬੇਹਦ ਖ਼ੁਸ਼ੀ ਪ੍ਰਾਪਤ ਹੋਈ ਜਿਹੜੀ ਕਿ ਬਾਕੀ ਦੀਆਂ ੯੯ ਭੇਡਾਂ ਤੋਂ ਨਹੀਂ ਮਿਲਦੀ ਸੀ। ਇਸ ਬੁਝਾਰਤ ਵਿਚ ੯੯ ਭੇਡਾਂ ਦੇਵਤੇ ਦੇਵੀਆਂ ਹਨ ਜਿਹੜੇ ਕਿ ਪਿਛਲੇ ਯੁੱਗਾਂ ਵਿਚ ਪੂਜੇ ਜਾਂਦੇ ਸਨ ਪਰ ਕਲਜੁਗ ਵਿਚ ਅਕਾਲ ਪੁਰਖ ਇਕ ਮੋਟੀ ਅਤੇ ਬੇਹਦ ਸੁਨੱਖੀ ਭੇਡ, ਨੂੰ ਹੀ ਪਾਕੇ ਦਿਲ ਵਿਚ ਬੇਹਦ ਖ਼ੁਸ਼ੀ ਪ੍ਰਾਪਤ ਹੁੰਦੀ ਹੈ।

ਯੁੱਗਾਂ ਦੀ ਚੌਕੜੀ ਦੀ ਤੁਲਨਾ ਸ਼ਿਵ ਜੀ ਦੇ ਧੌਲ਼ੇ ਬਲ੍ਹਦ ਨੰਦੀ ਦੀਆਂ ਚਾਰ ਲੱਤਾਂ ਨਾਲ ਕੀਤੀ ਜਾਂਦੀ ਹੈ ਕਿ ਸਤਜੁਗ ਵਿਚ ਨੰਦੀ ਬਲ੍ਹਦ ਦੀਆਂ ਚਾਰੇ ਹੀ ਲੱਤਾਂ ਕਾਇਮ ਹੁੰਦੀਆਂ ਹਨ, ਤ੍ਰੇਤੇ ਵਿਚ ਤਿੰਨ, ਦੁਆਪਰ ਵਿਚ ਦੋ ਅਤੇ ਕਲਜੁਗ ਵਿਚ ਸਿਰਫ਼ ਇਕ ਹੀ ਲੱਤ ਰਹਿ ਜਾਂਦੀ ਹੈ। ਨੰਦੀ ਧਰਮ ਦੇ ਬਲ੍ਹਦ ਦੀਆਂ ਚਾਰ ਲੱਤਾਂ ਹੇਠ ਲਿਖੀਆਂ ਧਰਮ ਦੀਆਂ ਚੀਜ਼ਾਂ ਜਾਂ ਵਸਤੂਆਂ ਨਾਲ ਸਬੰਧਿਤ ਹਨ।

੧. ਸ਼ਰਮ:- ਇਹ ਧਰਮ ਦੀ ਬੁਨਿਆਦ ਹੈ ਪਰ ਧਾਰਮਿਕ ਲਿਆਕਤ, ਪਦ ਜਾਂ ਵਸਤੂ ਨਹੀਂ। ਸ਼ਰਮ ਜਾਂ ਹਇਆ ਬਿਨਾਂ ਕੋਈ ਵੀ ਆਦਮੀ ਧਰਮੀ ਨਹੀਂ ਹੋ ਸਕਦਾ। ਬੇਸ਼ਰਮ, ਬੇ ਹਇਆ ਜਾਂ ਜ਼ਮੀਰ ਤੋਂ ਰਹਿਤ ਆਦਮੀ ਨੂੰ "ਨਮਕ-ਹਰਾਮੀ" ਵੀ ਕਿਹਾ ਜਾ ਸਕਦਾ ਹੈ। ਮਸੀਹ ਈਸਾ ਜੀ ਨੇ ਆਪਣੇ "੧੨ ਕਾਮਿਆਂ" ਜਿਨ੍ਹਾਂ ਨੂੰ ਮਨ ਦੇ ਅੰਨ੍ਹੇ ਚੇਲੇ ਦੱਸਦੇ ਹਨ ਨੂੰ "ਧਰਤੀ ਦਾ ਲੂਣ" ਕਹਿੰਦਿਆਂ ਹੋਇਆਂ ਉਹਨਾਂ ਨੂੰ ਇਨਸਾਨ ਦੇ ਪੁੱਤਰ ਦੱਸਿਆ ਅਤੇ ਨਮਕ-ਹਰਾਮੀਆਂ ਨੂੰ ਦਰੋਂ ਬਾਹਰ ਸੁੱਟ ਕੇ ਪੈਰਾਂ ਹੇਠ ਮਿੱਧੇ

ਜਾਣ ਲਈ ਕਿਹਾ (ਮੱਤੀਂ ੫-੧੩)। ਭਾਵ ਕਿ ਬੇਸ਼ਰਮ ਲੋਕਾਂ ਨੂੰ ਆਪਣੀ ਨਗਰੀ ਵਿਚੋਂ ਬਾਹਰ ਕੱਢ ਦੇਵੋ ਜੇ ਤੁਸਾਂ ਨੇ ਅਮਨ ਚੈਨ ਨਾਲ ਰਹਿਣਾ ਹੈ। ਸ਼ਰਮ ਬਾਰੇ ਤੁਕਾਂ ਹਨ:-

ਸ਼ਰਮੁ ਧਰਮੁ ਦੋਇ ਛਪਿ ਖਲੋਏ॥
ਕੂੜ ਫਿਰੇ ਪਰਧਾਨ ਵੇ ਲਾਲੋ॥

ਮਨ ਹਾਲੀ ਕ੍ਰਿਸਾਨੀ ਕਰਨੀ ਸ਼ਰਮ ਪਾਣੀ ਤਨ ਖੇਤ॥
ਨਾਮ ਬੀਜ ਸੰਤੋਖ ਸੁਹਾਗਾ ਰੱਖ ਗਰੀਬੀ ਵੇਸ॥

ਭਾਵ ਕਿ ਅਧਰਮੀ ਲੋਕ ਬੇਸ਼ਰਮ ਹੁੰਦੇ ਹਨ ਅਤੇ ਸ਼ਰਮ ਬਿਨਾਂ ਧਰਮ ਦੀ ਖੇਤੀ ਨਹੀਂ ਹੋ ਸਕਦੀ। ਸਾਊਥ ਇੰਡੀਆ ਵਿਚ ਹਰ ਇਕ ਆਦਮੀ ਦੇ ਨਾਂ ਵਿਚ ਉਹਦੇ ਪਿਓ ਅਤੇ ਪਿੰਡ ਦਾ ਨਾਓ ਹੁੰਦਾ ਹੈ ਤਾਂ ਕਿ ਜੇ ਉਹ ਕਿਸੇ ਨਾਲ ਬੁਰਿਆਈ ਕਰੇ ਤਾਂ ਉਸ ਦੇ ਖਾਨਦਾਨ ਨੂੰ ਉਲਾਮ੍ਹਾ ਦਿੱਤਾ ਜਾ ਸਕੇ। ਏਸੇ ਕਰਕੇ ਇਸ ਪਾਸੇ ਰਿਸ਼ਵਤ ਘਟ ਅਤੇ ਉਨਤੀ ਜ਼ਿਆਦਾ ਅਤੇ ਨਾ ਹੀ ਕੋਈ ਭਗਤ ਪੈਦਾ ਹੋਇਆ ਹੈ। ਮਸੀਹ ਈਸਾ ਜੀ ਦਾ ਢੰਡੋਰਚੀ ਮਸੀਹ ਠੋਮਸ ਹੀ ਕਾਫੀ ਸੀ।

੨. ਸੱਚ:- ਇਹ ਧਰਮ ਦੀ ਪਹਿਲੀ ਲਿਆਕਤ, ਪੌੜੀ, ਪਦ ਜਾਂ ਵਸਤੂ ਹੈ। ਇਹ ਵਸਤੂ ਦਿਲ ਦੇ ਸਾਫ ਲੋਕਾਂ ਕੋਲ ਹੁੰਦੀ ਹੈ ਅਤੇ ਇਹ ਰੂਹਾਨੀ "ਸੱਤਿ" ਦੀ ਵੀ ਬੁਨਿਆਦ ਹੈ। ਭਾਵ ਕਿ ਸੱਚਾ ਆਦਮੀ ਹੀ ਸੱਤਿ ਪਾ ਸਕਦਾ ਹੈ। ਦੋ ਅੱਖਾਂ ਨਾਲ ਜਿਹੜਾ ਦੇਖਿਆ ਜਾਏ ਉਹ ਅਸਥੂਲ ਰੂਪੀ ਸੱਚ ਹੁੰਦਾ ਹੈ ਅਤੇ ਜਿਹੜਾ ਮਨ ਦੀ ਤੀਜੀ ਅੱਖ ਨਾਲ ਪੇਖਿਆ ਜਾਏ ਉਹ ਸੂਖਮ (ਸੂਖ਼ਸ਼ਮ) ਰੂਪੀ ਰੂਹਾਨੀ ਸੱਤਿ ਹੁੰਦਾ ਹੈ। ਇਸ ਲਈ ਅਸਥੂਲ ਰੂਪੀ ਗੁਰੂ ਪੰਡਿਤ ਨੂੰ ਵੀ "ਦੇਖੀ ਦਾ" ਹੈ ਅਤੇ ਉਹ ਬੱਚਿਆਂ ਨੂੰ ਅਸਥੂਲ ਰੂਪੀ ਮੂਰਤੀਆਂ ਨਾਲ ਵਿਵਹਾਰਿਕ ਸਿਖਿਆ ਦਿੰਦਾ ਹੈ। ਇਵੇਂ ਹੀ ਸੱਤਿ ਦਾ ਗਿਆਨ ਸਤਿਗੁਰੂ ਧੁਰ ਦੀ ਬਾਣੀ ਰਾਹੀਂ ਸੂਖਮ ਮਨ ਨੂੰ ਦਿੰਦਾ ਹੈ ਅਤੇ ਸਤਿਗੁਰੂ ਨੂੰ ਸੁਰਤੀ ਨਾਲ ਮਨ ਦੀ ਤੀਜੀ ਅੱਖ ਨਾਲ ਹੀ "ਪੇਖੀ ਦਾ" ਹੈ ਜਿਵੇਂ ਕਿ ਮੱਖਣ ਸ਼ਾਹ ਲਬਾਣੇ ਨੇ ਪੇਖ ਕੇ ਨਕਲੀ ਸਤਿਗੁਰੂ ਬੁੱਝੇ ਅਤੇ ਸੱਚੇ "ਸੱਤਿ" ਦੇ ਸਤਿਗੁਰੂ ਤੇਗ਼ ਬਹਾਦਰ ਜੀ ਨੂੰ ਪ੍ਰਗਟ ਕੀਤਾ ਸੀ। ਜਿਵੇਂ ਪਿਛਲੇ ਯੁੱਗਾਂ ਵਿਚ ਪੰਡਿਤ ਬੱਚਿਆਂ ਨੂੰ

ਸੱਚ ਦੇ ਸਬਕ ਮੂਰਤੀਆਂ ਰਾਹੀਂ ਅਤੇ ਵੱਡਿਆਂ ਨੂੰ "ਸੱਤਿ" ਦੇ ਸਬਕ ਕਥਾ ਰਾਹੀਂ ਦਿੰਦੇ ਸਨ ਅਤੇ ਦੁਨੀਆ ਵਿਚ "ਹਰੀ ਓਮ ਸ਼ਾਂਤੀ" ਦੇ ਅਨੁਸਾਰ ਅਮਨ ਚੈਨ (ਬਹਿਸ਼ਤ), ਕਿੰਗਡਮ ਆਫ਼ ਹੇਵਨ, ਰੱਖਦੇ ਸਨ ਉਵੇਂ ਹੀ ਕਲਜੁਗ ਵਿਚ ਸਤਿਗੁਰੂ ਮਨ ਦੇ ਸੁਜਾਖਿਆਂ ਨੂੰ ਸੱਤਿ ਦੇ ਸਬਕਾਂ ਨਾਲ ਨਿਹਾਲ ਕਰਦੇ ਹਨ ਅਤੇ "ਰਾਮ ਰਾਜੇ", ਰੌਇਲ ਕਿੰਗਡਮ ਆਫ਼ ਗਾਡ, ਵਲ ਪ੍ਰੇਰਦੇ ਹਨ। ਭਾਵ ਕਿ "ਬਹਿਸ਼ਤ" ਤਨ ਜਾਂ ਮੁਲਕਾਂ ਸਬੰਧੀ ਹੁੰਦਾ ਹੈ ਅਤੇ "ਰਾਮ ਰਾਜੇ" ਮਨ ਜਾਂ ਦਿਲਾਂ ਸਬੰਧੀ ਹੁੰਦਾ ਹੈ।

ਇਸ ਲਈ ਕਲਜੁਗ ਵਿਚ ਸੱਤਿ ਬਿਨਾਂ ਅੰਧ ਕਰਮ ਕਮਾਏ ਜਾਂਦੇ ਹਨ ਅਤੇ ਸੱਤਿ ਪੱਕੇ ਈਮਾਨ ਸੰਤੋਖ ਦੀ ਵੀ ਨੀਂਹ ਹੈ। ਸੱਚ ਨੂੰ ਕੱਚਾ ਈਮਾਨ ਵੀ ਆਖੀਦਾ ਹੈ ਅਤੇ ਵੇਦ ਮਰਿਆਦਾ ਸੱਚ ਹੈ ਪਰ ਸੱਤਿ ਨਹੀਂ ਅਤੇ ਆਦਿ ਗ੍ਰੰਥ ਸਾਹਿਬ ਵਿਚ ਰਾਮ ਜਾਂ ਹਰਿ ਦੀ ਪੱਕੀ ਬਾਣੀ ਸੱਤਿ ਹੈ ਅਤੇ ਅਸਥੂਲ ਰੂਪੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਕੱਚੀਆਂ ਹੋਣ ਕਰਕੇ ਆਦਿ ਗ੍ਰੰਥ ਵਿਚ ਨਹੀਂ ਚੜ੍ਹੀਆਂ। ਪਰ ਸੱਚ ਬਿਨਾਂ ਸੱਤਿ ਨਾ ਪਾਉਣ ਕਰਕੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਆਦਿ ਗ੍ਰੰਥ ਸਾਹਿਬ ਦੀ "ਕੁੰਜੀ" ਜ਼ਰੂਰ ਹਨ। ਹੋਰ ਅੱਗੇ ਜਾ ਕੇ:-

ਆਪ ਬੀਚਾਰੇ ਸੁ ਗਿਆਨੀ ਹੋਇ॥
ਮਨਿ ਸਾਚਾ ਮੁਖ ਸਾਚਾ ਸੋਇ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ॥
ਨਾਨਕ ਇਹ ਲੱਛਣ ਬ੍ਰਹਮ ਗਿਆਨੀ ਹੋਇ॥

੩. ਸੰਤੋਖ:- ਇਹ ਧਰਮ ਦੀ ਦੂਜੀ ਪੌੜੀ, ਲਿਆਕਤ, ਪਦ ਜਾਂ ਵਸਤੂ ਹੈ। ਇਹ ਦਿਲ ਦੇ ਸਾਫ ਹੋਣ ਨਾਲ ਪ੍ਰਾਪਤ ਹੁੰਦੀ ਹੈ ਅਤੇ ਸੱਚਾ ਆਦਮੀ ਹੀ ਸੰਤੋਖੀ ਹੋਣ ਕਰਕੇ "ਸੱਤਿ" ਪਾ ਸਕਦਾ ਹੈ। ਜਿਵੇਂ ਸੱਚ ਨੂੰ ਕੱਚਾ ਈਮਾਨ ਕਹੀਦਾ ਹੈ ਇਵੇਂ ਹੀ ਸੰਤੋਖ ਨੂੰ ਪੱਕਾ ਈਮਾਨ ਕਹੀਦਾ ਹੈ। ਇਸ ਲਈ ਸੱਚਾ ਅਤੇ ਸੰਤੋਖੀ ਆਦਮੀ ਹੀ ਪੱਕੇ ਈਮਾਨ ਵਾਲਾ ਹੋਣ ਕਰਕੇ ਉਸ ਨੂੰ ਅਰਬੀ ਵਿਚ "ਮੁਸਲਮਾਨ" ਕਹਿੰਦੇ ਹਨ। ਏਦਾਂ ਦਾ ਹੀ ਪੱਕੇ ਈਮਾਨ ਵਾਲਾ ਮੁਸਲਮਾਨ ਪਾਕ ਅਤੇ ਸਾਫ ਦਿਲ ਵਾਲਾ ਹੋਣ ਕਰਕੇ "ਰਹਿਮ" ਨਾਲ ਅੱਲ੍ਹਾ ਦੇ ਖ਼ਜ਼ਾਨੇ ਪਰਉਪਕਾਰ ਰਾਹੀਂ ਲੁੱਟਦਾ ਪੁੱਟਦਾ ਹੈ। ਇਸ ਬਾਰੇ ਤੁਕ ਹੈ:-

ਮੁਸਲਮਾਨ ਮੋਮ ਦਿਲ ਹੋਵੇ॥
ਅੰਤਰ ਦੀ ਮਲ ਦਿਲ ਤੇ ਧੋਵੇ॥

ਦਿਲ ਦੀ ਸਫਾਈ ਲਈ ਨਾਮ ਐਨਾ ਜ਼ਰੂਰੀ ਹੁੰਦਾ ਹੈ ਜਿੰਨਾ ਕਿ ਤਨ ਦੀ ਸਫਾਈ ਲਈ ਪਾਣੀ। ਇਸ ਹੀ ਕਰਕੇ ਹਿੰਦੂਆਂ ਲਈ ਗੰਗਾ ਜਾਂ ਹੋਰ ਪਾਣੀ ਵਾਲੇ ਅਸਥਾਨ 'ਤੇ ਨਹਾਉਣਾ ਇਕ ਮਹਾਨ ਤੀਰਥ ਹੁੰਦਾ ਹੈ ਪਰ ਸਿੱਖ ਲਈ ਸਾਧੂ ਦੀ ਧੂੜ ਭਾਵ ਕਿ "ਨਾਮ" ਨਾਲ ਨਹਾਉਣਾ ਮਹਾਨਤਾ ਰੱਖਦਾ ਹੈ। ਤੁਕ ਹੈ:-

ਮਨਿ ਸੰਤੋਖੁ ਸਬਦਿ ਸੱਤਿਗੁਰ ਰਾਜੇ॥
ਜਪਿ ਗੋਬਿੰਦੁ ਪੜਦੇ ਸਭਿ ਕਾਜੇ॥

੪. ਦਇਆ:- ਇਹ ਧਰਮ ਦੀ ਤੀਜੀ ਪੌੜੀ, ਲਿਆਕਤ, ਪਦ ਜਾਂ ਵਸਤੂ ਹੈ ਅਤੇ ਇਸ ਦੀ ਕਸਵੱਟੀ ਨਾਲ ਹੀ ਗੁਰਮੁਖ ਅੱਲ੍ਹਾ ਅਤੇ ਮੱਕਾਰ ਸ਼ੈਤਾਨ ਵਿਚ ਨਿਖੇੜਾ ਕਰਦਾ ਹੈ। ਇਸ ਲਈ ਕਹਿੰਦੇ ਹਨ ਕਿ ਜੇ ਤੁਸਾਂ ਨੇ ਅੱਲ੍ਹਾ ਨਾਲ ਪਿਆਰ ਕਰਨਾ ਹੈ ਤਾਂ ਪਹਿਲਾਂ ਉਹਦੇ ਬੰਦਿਆਂ ਨਾਲ ਪਿਆਰ ਕਰੋ। ਤੁਕ ਹੈ:-

ਥਾਲ ਵਿਚ ਤਿੰਨ ਵਸਤੂ ਪਈਓ॥
ਸੱਤਿ ਸੰਤੋਖ ਵੀਚਾਰੋ (ਬੁੱਝੋ)॥

ਤੀਜੀ ਵਸਤੂ ਦਾ ਨਾਂ ਹੈ "ਦਇਆ" ਅਤੇ ਇਹਨਾਂ ਤਿੰਨਾਂ ਦਾ ਜ਼ਿਕਰ ਕਈ ਵਾਰ ਇਕੱਠਾ ਵੀ ਆਉਂਦਾ ਹੈ ਜਿਵੇਂ ਕਿ:-

ਜਿਤੁ ਕਾਰਜਿ ਸਤੁ ਸੰਤੋਖੁ ਦਇਆ ਧਰਮੁ ਹੈ ਗੁਰਮੁਖਿ ਬੂਝੈ ਕੋਈ॥
ਭਨਤਿ ਨਾਨਕੁ ਸਭਨਾ ਕਾ ਪਿਰੁ ਏਕੋ ਸੋਇ॥
ਜਿਸ ਨੋ ਨਦਰਿ ਕਰੇ ਸਾ ਸੋਹਾਗਣਿ ਹੋਇ॥

ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ॥
ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ॥

ਸਤੁ ਸੰਤੋਖੁ ਦਇਆ ਕਮਾਵੈ, ਏਹ ਕਰਣੀ ਸਾਰ॥
ਆਪੁ ਛੋਡਿ ਸਭ ਹੋਇ ਰੇਣਾ, ਜਿਸੁ ਦੇਇ ਪ੍ਰਭੁ ਨਿਰੰਕਾਰੁ॥

ਸਤੁ ਸੰਤੋਖੁ ਦਇਆ ਧਰਮੁ ਸੁਚਿ ਸੰਤਨ ਤੇ ਇਹੁ ਮੰਤੁ ਲਈ॥
ਕਹੁ ਨਾਨਕ ਜਿਨਿ ਮਨਹੁ ਪਛਾਨਿਆ ਤਿਨ ਕਉ ਸਗਲੀ ਸੋਝ ਪਈ॥

ਇਸ ਦੀ ਮਹਾਨਤਾ ਪਹਿਲੇ ਹਰਿਮੰਦਰ ਸਾਹਿਬ ਵਿਚ ਸੀ ਜਿਹੜਾ ਕਿ ਜੈਰੂਸ਼ਿਲਮ ਵਿਚ ਪੱਧਰੇ ਥਾਂ 'ਤੇ ਬਣਾਇਆ ਹੋਇਆ ਸੀ ਅਤੇ ੭੦ ਸੰਨ ਵਿਚ ਤਬਾਹ ਹੋ ਗਿਆ ਸੀ। ਇਸ ਹਰਿਮੰਦਰ ਸਾਹਿਬ, "ਹੋਲੀ ਆਫ਼ ਹੋਲੀਇਸਟ", ਵਿਚ ਇਕ ਥੜ੍ਹਾ ਹੁੰਦਾ ਸੀ ਜਿਸ ਦਾ ਨਾਂ "ਸੀਟ ਆਫ਼ ਮਰਸੀ" ਜਾਂ ਰਹਿਮ ਦਾ ਥੜ੍ਹਾ ਸੀ ਅਤੇ ਇਸ ਦੇ ਉੱਤੇ ਰੱਬਾਈ (ਪੰਡਿਤ) ਸਾਲ ਵਿਚ ਇਕ ਵਾਰ ਦੀਵਾ ਬੱਤੀ ਜਲਾਉਂਦਾ ਸੀ ਅਤੇ ਸੱਚੇ ਦਿਲ ਨਾਲ ਲੋਕਾਂ ਦੇ ਗੁਨਾਹ ਮੁਆਫ਼ ਕਰਨ ਦੀ ਦੁਆ ਕਰਦਾ ਹੁੰਦਾ ਸੀ। ਇਸ ਹਰਿਮੰਦਰ ਸਾਹਿਬ ਜੀ ਦੇ ਇਰਦ ਗਿਰਦ ਪਰਦਾ ਹੁੰਦਾ ਸੀ ਅਤੇ ਸਿਰਫ਼ ਰੱਬਾਈ ਹੀ ਉਸ ਵਿਚ ਜਾ ਸਕਦਾ ਸੀ। ਇਸ ਬਾਰੇ ਅੱਗੇ ਦੱਸਿਆ ਜਾਵੇਗਾ। ਇਸ ਹਰਿਮੰਦਰ ਸਾਹਿਬ ਦਾ ਪਰਦਾ ਈਸਾ ਜੀ ਦੇ ਮਰਨ 'ਤੇ ਉਪਰ ਤੋਂ ਹੇਠਾਂ ਤਾਈਂ ਫੱਟ ਗਿਆ ਸੀ ਕਿ ਹੁਣ ਰਾਮ ਦੇ ਨਾਮ ਦਾ ਸਮਾਂ ਹੈ ਅਤੇ ਧੁਰ ਦੀ ਬਾਣੀ "ਨਾਮ", ਜਿਸ ਨੂੰ "ਗੌਸਪਲ" ਕਹਿੰਦੇ ਹਨ, ਹੁਣ ਤੁਸੀਂ ਸਿੱਧਾ ਰਾਮ ਤੋਂ ਸੁਰਤੀ ਨਾਲ ਪਾਓ ਅਤੇ ਰਹਿਮ ਦਿਲੀ ਨਾਲ ਰਾਮ ਰਾਜੇ ਵਿਚ ਸਿੱਧੇ ਜਾਓ। ਰਹਿਮ ਦੇ ਥੜ੍ਹੇ ਦੀ ਮਹਾਨਤਾ ਇਹ ਹੈ ਕਿ ਇਹ ਸਰੀਰ ਹੀ ਤਾਂ ਅਸਲੀ ਜੀਉਂਦਾ ਜਾਗਦਾ ਹਰਿਮੰਦਰ ਹੈ ਅਤੇ ਦਿਲ ਅਕਾਲ ਪੁਰਖ ਦਾ ਥੜ੍ਹਾ ਹੈ। ਜਿਸ ਦਿਲ ਵਿਚ ਰਹਿਮ ਹੈ ਉਸ ਆਦਮੀ ਵਿਚ ਰਾਮ ਅੱਲ੍ਹਾ (ਰਾਮਲ੍ਹਾ) ਵਸਦਾ ਹੈ ਅਤੇ ਜ਼ਾਲਮ ਦੇ ਦਿਲ ਵਿਚ ਮੱਕਾਰ ਸ਼ੈਤਾਨ। ਰਾਮ ਦੀ ਨਗਰੀ ਨੂੰ ਰਾਮ ਰਾਜੇ ਜਾਂ ਰੌਇਲ ਕਿੰਗਡਮ ਆਫ਼ ਗਾਡ ਕਹਿੰਦੇ ਹਨ ਅਤੇ ਇਹ ਆਦਮੀ ਦੇ ਦਿਲ ਵਿਚ ਹੁੰਦੀ ਹੈ ਨਾ ਕਿ ਬਹਿਸ਼ਤ (ਕਿੰਗਡਮ ਆਫ਼ ਹੇਵਨ) ਦੇ ਵਾਂਗ ਬਾਹਰ ਦੁਨੀਆ ਵਿਚ।

ਹੁਣ ਜਿਹੜੇ ਰਾਮ ਨਗਰੀ ਵਿਚ ਵਸਦੇ ਹੁੰਦੇ ਹਨ ਉਹਨਾਂ ਨੂੰ ਅਕਾਲ ਪੁਰਖ ਦੇ ਪੁੱਤਰ, "ਨਿਸ਼ਾਨ", ਭਾਵ ਕਿ "ਸਨਜ਼ ਆਫ਼ ਗਾਡ", ਭਗਤ, ਸੇਂਟ, ਆਦਿ ਵੀ ਆਖੀਦਾ ਹੈ ਅਤੇ ਉਹ ਵੀ ਅਕਾਲ ਪੁਰਖ ਦੇ ਵਾਂਗ ਕਾਲ ਤੋਂ ਰਹਿਤ ਹੁੰਦੇ ਹਨ ਅਤੇ ਜਿਵੇਂ ਪਿਓ

ਆਪਣੇ ਪੁੱਤਰਾਂ ਨੂੰ ਆਪਣੇ ਰਾਜ਼ ਭੇਦ ਦਿੰਦਾ ਹੈ ਇਵੇਂ ਹੀ ਅਕਾਲ ਪੁਰਖ ਆਪਣੇ ਪੁੱਤਰਾਂ ਨੂੰ ਨਾਮ ਦਾਨ ਭਾਵ ਕਿ ਆਪਣੇ ਭੇਦ ਜਾਂ ਪਦਾਰਥ ਦਿੰਦਾ ਹੈ। ਇਹਦਾ ਨਾਉਂ ਹੈ ਮੁਕਤੀ, ਮੋਖ, ਨਜਾਤ, ਜਾਂ ਸਾਲਵੇਸ਼ਨ ਅਤੇ ਲੋਕਾਂ ਨੂੰ ਦਇਆਵਾਨ ਬਣਾਉਣਾ ਹੀ ਸਾਧੂਆਂ ਅਤੇ ਸੰਤਾਂ ਦਾ ਕੰਮ ਹੁੰਦਾ ਹੈ। ਇਹਨਾਂ ਸੰਤਾਂ ਨੂੰ ਈਸਾ ਜੀ ਨੇ ਆਦਮੀਆਂ (ਜਿਹੜੇ ਕਿ ਆਪਣੇ ਅੰਤਰ ਸਤਿਗੁਰੂ ਦੇ ਭਾਣੇ ਚਲਣ ਅਤੇ ਕਿਸੇ ਹੋਰ ਸਾਧ ਸੰਤ ਦੇ ਅਧੀਨ ਨਾ ਹੋਣ ਭਾਵ ਕਿ ਸੁਹਾਗਣ। ਇਹ ਜਿਸਮਾਂ ਦੇ ਭਾਵੇਂ ਆਦਮੀ ਜਾਂ ਔਰਤਾਂ ਹੋਣ) ਦਾ ਮਛੇਰਾ ਦੱਸਿਆ ਹੈ। ਇਸ ਬਾਰੇ ਅੱਗੇ ਦੱਸਿਆ ਜਾਵੇਗਾ। ਤੁਕਾਂ ਹਨ:-

ਧੌਲ ਧਰਮ ਦਇਆ ਕਾ ਪੂਤ (ਨਿਸ਼ਾਨ)॥

ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥

ਸਾਕਤ ਨਰਿ ਸਬਦ ਸੁਰਤਿ ਕਿਉ ਪਾਈਐ॥
ਸਬਦ ਸੁਰਤਿ ਬਿਨੁ ਆਈਐ ਜਾਈਐ॥

ਉਪਰ ਵਾਲੇ ਧਾਰਮਿਕ ਪਦ ਆਦਮੀ ਨੂੰ ਧਰਮੀ ਬਣਾਉਂਦੇ ਹਨ ਅਤੇ ਜੇ ਰਾਮ ਦੀ ਕਿਰਪਾ ਹੋਵੇ ਤਾਂ ਉਹਨੂੰ ਚੌਥੇ ਪਦ 'ਤੇ ਲੈ ਜਾਂਦੇ ਹਨ। ਇਸ ਆਖਰੀ ਪਦ 'ਤੇ ਪਹੁੰਚ ਕੇ ਆਦਮੀ ਅਤੇ ਰਾਮ ਵਿਚ ਕੋਈ ਭੇਦ ਨਹੀਂ ਰਹਿ ਜਾਂਦਾ ਅਤੇ ਜੋ ਉਹ ਬੋਲਦੇ ਹਨ ਉਹ ਸੱਤਿ ਹੀ ਸੱਤਿ ਹੁੰਦਾ ਹੈ। ਉਹ ਸਦਾ ਹੀ ਹਰਿ ਦਾ ਸੰਦੇਸ਼ ਦਿੰਦੇ ਹਨ। ਗਲਤੀ ਪਹਿਲੇ ਤਿੰਨਾਂ ਪਦਾਂ ਦੇ ਲੋਕਾਂ ਤੋਂ ਹੁੰਦੀ ਹੈ ਅਤੇ ਚੌਥੇ ਪਦ ਵਾਲਾ ਆਦਮੀ ਕਰਤਾਰ ਵਾਂਗ ਅਭੁੱਲ ਹੁੰਦਾ ਹੈ। ਭਾਵ ਕਿ ਇਨਸਾਨੀ ਦਨਾਈ ਅੱਲ੍ਹਾ ਦੀ ਦਨਾਈ ਦੇ ਮੁਕਾਬਲੇ ਵਿਚ ਬੇਵਕੂਫ਼ ਹੁੰਦੀ ਹੈ। ਇਸ ਤੁਰੀਆ ਅਵਸਥਾ ਬਾਰੇ ਤੁਕਾਂ ਹਨ:-

ਤ੍ਰੈ ਗੁਣ ਮਾਇਆ ਮੋਹੁ ਹੈ, ਗੁਰਮੁਖਿ ਚਉਥਾ ਪਦੁ ਪਾਇ॥
ਤੀਨਿ ਬਿਆਪਹਿ ਜਗਤ ਕਉ, ਤੁਰੀਆ ਪਾਵੈ ਕੋਇ॥

ਤੁਰੀਆ ਗੁਣੁ ਸਤਸੰਗਤਿ ਪਾਈਐ ਨਦਰੀ ਪਾਰਿ ਉਤਾਰੀ॥

ਸਹਸ ਸਿਆਣਪਾਂ ਲਖ ਹੋਹਿ ਤ ਇਕ ਨ ਚਲੈ ਨਾਲਿ॥

ਹੁਣ ਚੌਹਾਂ ਯੁੱਗਾਂ ਦਾ ਵੇਰਵਾ ਇੰਜ ਹੈ:-

੧. ਸੱਤਿ ਯੁਗ:- ਇਸ ਯੁਗ ਵਿਚ ਸਿਰਫ਼ ਧਰਮੀ, ਭਾਵ ਕਿ ਸ਼ਰਮਸਾਰ, ਸੱਚੇ, ਸੰਤੋਖੀਏ ਅਤੇ ਦਇਆਵਾਨ ਲੋਕ ਹੀ ਹੁੰਦੇ ਹਨ। ਇਸ ਯੁਗ ਵਿਚ ਕੋਈ ਵੀ ਆਦਮੀ ਅਧਰਮੀ ਨਹੀਂ ਹੁੰਦਾ ਅਤੇ ਇਸ ਤਰ੍ਹਾਂ ਜਾਪਦਾ ਹੁੰਦਾ ਹੈ ਕਿ ਹਰ ਇਕ ਦੇ ਦਿਲ ਵਿਚ ਰੱਬਾਈ ਦਾ ਰੱਬ, ਪਾਰਬ੍ਰਹਮ, ਅੱਲ੍ਹਾ, ਹੀ ਵਸਦਾ ਹੈ। ਇਸ ਯੁਗ ਵਿਚ ਸ਼ਿਵ ਜੀ ਦੇ ਧਰਮ ਦੇ ਧੌਲ਼ੇ ਬਲ੍ਹਦ ਦੀਆਂ ਉਪਰ ਦੱਸੀਆਂ ਚਾਰੇ ਲੱਤਾਂ ਕਾਇਮ ਹੁੰਦੀਆਂ ਹਨ ਅਤੇ ਧਰਮ ਦੀ ਪੂਰੀ ਚਮਤਕਾਰ ਹੁੰਦੀ ਹੈ। ਲੋਕਾਂ ਵਿਚ ਦੁਬਿਧਾ ਨਾ ਹੋਣ ਕਰਕੇ, ਸ਼ੈਤਾਨ ਦੀ ਮਾਇਆ, ਪੈਸੇ ਅਤੇ ਸੋਨੇ ਚਾਂਦੀ, ਦਾ ਨਾ ਕੋਈ ਵਿਹਾਰ ਅਤੇ ਨਾ ਹੀ ਕੋਈ ਇਸ ਦੀ ਕਦਰ ਕਰਦਾ ਹੈ। ਭਾਵ ਕਿ ਸਾਰੀ ਦੁਨੀਆ ਇੱਕ-ਮਿੱਕ ਹੁੰਦੀ ਹੈ ਅਤੇ ਵੰਡ ਵੰਡਾਈਏ ਦੀ ਜੜ੍ਹ ਮਾਇਆ ਨਾ ਹੋਣ ਕਰਕੇ ਲੋਕਾਂ ਵਿਚ ਕੋਈ ਵੀ ਨਫ਼ਰਤ ਨਹੀਂ ਹੁੰਦੀ ਹੈ। ਇਸ ਯੁਗ ਬਾਰੇ ਤੁਕਾਂ ਹਨ:-

ਸੱਤਿਜੁਗਿ ਸਚੁ ਕਹੈ ਸਭੁ ਕੋਇ॥
ਘਰਿ ਘਰਿ ਭਗਤਿ ਗੁਰਮੁਖਿ ਹੋਇ॥

ਸੱਤਿਜੁਗਿ ਧਰਮੁ ਪੈਰ ਹੈ ਚਾਰਿ॥

ਇਸ ਯੁਗ ਦੇ ਵਾਸੀਆਂ ਨੂੰ “ਵਾਸ ਦੇਵ” ਇਸ ਲਈ ਕਹਿੰਦੇ ਹਨ ਕਿ ਉਹ ਸਾਰੇ ਦੇਵਤੇ ਸਰੂਪ ਵਾਸੀ ਹੁੰਦੇ ਹਨ ਅਤੇ ਅਧਰਮੀ ਲੋਕ ਨਾ ਹੋਣ ਕਰਕੇ ਇਹ ਯੁਗ ਧਰਮ ਦੀ ਕਮਾਈ ਲਈ ਸਾਰਿਆਂ ਯੁੱਗਾਂ ਨਾਲੋਂ ਕਿਤੇ ਨਕੰਮਾਂ ਹੁੰਦਾ ਹੈ। ਏਥੇ ਤਾਈ ਕਿ ਜਿਹੜੀ ਕਮਾਈ ਕਲਜੁਗ ਵਿਚ ਇਕ ਦਿਨ ਵਿਚ ਹੋ ਸਕਦੀ ਹੈ ਉਹ ਸੱਤਿ ਯੁਗ ਵਿਚ ਕਮਾਉਣ ਲਈ ਕਈ ਸਾਲ ਲਗਦੇ ਹਨ। ਇਸ ਯੁਗ ਦੇ ਲੋਕ ਧਰਮੀ ਅਤੇ ਸੱਤਿ ਸੰਗੀ ਹੋਣ ਕਰਕੇ ਇਹਨਾਂ ਨੂੰ ਕਿਸੇ ਅਵਤਾਰ ਦੀ ਲੋੜ ਨਹੀਂ ਪੈਂਦੀ ਅਤੇ ਰਿਸ਼ੀ ਮੁਨੀ ਵੇਦ ਉਚਾਰਦੇ ਹਨ। ਜਾਤੀ ਦਾ ਕੋਈ ਵੀ ਅਭਿਮਾਨ ਨਹੀਂ ਕਰਦਾ। ਇਸ ਯੁਗ ਵਿਚ ਸੱਤਿ ਸੰਗੀ ਦਿਲੋਂ ਲਾ ਕੇ ਇਕ ਦੂਜੇ ਨਾਲ ਪਿਆਰ ਕਰਦੇ ਹਨ।

੨. ਤ੍ਰੇਤਾ ਯੁਗ:- ਜਦੋਂ ਆਮ ਲੋਕ ਬੇਰਹਿਮ ਹੋ ਜਾਂਦੇ ਹਨ ਅਤੇ ਲੋਕਾਂ ਵਿਚ ਦੁਬਿਧਾ ਆ ਜਾਂਦੀ ਹੈ ਤਾਂ ਇਹ ਯੁਗ ਸ਼ੁਰੂ ਹੁੰਦਾ ਹੈ। ਇਸ ਯੁਗ ਵਿਚ ਆਮ ਲੋਕ ਸ਼ਰਮਸਾਰ, ਸੱਚੇ ਅਤੇ ਸੰਤੋਖੀ ਹੁੰਦੇ ਹਨ ਪਰ ਰਹਿਮ ਦਿਲ ਨਹੀਂ। ਧਰਮ ਦੀ ਚਮਤਕਾਰ ਵੀ ਦੋ ਤਿਹਾਈ ਰਹਿ ਜਾਂਦੀ ਹੈ ਅਤੇ ਦੁਬਿਧਾ ਕਰਕੇ ਲੋਕ ਏਨੇ ਬੇਰਹਿਮ ਹੋ ਜਾਂਦੇ ਹਨ ਕਿ ਉਹ ਔਰਤਾਂ ਉੱਤੇ ਵੀ ਜ਼ੁਲਮ ਕਰਦੇ ਹਨ ਜਿਵੇਂ ਕਿ ਲਛਮਣ ਨੇ ਸਰੂਪਨੱਖਾ ਦਾ ਨੱਕ ਵੱਢ ਕੇ ਕੀਤਾ ਸੀ ਅਤੇ ਰਾਵਣ ਨੇ ਲੋਕ ਲੱਜ ਦੇ ਅਨੁਸਾਰ ਸੀਤਾ ਨੂੰ ਚੁੱਕ ਕੇ ਨਹਿਲੇ 'ਤੇ ਦਹਿਲਾ ਠੋਕਿਆ ਜਿਹੜਾ ਕਿ ਸੁਰਤੀ ਵਾਲੇ ਗਿਆਨੀ ਨਹੀਂ ਕਰਦੇ। ਪਰ ਇਹ ਸੁਰਤੀ ਦਾ ਸਮਾਂ ਨਹੀਂ ਸੀ। ਸਿਰਫ਼ ਕਲਜੁਗ ਹੀ ਸੁਰਤੀ ਵਾਲਾ ਸਮਾਂ ਹੁੰਦਾ ਹੈ ਅਤੇ ਇਸ ਵਿਚ ਆਪਣੀ ਹੀ ਸੁਰਤੀ, "ਹੋਲੀ ਸਪਿਰਿਟ", ਨਾਲ ਚੱਲੀਦਾ ਹੈ। ਸਤਿਗੁਰੂ ਨਾਨਕ ਦੇਵ ਜੀ ਦਾ ਨਾਂ ਵੀ "ਨਾ ਨੱਕ" ਤੋਂ ਪਿਆ ਹੈ।

ਇਸ ਯੁਗ ਵਿਚ ਲੋਕ ਆਪਣੀਆਂ ਔਰਤਾਂ ਉੱਤੇ ਜ਼ੁਲਮ ਕਰਨਾ ਇਸ ਲਈ ਸੌਖਾ ਸਮਝਦੇ ਸਨ ਕਿਉਂਕਿ ਉਹ ਉਹਨਾਂ ਦੇ ਅਧੀਨ ਹੁੰਦੀਆਂ ਸਨ। ਲੋਕ ਧਾਰਮਿਕ ਮਰਿਆਦਾ ਦੇ ਬੜੇ ਹੀ ਪੱਕੇ ਹੁੰਦੇ ਸਨ ਅਤੇ ਮਰਿਆਦਾ ਦੇ ਪੱਕਿਆਂ ਨੂੰ "ਦੇਵਤੇ ਅਤੇ ਦੇਵੀਆਂ" ਆਖੀਦਾ ਹੈ। ਸੁਰਤੀ ਬਿਨਾਂ ਮਰਿਆਦਾ 'ਤੇ ਚੱਲਣ ਨੂੰ ਪਖੰਡ ਆਖੀਦਾ ਹੈ ਜਿਵੇਂ ਕਿ ਅੱਜ-ਕੱਲ੍ਹ ਏਥੇ ਦੇ ਕਾਨੂੰਨ ਪਖੰਡ ਹਨ ਅਤੇ ਯਹੂਦੀ ਲੋਕ ਲਿਖੇ ਹੋਏ ਦਸਤੂਰਾਂ ਮੁਤਾਬਿਕ ਹੀ ਚਲਦੇ ਹਨ। ਏਥੇ ਤਾਈਂ ਕਿ ਜੇ ਪੂਜਾ ਵਾਲੇ ਦਿਨ, "ਸਾਬਥ", ਨੂੰ ਘਰ ਵਿਚ ਅੱਗ ਵੀ ਲਗ ਜਾਏ ਤਾਂ ਆਪਣੇ ਰੱਬਾਈ ਦੀ ਇਜਾਜ਼ਤ ਬਿਨਾਂ ਇਹ ਬੁਝਾਉਂਦੇ ਤਕ ਵੀ ਨਹੀਂ। ਇਸ ਯੁਗ ਵਿਚ ਰਾਜੇ ਮਰਿਆਦਾ ਦੇ ਅਨੁਸਾਰ ਇਨਸਾਫ ਕਰਦੇ ਸਨ ਅਤੇ ਰਾਜ ਪੰਡਿਤ ਫਿਰ ਸੁਰਤੀ ਅਨੁਸਾਰ ਰਾਜੇ ਦੇ ਫੈਸਲੇ ਉੱਤੇ ਆਪਣਾ ਆਖਰੀ ਫੈਸਲਾ ਸੁਣਾਉਂਦਾ ਹੁੰਦਾ ਸੀ ਜਿਸ ਨੂੰ ਰਾਜਾ ਵੀ ਕਬੂਲ ਕਰਦਾ ਸੀ। ਇਸ ਲਈ ਰਾਜਧਾਨੀ ਵਿਚ ਅਮਨ ਚੈਨ ਰਾਜ ਪੰਡਿਤ ਦੇ ਸਿਰ ਉੱਤੇ ਹੁੰਦਾ ਸੀ। ਭਾਵ ਕਿ "ਸੁਰਤੀ" ਦਾ ਅਧਿਕਾਰ ਸਿਰਫ ਪਿੰਡਤ ਜਾ ਰੱਬਾਈ ਨੂੰ ਹੀ ਹੁੰਦਾ ਸੀ। ਇਸੇ ਲਈ ਸਤਿਗੁਰੂ ਈਸਾ ਜੀ ਨੇ ਰੱਬਾਈ ਨੂੰ ਇਕ ਹੁਕਮਰਾਨ ਕਿਹਾ ਅਤੇ ਦੱਸਿਆ ਕਿ ਬਹਿਸ਼ਤ ਦੀ ਕੁੰਜੀ ਇਨ੍ਹਾਂ ਰੱਬਾਈਆਂ ਨੂੰ ਦਿੱਤੀ ਹੋਈ ਸੀ ਪਰ ਇਹ ਕਲਜੁਗ ਵਿਚ ਲਾਲਚੀ ਹੋਣ ਕਾਰਨ ਨਾ ਆਪ ਬਹਿਸ਼ਤ ਵਿਚ ਵੜਦੇ ਹਨ ਅਤੇ ਨਾ ਕਿਸੇ ਹੋਰ ਨੂੰ ਹੀ ਵੜਨ ਦਿੰਦੇ ਹਨ। ਇਸ "ਬਹਿਸ਼ਤ ਦੀ ਚਾਬੀ" ਉਹਨਾਂ ਨੇ ਸੇਂਟ ਪੀਟਰ ਨੂੰ ਇਸ

ਕਰਕੇ ਦਿੱਤੀ ਸੀ ਕਿ ਉਹ ਸਾਰਿਆਂ ਕਾਮਿਆਂ (ਚੇਲਿਆਂ) ਵਿਚੋਂ ਇਕੋ ਹੀ ਬੱਚਿਆਂ ਵਾਂਗ ਦਿਲ ਦਾ ਸਾਫ ਪਰ ਬੇਸੁਰਤ "ਇਕੀਜਾ" ਚੇਲਾ ਹੁੰਦਾ ਸੀ। ਇਸ ਬਾਰੇ ਫਿਰ ਜ਼ਿਕਰ ਹੋਵੇਗਾ।

ਇਸ ਯੁਗ ਵਿਚ ਮੂਰਤੀ ਪੂਜਾ ਨਹੀਂ ਹੁੰਦੀ ਸੀ ਕਿਉਂਕਿ ਆਮ ਲੋਕ ਸਿਆਣੇ ਸਨ ਅਤੇ ਦਇਆ ਦੇ ਸਬਕਾਂ ਲਈ ਭਾਈਚਾਰਕ ਮਰਿਆਦਾ ਪੁਰਸ਼ੋਤਮ ਅਵਤਾਰ ਸ੍ਰੀ ਰਾਮ ਚੰਦਰ ਜੀ ਆਏ ਸਨ। ਮਰਿਆਦਾ ਦੀ ਕਦਰ ਸਿਰਫ਼ ਸਿਆਣਿਆਂ ਵਿਚ ਹੀ ਹੁੰਦੀ ਹੈ, ਮੂਰਖਾਂ (ਦੁਆਪਰ ਜੁਗ) ਜਾਂ ਬੇਈਮਾਨਾਂ (ਕਲਜੁਗ) ਵਿਚ ਨਹੀਂ।

ਸ੍ਰੀ ਰਾਮ ਚੰਦਰ ਜੀ ਦਾ ਨਾਮ ਰਾਮ ਚੰਦਰ ਜੀ ਇਸ ਕਰਕੇ ਸੀ ਕਿ ਉਹ ਰਾਮ ਦੇ ਚੰਦ ਸਨ। ਰਾਮ ਉਹ ਹੈ ਜਿਹੜਾ ਕਿ ਹਰ ਇਕ ਦੇ ਦਿਲ ਵਿਚ ਰਮ ਰਿਹਾ ਹੈ ਅਤੇ ਆਦਮੀ ਦੇ ਮਰਨ ਉੱਤੇ ਕਹੀਦਾ ਹੈ, "ਰਾਮ ਨਾਮ ਸੱਤਿ" ਹੈ। ਭਾਵ ਕਿ ਜਿਸਮ ਦੀ ਮਰਿਆਦਾ, ਜਿਸ ਲਈ ਸ੍ਰੀ ਰਾਮ ਚੰਦਰ ਜੀ ਆਏ ਸਨ, ਉਹ ਰਾਮ (ਸੂਰਜ) ਦੇ ਨਾਮ ਦਾ ਲਿਸ਼ਕਾਰਾ (ਚੰਦਰ), ਅਕਸ ਹੈ, ਜਾਂ ਇੰਜ ਸਮਝੋ ਕਿ ਜਿਸਮ ਦੀ ਮਰਿਆਦਾ, ਰਮਾਇਣ, ਦੀ ਜੜ੍ਹ ਨਾਮੁ ਹੈ।

ਵੇਦਾਂ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ॥
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ॥

ਇਸ ਲਈ ਸ੍ਰੀ ਰਾਮ ਚੰਦਰ ਜੀ ਨੂੰ ਦੁਨਿਆਵੀ ਵਿਸ਼ਨੂੰ ਦਾ ਅਵਤਾਰ ਵੀ ਕਿਹਾ ਜਾ ਸਕਦਾ ਹੈ। ਇਸ ਬਾਰੇ ਅੱਗੇ ਦੱਸਿਆ ਜਾਵੇਗਾ। ਮਿਡਲ ਈਸਟ ਜਾਂ ਅਰਬ ਵਿਚ ਮੂਸਾ ਜੀ ਆਏ ਸਨ ਅਤੇ ਉਹਨਾਂ ਨੇ ਵੀ ਸ੍ਰੀ ਰਾਮ ਚੰਦਰ ਜੀ ਵਾਲਾ ਹੀ ਸੰਦੇਸ਼ ਦਿੱਤਾ ਸੀ। ਜਿਸਮਾਨੀ ਨਿਯਮਾਂ ਦੇ ਅਨੁਸਾਰ ਅਤੇ ਲੋਕ ਲੱਜਿਆ ਨੂੰ ਮੁੱਖ ਰੱਖਦਿਆਂ ਹੋਇਆਂ ਇੱਟ ਦਾ ਜੁਆਬ ਪੱਥਰ ਨਾਲ ਹੀ ਦੇਈਦਾ ਹੈ। ਇਸ ਯੁਗ ਬਾਰੇ ਤੁਕਾਂ ਹਨ:-

ਤ੍ਰੇਤੇ ਧਰਮ ਕਲਾ ਇਕ ਚੂਕੀ॥
ਤੀਨਿ ਚਰਣ ਇਕ ਦੁਬਿਧਾ ਸੂਕੀ॥

ਤ੍ਰੇਤੇ ਇਕ ਕਲ ਕੀਨੀ ਦੂਰਿ॥
ਪਾਖੰਡੁ ਵਰਤਿਆ ਹਰਿ ਜਾਣਨਿ ਦੂਰਿ॥

ਹਰਿ ਸੁਰਤੀ ਬਿਨਾਂ ਨਾ ਜਾਣਨ ਕਰਕੇ ਲੋਕ ਬੇਰਹਿਮ ਅਤੇ ਲਕੀਰ ਦੇ ਫਕੀਰ ਹੁੰਦੇ ਸਨ ਅਤੇ ਜੋ ਲਿਖਿਆ ਹੁੰਦਾ ਸੀ ਉਹੋ ਹੀ ਕਰਦੇ ਸਨ ਜਿਵੇਂ ਕਿ ਅੱਜ-ਕੱਲ੍ਹ ਦੇ ਯਹੂਦੀਆਂ ਵਿਚ ਆਮ ਹੈ। ਇਸ ਲਈ ਮੂਸਾ ਜੀ ਨੇ ਤ੍ਰੇਤੇ ਵਿਚ ਆਦਮੀਆਂ ਨੂੰ ਔਰਤ ਨੂੰ ਤਲਾਕ ਦੇਣ ਦੀ ਖੁਲ੍ਹ ਦਿੱਤੀ ਸੀ - ਮੱਤੀਂ 19:7-8, ਉਨ੍ਹਾਂ (ਫਾਰਸੀਆਂ) ਨੇ ਉਸ (ਈਸਾ ਜੀ) ਨੂੰ ਆਖਿਆ, “ਫੇਰ ਮੂਸਾ ਨੇ ਆਦਮੀ ਨੂੰ ਤਿਆਗ ਪੱਤਰ ਰਾਹੀਂ ਤਲਾਕ ਦੇਣ ਦੀ ਆਗਿਆ ਕਿਉਂ ਦਿੱਤੀ ਹੈ।” ਯਿਸੂ ਨੇ ਉੱਤਰ ਦਿੱਤਾ, “ਉਸ ਨੇ ਤੁਹਾਨੂੰ ਤੁਹਾਡੀ ਸਖ਼ਤ ਦਿਲੀ (ਬੇਰਹਿਮੀ) ਦੇ ਕਾਰਣ ਆਪਣੀਆਂ ਪਤਨੀਆਂ ਨੂੰ ਤਲਾਕ ਦੇਣ ਦੀ ਆਗਿਆ ਦਿੱਤੀ। ਪਰ ਮੁੱਢੋਂ (ਸੱਤਿ ਯੁਗ ਵਿਚ) ਇਹ ਇਸ ਤਰ੍ਹਾਂ ਦੀ ਰੀਤ ਨਹੀਂ ਸੀ।”

ਦਇਆ ਦੇ ਅੰਗ ਨੂੰ ਕਾਇਮ ਰੱਖਣ ਲਈ ਲੋਕ ਯੱਗ ਕਰਦੇ ਸਨ। ਇਸ ਯੁਗ ਦੇ ਮੁੱਖੀ ਕਰਤਾ ਧਰਤਾ ਲੋਕ “ਖੱਤਰੀ ਕੌਮ” ਦੇ ਸਨ ਅਤੇ ਇਸ ਲਈ ਸ਼੍ਰੀ ਰਾਮ ਚੰਦਰ ਜੀ ਨੇ ਵੀ ਇਨ੍ਹਾਂ ਖੱਤਰੀਆਂ ਦੇ ਹੀ ਘਰ, ਰਾਜਾ ਦਸ਼ਰਥ ਦੇ, ਜਨਮ ਲਿਆ। ਇਸ ਯੁਗ ਦੇ ਲੋਕ ਬਹੁਤ ਸਮਝਦਾਰ ਹੁੰਦੇ ਸਨ ਅਤੇ ਖੱਤਰੀ ਕੌਮ ਦੇ ਲੋਕ ਸਾਰਿਆਂ ਲੋਕਾਂ ਨਾਲੋਂ ਕਿਤੇ ਉੱਚੇ ਦਰਜੇ ਦੇ ਸਿਆਣੇ ਸਨ ਅਤੇ ਇਹ ਕਹਾਵਤ ਮਸ਼ਹੂਰ ਹੁੰਦੀ ਸੀ ਕਿ “ਪੁੱਤ ਜੰਮਣ ਖਤਰਾਣੀਆਂ ਕੋਈ ਕੋਈ ਬਾਹਮਣੀਆਂ”। ਇਸ ਯੁਗ ਦੇ ਖੱਤਰੀ ਸਿਆਣੇ ਹੋਣ ਕਰਕੇ ਇਹਨਾਂ ਨੂੰ ਮੂਰਖ ਪਾਂਡਵਾਂ ਵਾਂਗ ਰਾਜਸੀ ਸਿੱਖਿਆ ਦੀ ਕੋਈ ਲੋੜ ਨਹੀਂ ਸੀ ਪਰ ਭਾਈਚਾਰਕ ਮਰਿਆਦਾ ਦੀ ਲੋੜ ਸੀ। ਕਿਉਂਕਿ ਰਾਜਸੀ ਕੰਮ ਸਿਆਣਿਆਂ ਦੇ ਕਰਨ ਯੋਗ ਹੁੰਦੇ ਹਨ ਇਸ ਲਈ ਰਾਜਸੀ ਵਰਨ ਦਾ ਨਾਉਂ ਵੀ “ਖ਼ਸ਼ੱਤਰੀ ਵਰਨ” ਹੀ ਪੈ ਗਿਆ। ਜਾਂ ਇੰਜ ਸਮਝੋ ਕਿ ਖ਼ਸ਼ੱਤਰੀ ਵਰਨ ਖੱਤਰੀ ਕੌਮ ਦੇ ਲੋਕਾਂ ਦੀ ਦਨਾਈ ਦਾ ਸਬੂਤ ਜਾਂ ਜ਼ਾਮਨ ਹੈ।

ਲੰਕਾ ਦੇਸ਼ ਦਾ ਰਾਵਣ ਇਕ ਮਹਾਨ ਪੰਡਿਤ ਅਤੇ ਪੂਰਾ ਕਾਮਲ ਦੇਵਤਾ ਸੀ ਜਿਸ ਦੇ ਧਰਮ ਦੇ ਦਸੇ ਹੀ ਅੰਗ ਪੂਰੇ (ਹਰੇ) ਸਨ ਪਰ ਉਸ ਨੂੰ ਸਮੇਂ ਦੀ ਲੋਕ ਲੱਜ ਦੇ ਅਨੁਸਾਰ ਸੀਤਾ ਜੀ ਨੂੰ ਚੁੱਕਣਾ ਹੀ ਪਿਆ ਸੀ ਅਤੇ ਸੁਰਤੀ ਦਾ ਸਮਾਂ ਨਾ ਹੋਣ ਕਰਕੇ

ਉਹ ਇਸ ਕੰਮ ਲਈ ਮਜਬੂਰ ਸੀ ਭਾਵੇਂ ਉਹਨੂੰ ਵਿਸ਼ਨੂੰ ਦੇ ਅਵਤਾਰ ਸ੍ਰੀ ਰਾਮ ਚੰਦਰ ਜੀ ਦੀ ਵੀ ਪਛਾਣ ਸੀ। ਯਾਦ ਰੱਖੋ ਕਿ ਸ੍ਰੀ ਰਾਮ ਚੰਦਰ ਜੀ ਨੂੰ ਵੀ ਧੋਬੀ ਦੇ ਮਿਹਣੇ ਵਜੋਂ ਲੋਕ ਲੱਜ ਨੂੰ ਮੁੱਖ ਰੱਖਦਿਆਂ ਹੋਇਆਂ ਸੀਤਾ ਜੀ ਨੂੰ ਘਰੋਂ ਬਾਹਰ ਕੱਢਣਾ ਪਿਆ ਸੀ। ਕਿਉਂਕਿ ਦੁਨਿਆਵੀ ਮਰਿਆਦਾ ਦਾ ਪਾਲਣ ਬੇਸਮਝ ਬੱਚਿਆਂ ਅਤੇ ਲੋਕਾਂ ਨੇ ਵੀ ਕਰਨਾ ਹੈ ਇਸ ਲਈ ਇਸ ਦੀ ਪਾਲਣਾ ਵਿਚ ਅਵਤਾਰ ਵੀ ਉਲੰਘਣਾ ਨਹੀਂ ਕਰ ਸਕਦੇ ਸਨ ਤਾਂ ਕਿ ਕਿਤੇ ਲੋਕ ਵੀ ਉਲੰਘਣਾ ਨਾ ਕਰਨ ਲਗ ਪੈਣ ਕਿ ਸ੍ਰੀ ਰਾਮ ਚੰਦਰ ਜੀ ਨੇ ਕੀਤੀ ਸੀ। ਯਾਦ ਰੱਖੋ ਕਿ ਦੁਨਿਆਵੀ ਆਦਮੀ ਚੋਥੇ ਪਦ ਦੇ ਰਿਸ਼ੀ ਮੁਨੀਆਂ ਦੇ ਕਹਿਣੇ ਵਿਚ ਹੋਣ ਕਰਕੇ ਸ੍ਰੀ ਰਾਮ ਚੰਦਰ ਜੀ ਵੀ ਇਹਨਾਂ ਰਿਸ਼ੀ ਮੁਨੀਆਂ ਦੇ ਆਖੇ ਵਿਚ ਸਨ ਅਤੇ ਜੋ ਉਹ ਕਹਿੰਦੇ ਸਨ ਉਹ ਕਰਦੇ ਸਨ। ਇਸ ਉਲੰਘਣਾ ਦੀ ਮਿਸਾਲ ਯਹੂਦੀਆਂ ਦੇ ਕਿੰਗ ਡੇਵਿਡ ਦੀ ਹੈ ਜਿਸ ਨੇ ਇਕ ਫੌਜੀ ਅਫਸਰ ਦੀ ਤੀਵੀਂ ਨਾਲ ਕਾਮ ਕੀਤਾ ਸੀ ਅਤੇ ਅੱਜ-ਕੱਲ੍ਹ ਇਹ ਲੋਕ ਦੂਸਰੀ ਔਰਤ ਨਾਲ ਕਾਮ ਬੜੇ ਫਖਰ ਨਾਲ ਕਰਦੇ ਹਨ।

ਕਹਿੰਦੇ ਹਨ ਕਿ ਇਹਨਾਂ ਖੱਤਰੀ ਕੌਮ ਦੇ ਲੋਕਾਂ ਵਿਚੋਂ ਇਕ ਨੇ ਇਕ ਘੁਮਿਆਰਨ ਨਾਲ ਸ਼ਾਦੀ ਕਰ ਲਈ ਅਤੇ ਇਸ ਕਾਰਨ ਖੱਤਰੀਆਂ ਨੇ ਉਹਨੂੰ ਆਪਣੀ ਬਰਾਦਰੀ ਵਿਚੋਂ ਬਾਹਰ ਕੱਢ ਦਿੱਤਾ ਅਤੇ ਉਹਨੂੰ ਇਕ "ਰੁੜ੍ਹਿਆ ਹੋਇਆ" ਕਰਾਰ ਦਿੱਤਾ। ਇਸ ਮਰਿਆਦਾ ਦੇ ਭੰਗ ਕਰਨ ਵਾਲੇ ਖੱਤਰੀ ਨੂੰ ਉਹਨਾਂ ਨੇ "ਅਰੋੜਾ" ਦੱਸਿਆ ਅਤੇ ਅੱਜ ਤਕ ਵੀ ਅਰੋੜਿਆਂ ਨੂੰ ਖੱਤਰੀ ਘਟੀਆ ਸਮਝਦੇ ਹਨ ਪਰ ਕਲਜੁਗ ਵਿਚ ਅਰੋੜਿਆਂ ਨੇ ਖੱਤਰੀਆਂ ਨਾਲੋਂ ਧਰਮ ਦੀ ਕਮਾਈ ਜਿਆਦਾ ਕੀਤੀ ਹੈ। ਹੁਣ ਜਦੋਂ ਆਮ ਲੋਕਾਂ ਵਿਚੋਂ ਸੰਤੋਖ ਵੀ ਜਾਂਦਾ ਰਿਹਾ ਤਾਂ ਦੁਆਪਰ ਯੁਗ ਸ਼ੁਰੂ ਹੋਇਆ।

੩. ਦੁਆਪਰ ਯੁਗ:- ਇਸ ਯੁਗ ਦੇ ਲੋਕ ਆਮ ਤੌਰ ਤੇ ਸ਼ਰਮਸਾਰ ਅਤੇ ਸੱਚੇ ਹੁੰਦੇ ਸਨ ਪਰ ਨਾ ਸੰਤੋਖੀ ਅਤੇ ਨਾ ਹੀ ਰਹਿਮ ਦਿਲ। ਇਸ ਕਰਕੇ ਇਸ ਯੁਗ ਵਿਚ ਧਰਮ ਦੀ ਇਕ ਤਿਹਾਈ ਰੋਸ਼ਨੀ ਰਹਿ ਜਾਂਦੀ ਹੈ। ਇਸ ਯੁਗ ਬਾਰੇ ਤੁਕਾਂ ਹਨ:-

ਦੁਆਪੁਰਿ ਧਰਮਿ ਦੁਇ ਪੈਰ ਰੱਖਾਏ॥

ਦੁਆਪੁਰਿ ਦੂਜੈ ਦੁਬਿਧਾ ਹੋਇ॥

ਭਰਮਿ ਭੁਲਾਨੇ ਜਾਣਹਿ ਦੋਇ॥

ਦਇਆ ਦੁਆਪੁਰਿ ਅਧੀ ਹੋਈ॥
ਗੁਰਮੁਖਿ ਵਿਰਲਾ ਚੀਨੈ ਕੋਈ॥

ਹੁਣ ਸੱਚ ਤਾਂ ਮੂਰਖ ਵੀ ਬੋਲ ਸਕਦਾ ਹੈ ਪਰ ਸੰਤੋਖੀ ਹੋਣ ਲਈ ਉਸ ਨੂੰ "ਨਾਮ" ਦੇ ਸਮਝਣ ਦੀ ਗੁਰਮੁਖ ਵਾਲੀ ਸੁਰਤੀ ਹੋਣੀ ਜ਼ਰੂਰੀ ਹੈ। ਇਸ ਲਈ ਇਸ ਯੁਗ ਦੇ ਮੁਖੀ "ਯਾਦਵ ਕੌਮ" ਦੇ ਲੋਕਾਂ ਵਿਚ ਨਾਮ ਦੇ ਸਮਝਣ ਦੀ ਸੁਰਤੀ ਨਾ ਹੋਣ ਕਰਕੇ ਉਹ ਮੂਰਖ ਸਨ। ਭਾਵ ਇਹ ਕਿ ਦੁਆਪਰ ਯੁਗ "ਮੂਰਖਾਂ ਦਾ ਯੁਗ" ਸੀ ਜਿਵੇਂ ਕਿ ਤ੍ਰੇਤਾ ਯੁਗ ਦੇਵਤਿਆਂ ਦਾ ਯੁਗ ਸੀ। ਇਹਨਾਂ ਦੋਨਾਂ ਯੁੱਗਾਂ ਵਿਚ ਬੇਈਮਾਨ ਲੋਕ ਨਹੀਂ ਹੁੰਦੇ ਸਨ ਕਿਉਂਕਿ ਸਿਆਣੇ ਪੰਡਿਤ ਆਪ ਹੀ ਨਾ ਬੇਈਮਾਨ ਹੁੰਦੇ ਸਨ ਅਤੇ ਨਾ ਕਿਸੇ ਨੂੰ ਹੋਣ ਹੀ ਦਿੰਦੇ ਸਨ।

ਲੋਕਾਂ ਦਾ ਮੂਰਖ ਹੋਣ ਕਰਕੇ ਉਹਨਾਂ ਦਾ ਪੰਡਿਤ ਦੇ ਆਗਿਆਕਾਰ ਹੋਣਾ ਜ਼ਰੂਰੀ ਸੀ। ਇਸ ਯੁਗ ਵਿਚ ਹੀ ਮੂਰਤੀ ਪੂਜਾ ਸ਼ੁਰੂ ਹੁੰਦੀ ਹੈ ਕਿਉਂਕਿ ਮੂਰਖਾਂ ਨੂੰ ਬੱਚਿਆਂ ਵਾਂਗ ਦੇਖੇ ਬਿਨਾਂ ਯਕੀਨ ਨਹੀਂ ਆਉਂਦਾ ਅਤੇ ਅਸਥੂਲ ਰੂਪ ਦੇ ਜਿਸਮਾਨੀ ਲੋਕ ਸਿਰਫ਼ ਅਸਥੂਲ ਰੂਪੀ ਵਸਤੂਆਂ ਨਾਲ ਹੀ ਸਮਝ ਸਕਦੇ ਹਨ ਜਿਵੇਂ ਕਿ ਨਿਆਣਿਆਂ ਨੂੰ ਸਮਝਾਈਦਾ ਹੈ। ਲੋਕ ਭਰਮੀ ਅਤੇ ਵਹਿਮੀ ਹੋਣ ਕਰਕੇ ਪੰਡਿਤ ਉਹਨਾਂ ਨੂੰ ਤਵੀਤ ਆਦਿ ਦਿੰਦਾ ਸੀ।

ਬੇਸੰਤੋਖ ਦੀ ਮਿਸਾਲ ਕੌਰਵਾਂ ਦਾ ਪਾਂਡਵਾਂ ਨੂੰ ਰਹਿਣ ਲਈ ਪੰਜ ਪਿੰਡ ਦੇਣ ਤੋਂ ਇਨਕਾਰ ਦੀ ਸੀ ਹਾਲਾਂ ਕਿ ਕੌਰਵ ਪਾਂਡਵਾਂ ਦੇ ਹੀ ਪਿਓ ਨੇ ਪਾਲੇ ਪੋਸੇ ਸਨ। ਇਹਨਾਂ ਮੂਰਖ ਯਾਦਵਾਂ ਨੇ ਮੂਰਖਾਂ ਵਾਲੇ ਹੀ ਕੰਮ ਕੀਤੇ। ਭਾਵ ਕਿ ਮੂਰਖਾਂ ਨੂੰ ਜ਼ੋਰ ਅਜ਼ਮਾਈ ਅਤੇ ਜੂਏ ਬਾਜ਼ੀ ਦਾ ਬੜਾ ਸ਼ੌਕ ਹੁੰਦਾ ਹੈ ਅਤੇ ਏਸੇ ਹੀ ਜੂਏ ਦੀ ਬਾਜ਼ੀ ਵਿਚ ਪਾਂਡਵਾਂ ਨੇ ਆਪਣੀ ਸਾਰੀ ਜ਼ਮੀਨ ਅਤੇ ਸਾਂਝੀ ਤੀਵੀਂ ਦਰੋਪਤੀ ਵੀ ਹਾਰ ਦਿੱਤੀ ਸੀ ਜਿਸ ਦੀ ਮੂਰਖ ਕੌਰਵਾਂ ਨੇ ਸ਼ੱਰੇ ਆਮ ਬੇਇੱਜ਼ਤੀ ਕਰਨੀ ਚਾਹੀ ਪਰ ਯੁਗ ਦੇ ਅਵਤਾਰ ਸ਼੍ਰੀ ਕ੍ਰਿਸ਼ਨ ਬਲਦੇਵ ਜੀ ਨੇ ਉਹਨਾਂ ਧਰਮੀ ਮੂਰਖ ਪਾਂਡਵਾਂ ਦੀ ਪਤ ਹੱਥ ਰੱਖ ਕੇ ਬਚਾ ਲਈ ਸੀ। ਯਾਦ ਰੱਖੋ ਕਿ ਸੱਚੇ ਪਾਤਸ਼ਾਹਾਂ ਨੇ ਵੀ ਕਲਜੁਗ ਵਿਚ ਧਰਮੀ ਲੋਕਾਂ ਦੀ ਹੀ

ਪਤ ਰੱਖੀ ਹੈ। ਕ੍ਰਿਸ਼ਨ ਬਲਦੇਵ ਜੀ ਦੇ ਪੈਦਾ ਹੋਣ ਦੀ ਕਹਾਣੀ ਵੀ ਇਹਨਾਂ ਮੂਰਖਾਂ ਦੀ ਮੂਰਖਤਾਈ ਦਾ ਇਕ ਵੱਡਾ ਸਬੂਤ ਹੈ।

ਦੁਆਪਰ ਯੁਗ ਦੇ ਅਵਤਾਰ ਸ਼੍ਰੀ ਕ੍ਰਿਸ਼ਨ ਬਲਦੇਵ ਜੀ ਸ਼ਿਵ ਜੀ ਦੇ ਦੁਨਿਆਵੀ ਰੂਪ ਸਨ। ਕ੍ਰਿਸ਼ਨ ਤੋਂ ਭਾਵ ਹੈ ਗਿਆਨ ਦੀ ਕਿਰਨ ਅਤੇ ਬਲਦੇਵ ਤੋਂ ਸ਼ਕਤੀ ਦਾ ਦੇਵਤਾ। ਯਾਦ ਰੱਖੋ ਕਿ ਸ਼ਿਵ ਜੀ ਨੂੰ ਮਹਾਂ ਦੇਵ ਵੀ ਕਹਿੰਦੇ ਹਨ ਅਤੇ ਇਹ ਸਿਆਸੀ ਮੁੱਖੀ ਵੀ ਜਾਣਿਆ ਜਾਂਦਾ ਹੈ। ਜਿਵੇਂ ਸ਼੍ਰੀ ਕ੍ਰਿਸ਼ਨ ਬਲਦੇਵ ਜੀ ਸ਼ਿਵ ਜੀ ਦਾ ਦੁਨਿਆਵੀ ਰੂਪ ਸਨ ਅਤੇ ਇਹਨਾਂ ਨੂੰ “ਗੋਬਿੰਦਾ” ਵੀ ਆਖਦੇ ਸਨ ਉਵੇਂ ਹੀ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਸ਼ਿਵ ਜੀ ਦੇ ਰੂਹਾਨੀ ਰੂਪ ਅਤੇ ਰੂਹਾਨੀ ਪਾਤਸ਼ਾਹ ਸਨ ਅਤੇ ਉਹਨਾਂ ਦੇ ਖ਼ਾਲਸੇ ਰੂਹਾਨੀ ਪਰਉਪਕਾਰੀ ਰਾਜ ਕਰਦੇ ਹਨ ਨਾ ਕਿ ਮਨਮੁਖ ਬੰਦਾ ਬਹਾਦਰ ਵਾਂਗ ਦੁਨਿਆਵੀ ਰਾਜ ਪਿੱਛੇ ਪੈ ਜਾਂਦੇ ਹਨ। ਇਸ ਬਾਰੇ ਅੱਗੇ ਜਾ ਕੇ ਦੱਸਿਆ ਜਾਵੇਗਾ ਅਤੇ ਤੁਹਾਨੂੰ ਸਮਝ ਵੀ ਪਵੇਗੀ।

ਸ਼ਿਵ ਜੀ ਸਿਆਸੀ ਮੁੱਖੀ ਹੋਣ ਕਰਕੇ ਸ਼੍ਰੀ ਕ੍ਰਿਸ਼ਨ ਬਲਦੇਵ ਜੀ ਨੇ ਸਿਆਸੀ ਇਨਸਾਫ ਲਈ ਸ਼ਰੀਫ਼ ਅਰਜਨ ਦਾ ਸਾਥ ਦਿੱਤਾ। ਕਿਉਂਕਿ ਮੂਰਖ ਸਿਰਫ਼ ਭਾਈਚਾਰਕ ਸਬੰਧੀ ਸਬਕ ਹੀ ਪੰਡਿਤ ਤੋਂ ਜਾਣਦੇ ਹਨ ਅਤੇ ਤ੍ਰੇਤੇ ਦੇ ਸਿਆਣੇ ਖੱਤਰੀਆਂ ਵਾਂਗ ਰਾਜਸੀ ਝਗੜੇ ਆਪ ਨਹੀਂ ਸੁਲਝਾ ਸਕਦੇ ਸਨ ਇਸ ਲਈ ਸ਼੍ਰੀ ਕ੍ਰਿਸ਼ਨ ਬਲਦੇਵ ਜੀ ਨੇ ਅਰਜਨ ਨੂੰ ਰਾਜਸੀ ਨੀਤੀ ਦੇ ਸਬਕ ਦਿੱਤੇ ਅਤੇ ਆਪਣਾ ਅਸਲੀ ਮਹਾਂ ਦੇਵ ਦਾ ਰੂਪ ਅਮਲੀ ਤੌਰ ’ਤੇ ਵੀ ਦਿਖਾਇਆ ਜਿਸ ਨੂੰ ਦੇਖ ਕੇ ਅਰਜਨ ਨੂੰ ਉਹਨਾਂ ’ਤੇ ਭਰੋਸਾ ਹੋ ਗਿਆ ਸੀ। ਅਰਜਨ ਨੂੰ ਆਪਣੇ ਸਰੀਰਕ ਭਾਈਚਾਰਕਾਂ ਨਾਲ ਲੜਨ ਤੋਂ ਝਿਜਕ ਸੀ ਕਿ ਉਹ ਕਿਤੇ ਕੌਮ ਘਾਤਕ ਨਾ ਬਣ ਜਾਏ ਜਿਸ ਦਾ ਪਾਪ ਸੱਤ ਪੁਸ਼ਤਾਂ ਨਹੀਂ ਉੱਤਰਦਾ। ਪਰ ਜਦੋਂ ਕ੍ਰਿਸ਼ਨ ਬਲਦੇਵ ਜੀ ਨੇ ਕਿਹਾ ਕਿ ਆਪਣਾ ਹੱਕ ਲੈਣਾ ਇਨਸਾਨ ਦਾ ਧਰਮ ਹੈ ਅਤੇ ਧਰਮ ਰਾਮ ਦਾ ਹੋਣ ਕਰਕੇ ਇਹ ਲੜਾਈ ਧਰਮ ਦੀ ਹੈ ਜਿਹੜਾ ਕਿ ਭਾਈਚਾਰਕ ਸੰਬੰਧਾਂ ਤੋਂ ਕਿਤੇ ਉੱਚਾ ਅਤੇ ਸੁੱਚਾ ਹੁੰਦਾ ਹੈ। ਅੱਜ-ਕੱਲ੍ਹ ਕਈ ਲੋਕ ਇਨਸਾਫ ਕਰਦੇ ਹੋਇਆਂ ਆਪਣੇ ਰਿਸ਼ਤੇਦਾਰਾਂ ਦੀ ਪੱਖ ਕਰ ਜਾਂਦੇ ਹਨ। ਉਹ ਵਿਤਕਰਾ ਕਰਨ ਵਾਲੇ ਲੋਕ ਰਾਮ ਤੋਂ ਵੀ ਬੇਮੁਖ “ਹਰਾਮੀ” ਹੁੰਦੇ ਹਨ।

ਇਸ ਲਈ ਸ਼੍ਰੀ ਕ੍ਰਿਸ਼ਨ ਬਲਦੇਵ ਜੀ ਦੁਆਪਰ ਯੁਗ ਦੇ "ਨੀਤੀ ਪੁਰਸ਼ੋਤਮ ਸ਼ਿਵ ਜੀ" ਦੇ ਦੁਨਿਆਵੀ ਅਵਤਾਰ ਸਨ ਅਤੇ ਉਹਨਾਂ ਨੇ ਯੁਗ ਦੇ ਮੁੱਖੀ ਮੂਰਖ ਯਾਦਵ ਕੌਮ ਦੇ ਲੋਕਾਂ ਦੇ ਘਰ ਹੀ ਜਨਮ ਲਿਆ ਸੀ। ਮੂਰਖ ਯਾਦਵ ਪੰਡਿਤਾਂ ਤੋਂ ਸਿਆਣਿਆਂ ਵਾਲਾ ਸਿਆਸੀ ਗਿਆਨ ਸਮਝ ਨਹੀਂ ਸਕਦੇ ਸਨ। ਇਸ ਲਈ ਸ਼੍ਰੀ ਕ੍ਰਿਸ਼ਨ ਬਲਦੇਵ ਜੀ ਨੇ ਇਹਨਾਂ ਮੂਰਖਾਂ ਨੂੰ ਸਿਆਸੀ ਗਿਆਨ ਦੇ ਸਬਕ ਅਮਲੀ ਤੌਰ ਤੇ ਦਿੱਤੇ ਅਤੇ ਇਸ ਭਗਵਾਨ ਦੇ ਗਿਆਨ ਨੂੰ "ਭਗਵਦ-ਗੀਤਾ" ਕਹਿੰਦੇ ਹਨ।

ਪਾਂਡਵਾਂ ਦੀ ਜਿੱਤ ਹੋਣ 'ਤੇ ਸ਼੍ਰੀ ਕ੍ਰਿਸ਼ਨ ਬਲਦੇਵ ਜੀ ਨੇ ਪਾਂਡਵਾਂ ਨੂੰ ਰਾਜ ਗੱਦੀ 'ਤੇ ਬੈਠਣ ਲਈ ਕਿਹਾ ਅਤੇ ਇਹ ਵੀ ਦੱਸਿਆ ਕਿ ੩੫ ਕੁ ਸਾਲਾਂ ਬਾਅਦ ਕਲਜੁਗ ਅਰੰਭ ਹੋਵੇਗਾ ਜਿਸ ਵਿਚ ਆਮ ਲੋਕ ਸਿਰਫ਼ ਸ਼ਰਮਸਾਰ ਹੀ ਹੋਣਗੇ ਅਤੇ ਸੱਚ ਧਰਮ ਦੀ ਆਖਰੀ ਲਿਆਕਤ ਵੀ ਲੋਕਾਂ ਵਿਚੋਂ ਜਾਂਦੀ ਰਹੇਗੀ। ਸੱਚ ਨਾ ਹੋਣ ਕਰਕੇ ਨਾ ਇਨਸਾਫ ਹੋਵੇਗਾ ਅਤੇ ਲੋਕ ਇਕ ਦੂਜੇ ਨੂੰ ਠੱਗਣਗੇ ਜਿਵੇਂ ਕਿ ਅੱਜ-ਕੱਲ੍ਹ ਆਮ ਹੈ। ਸੱਚ ਧਰਮ ਦੀ ਰੋਸ਼ਨੀ ਹੋਣ ਕਰਕੇ ਕਲਜੁਗ ਵਿਚ ਧਰਮ ਦਾ ਕਹਿਤ, "ਕਾਲ", ਅਤੇ ਅੰਧੇਰਾ ਹੁੰਦਾ ਹੈ।

ਹੁਣ ਪਾਂਡਵ ਮੂਰਖ ਹੋਣ ਕਰਕੇ ਉਹਨਾਂ ਨੂੰ ਕਲਜੁਗ ਦੀ ਸਮਝ ਨਾ ਪਈ ਅਤੇ ਸ਼੍ਰੀ ਕ੍ਰਿਸ਼ਨ ਬਲਦੇਵ ਜੀ ਨੇ ਪਾਂਡਵਾਂ ਨੂੰ ਕਲਜੁਗ ਬਾਰੇ ਸਮਝਾਉਣ ਲਈ ਉਹਨਾਂ ਨੂੰ ਕਿਹਾ ਕਿ ਅੱਜ ਰਾਤ ਨੂੰ ਜਿਹੜੇ ਸੁਪਨੇ ਆਉਣਗੇ ਉਹ ਤੁਸਾਂ ਨੇ ਮੈਨੂੰ ਕੱਲ੍ਹ ਦੱਸਣਾ।

ਪਹਿਲੇ ਸੁਪਨੇ ਵਿਚ ਪਾਂਡਵਾਂ ਨੂੰ ਇਹ ਦਰਸਾਇਆ ਕਿ ਇਕ ਧੌਲ਼ੇ ਹੰਸ ਦੇ ਪਰਾਂ ਉੱਤੇ ਲਿਖੇ ਤਾਂ ਹੋਏ ਨੇ ਵੇਦ ਮੰਤਰ ਪਰ ਉਹ ਖਾ ਰਿਹਾ ਹੈ ਮੁਰਦਾ ਆਦਮੀ। ਇਸ ਦਾ ਹੱਲ ਸ਼੍ਰੀ ਕ੍ਰਿਸ਼ਨ ਬਲਦੇਵ ਜੀ ਨੇ ਇਹ ਦੱਸਿਆ ਕਿ "ਬ੍ਰਾਹਮਣ ਵਰਨ" ਦੇ ਧਾਰਮਿਕ ਆਗੂ (ਧੌਲ਼ੇ ਹੰਸ ਜਿਹੜੇ ਕਿ ਰਾਮ ਦੇ ਨਾਮ ਦੇ ਚਿੱਟੇ ਮੋਤੀ ਖਾਂਦੇ ਹਨ) ਕਲਜੁਗ ਵਿਚ ਪਖੰਡੀ ਮੱਕਾਰ ਬਣ ਕੇ ਮਾਖਿਉਂ ਮਿੱਠਾ ਕੂੜ ਬੋਲ ਕੇ ਹਜ਼ਾਰਾਂ ਦੀ ਗਿਣਤੀ ਵਿਚ ਮੂਰਖ ਲੋਕਾਂ ਨੂੰ ਮਰਵਾਉਣਗੇ ਜਿਹੜਾ ਕਿ ਤੁਸੀਂ ਹੁਣ ਇੰਡੀਆ, ਲੈਬਨਾਨ, ਇਰਾਨ, ਆਦਿ ਦੇਸ਼ਾਂ ਵਿਚ ਆਮ ਦੇਖਦੇ ਹੋ ਅਤੇ ਇਸ ਨਾਲੋਂ ਕਿਤੇ ਵਧੀਕ ਹੋਰ ਤਿੰਨ ਚਾਰ ਸਾਲਾਂ ਤਕ ਦੇਖੋਗੇ।

ਪਖੰਡੀ ਭੇਖ ਧਾਰੀ ਬਾਬੇ ਉਨ੍ਹਾਂ ਬ੍ਰਾਹਮਣਾਂ ਦੇ ਵੀ ਉਸਤਾਦ ਹਨ ਅਤੇ ਹਰਿਮੰਦਰ ਸਾਹਿਬ ਇਕ ਲੁਟ ਦਾ ਮਹਾਂ ਅਸਥਾਨ ਹੈ। ਇਸ ਬਾਰੇ ਪੂਰਾ ਹੱਜ ਵਿਚ ਦੱਸਿਆ ਜਾਵੇਗਾ। ਇਸ ਬਾਰੇ ਤੁਕ ਹੈ:-

ਗੁਰਿ ਪੀਰ ਹਾਮਾਂ ਤਾਂ ਭਰੇ ਜਾਂ ਮੁਰਦਾਰ ਨਾ ਖਾਏ॥

ਕੂੜ ਮਿੱਠਾ ਕੂੜ ਮਾਖਿਉਂ ਕੂੜ ਡੋਬੇ ਪੂਰ॥

ਭਾਵ ਕਿ ਬ੍ਰਾਹਮਣ ਵਰਨ ਦੇ ਲੋਕ ਅਗਿਆਨਤਾ ਅਤੇ ਮਾਇਆ ਨੂੰ ਮੁੱਖ ਰੱਖਦੇ ਹੋਏ ਮੱਕਾਰੀ ਵਿਚ ਮਾਖਿਉਂ ਮਿੱਠੇ ਕੂੜ ਦੇ ਪ੍ਰਚਾਰ ਧਾਰਮਿਕ ਅਸਥਾਨਾਂ ’ਤੇ ਆਮ ਕਰਨਗੇ ਅਤੇ ਮਨ ਦੇ ਅੰਨ੍ਹੇ ਮੂਰਖ ਲੋਕ ਉਹਨਾਂ ਮੁੱਖੀ ਜਥੇਦਾਰ ਕੂੜਿਆਰਾਂ ਦੇ ਪਿੱਛੇ ਲਗ ਕੇ ਹਜ਼ਾਰਾਂ ਦੀ ਗਿਣਤੀ ਵਿਚ ਮਰਨਗੇ।

ਦੂਸਰੇ ਸੁਪਨੇ ਵਿਚ ਪਾਂਡਵਾਂ ਨੂੰ ਇਹ ਦਰਸਾਇਆ ਕਿ ਗਾਂ ਆਪਣੇ ਹੀ ਵੱਛੇ ਨੂੰ ਚੁੰਘ ਰਹੀ ਹੈ। ਇਸ ਦੇ ਬਾਰੇ ਸ਼੍ਰੀ ਕ੍ਰਿਸ਼ਨ ਬਲਦੇਵ ਜੀ ਨੇ ਇਹ ਦੱਸਿਆ ਕਿ “ਖ਼ਸ਼ੱਤਰੀ ਵਰਨ” ਦੇ ਅਫਸਰ ਜਿਹੜੇ ਕਿ ਸੱਚੇ, ਸੰਤੋਖੀ, ਅਤੇ ਸਿਆਣੇ ਲੋਕ ਹੋਣੇ ਚਾਹੀਦੇ ਹਨ ਪਰ ਉਹ ਬੇਈਮਾਨ ਅਤੇ ਲੋਭੀ ਹੋਣ ਕਾਰਨ ਪਰਜਾ ਦਾ ਰਿਸ਼ਵਤ ਖੋਰੀ ਨਾਲ ਖੂਨ ਪੀਣਗੇ। ਤੁਕ ਹੈ:-

ਕਲਿ ਕਾਤੀ (ਛੁਰੀ) ਰਾਜੇ ਕਸਾਈ, ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ, ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ (ਵਿਆਕੁਲ) ਹੋਈ, ਆਧੇਰੈ ਰਾਹੁ ਨ ਕੋਈ॥
ਵਿਚਿ ਹਉਮੈ ਕਰਿ ਦੁਖੁ ਰੋਈ, ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥

ਤੀਸਰੇ ਸੁਪਨੇ ਵਿਚ ਪਾਂਡਵਾਂ ਨੂੰ ਇਹ ਦਰਸਾਇਆ ਕਿ ਪਾਣੀ ਦੇ ਤਲਾ ਵਿਚ ਕਾਲੇ ਪੱਥਰ ਅਤੇ ਕਪਾਹ ਦੇ ਚਿੱਟੇ ਗੋਲੇ ਡਿਗ ਰਹੇ ਹਨ ਪਰ ਕਪਾਹ ਦੇ ਚਿੱਟੇ ਗੋਲੇ ਡੁੱਬਦੇ ਹਨ ਅਤੇ ਕਾਲੇ ਪੱਥਰ ਤਰਦੇ ਹਨ। ਇਹ ਦ੍ਰਿਸ਼ “ਵੈਸ਼ ਵਰਨ” ਬਾਰੇ ਹੈ ਕਿ ਜਿਹੜੇ ਲੋਕ ਦਿਲ ਵਿਚ ਬੇਈਮਾਨੀ ਧਾਰ ਕੇ ਤਜਾਰਤ ਕਰਨਗੇ ਉਹ ਬੜੇ ਕਾਮਯਾਬ ਹੋਣਗੇ

ਅਤੇ ਜਿਹੜੇ ਲੋਕ ਸਾਫ ਦਿਲੀ ਨਾਲ ਤਜਾਰਤ ਕਰਨਗੇ ਉਹ ਫੇਲ੍ਹ ਹੋਣਗੇ। ਭਾਵ ਕਿ ਕਲਜੁਗ ਬੇਈਮਾਨਾਂ ਦਾ ਯੁਗ ਹੋਣ ਕਰਕੇ ਇਸ ਯੁਗ ਵਿਚ ਬੇਈਮਾਨ ਲੋਕਾਂ ਦੀ ਹੀ ਚੱਲੇਗੀ ਅਤੇ ਓਹੀ ਕਾਮਯਾਬ ਹੋਣਗੇ। ਤੁਕ ਹੈ:-

ਲੋਭ ਲਹਰਿ ਸਭੁ ਸੁਆਨੁ ਹਲਕੁ ਹੈ, ਹਲਕਿਓ ਸਭਹਿ ਬਿਗਾਰੇ॥

ਚੌਥੇ ਸੁਪਨੇ ਵਿਚ ਪਾਂਡਵਾਂ ਨੂੰ ਇਹ ਦਰਸਾਇਆ ਕਿ ਚਾਰ ਖੂਹ ਹਨ ਅਤੇ ਇਕ ਵਿਚੋਂ ਪਾਣੀ ਨਿਕਲ ਰਿਹਾ ਹੈ। ਪਾਣੀ ਨਾਲ ਦੇ ਖੂਹਾਂ ਵਿਚ ਨਹੀਂ ਪੈਂਦਾ ਬਲਕਿ ਦੂਰ ਦੇ ਖੂਹ ਵਿਚ ਜਾ ਪੈਂਦਾ ਹੈ। ਇਹ ਦ੍ਰਿਸ਼ "ਸ਼ੂਦਰ ਵਰਨ" ਦੇ ਭਾਈਚਾਰਕਾਂ ਲਈ ਹੈ ਕਿ ਲੋਕਾਂ ਦੇ ਨਜ਼ਦੀਕੀ ਰਿਸ਼ਤੇਦਾਰ (ਖੂਹ) ਏਨੇ ਕਾਬਲੇ ਇਤਬਾਰ ਨਹੀਂ ਹੋਣਗੇ ਜਿੰਨੇ ਕਿ ਦੂਰ ਦੇ ਸੱਤਿ ਸੰਗੀ ਭਾਈ ਅਤੇ ਦੋਸਤ ਜਿਨ੍ਹਾਂ ਨਾਲ ਭਾਵੇਂ ਖੂਨ ਜਾਂ ਕੌਮ ਦਾ ਕੋਈ ਰਿਸ਼ਤਾ ਨਾਤਾ ਵੀ ਨਾ ਹੋਵੇ। ਮੇਰੀ ਸਕੀ ਰੱਜੀ ਪੁੱਜੀ ਭੈਣ ਨੇ ਮੈਨੂੰ ਕਿਵੇਂ ਠੱਗਿਆ ਉਹ ਅੱਗੇ ਜਾ ਕੇ ਦੱਸਿਆ ਜਾਵੇਗਾ।

ਪੰਜਵੇਂ ਸੁਪਨੇ ਵਿਚ ਪਾਂਡਵ ਅਰਜਨ ਨੂੰ ਇਹ ਦ੍ਰਿਸ਼ ਦਿਖਾਇਆ ਕਿ ਇਕ ਪਹਾੜ ਰੁੜ੍ਹਿਆ ਆਉਂਦਾ ਹੈ ਅਤੇ ਜਿਵੇਂ ਉਹ ਅੱਗੇ ਵਧਦਾ ਹੈ ਓਵੇਂ ਹੀ ਉਹ ਵੱਡਾ ਹੁੰਦਾ ਜਾਂਦਾ ਹੈ। ਰੁੱਖ ਮਕਾਨ ਆਦਿ ਜੋ ਵੀ ਉਸ ਦੇ ਰਸਤੇ ਵਿਚ ਆਉਂਦੇ ਹਨ ਉਹਨਾਂ ਨੂੰ ਉਹ ਤਬਾਹ ਕਰੀ ਜਾਂਦਾ ਹੈ ਪਰ ਐਦਾਂ ਦੇ ਤਬਾਹੀ ਮਚਾਉਣ ਵਾਲੇ ਪਹਾੜ ਨੂੰ ਇਕ ਘਾਹ ਦੇ ਤਿਨਕੇ ਨੇ ਰੋਕ ਲਿਆ। ਇਸ ਦ੍ਰਿਸ਼ ਨੂੰ ਅੱਜ ਸਮਝਣਾ ਐਨਾ ਕਠਿਨ ਨਹੀਂ ਹੈ ਜਿਨ੍ਹਾਂ ਕਿ ਕੁਝ ਸਦੀਆਂ ਪਹਿਲਾਂ ਸੀ ਕਿਉਂਕਿ ਇਹ "ਸ਼ੰਕਰ ਵਰਨ" ਦੇ ਅੱਤਵਾਦੀਆਂ ਦੇ ਹਜੂਮ ਬਾਰੇ ਹੈ ਅਤੇ ਇਸ ਦੀ ਵਿਆਖਿਆ ਅੱਗੇ ਜਾ ਕੇ ਖੋਲ੍ਹ ਕੇ ਹੱਜ ਵਿਚ ਦਿੱਤੀ ਜਾਵੇਗੀ ਪਰ ਐਥੇ ਐਨਾ ਹੀ ਦੱਸਣਾ ਕਾਫ਼ੀ ਹੋਵੇਗਾ ਕਿ ਇਹ ਕੂੜ ਦਾ ਪਹਾੜ ਮੰਨ ਦੇ ਅੰਨ੍ਹੇ ਮੂਰਖ ਅੱਤਵਾਦੀਆਂ ਦੇ "ਕੂੜਿਆਰਾਂ" ਨੇ ਪੈਦਾ ਕੀਤਾ ਹੁੰਦਾ ਹੈ ਅਤੇ ਇਹ ਕੂੜਿਆਰ ਆਪਣੇ ਚੇਲਿਆਂ ਤੋਂ ਖੂਬ ਤਬਾਹੀ ਕਰਵਾਉਂਦੇ ਹਨ ਜਿਵੇਂ ਕਿ ਪਾਕਿਸਤਾਨ ਬਣਨ ਵੇਲੇ ਹੋਈ ਸੀ। ਇਸ ਦ੍ਰਿਸ਼ ਵਿਚ ਘਾਹ ਦਾ ਤਿਨਕਾ "ਸੱਤਿ" ਹੈ ਅਤੇ ਜਿਸ ਦੇ ਪਾਸ ਸੱਤਿ ਹੋਵੇਗਾ ਉਹ ਇਸ ਕੂੜ ਦੇ ਪਹਾੜ ਨੂੰ ਰੋਕੇਗਾ। ਇਸ ਕਲਜੁਗ ਵਿਚ "ਸੱਤਿ" ਲੋ ਹੁੰਦੀ ਹੈ ਨਾ ਕਿ "ਸੱਚ" ਜਿਹੜਾ ਕਿ ਕਲਜੁਗ ਵਿਚ ਮੈਲਾ ਹੋ ਜਾਂਦਾ ਹੈ। ਤੁਕ ਹੈ:-

ਸਚੁ ਪੁਰਾਣਾ ਨਾ ਥੀਐ, ਨਾਮੁ ਨਾ ਮੈਲਾ ਹੋਇ॥

ਭਾਵ ਕਿ ਸੱਚ ਪੁਰਾਣਾ ਨਹੀਂ ਹੁੰਦਾ ਪਰ ਵਪਾਰੀ ਲੋਕਾਂ ਦੀ ਦਰਜਨ 13 ਦੀ ਹੁੰਦੀ ਹੈ ਅਤੇ ਲੋਕਾਂ ਨੂੰ ਕਹਿੰਦੇ ਹਨ ਕਿ ਅਸੀਂ ਤੁਹਾਨੂੰ ਲੱਗੇ ਭਾਅ ਹੀ ਵੇਚਦੇ ਹਾਂ, ਕਹਿ ਕੇ ਮੈਲਾ ਸੱਚ ਬੋਲ ਕੇ ਠੱਗਦੇ ਜ਼ਰੂਰ ਹਨ। ਇਸ ਨੂੰ ਮੱਕਾਰੀ ਜਾਂ ਬਲਾਸਫਿਮੀ ਕਹੀਦਾ ਹੈ ਅਤੇ ਇਹ ਦਿਲੋਂ "ਰਾਮ" ਦੇ ਖਲਾਫ ਬੋਲੀ ਜਾਂਦੀ ਹੈ ਇਸ ਲਈ ਇਹ ਮੁਆਫ਼ ਨਹੀਂ ਹੁੰਦੀ ਜਿਵੇਂ ਕਿ ਪਾਪ ਜਾਂ ਸਿਨ ਬ੍ਰਾਹਮਣ ਮੁਆਫ਼ ਕਰ ਦਿੰਦਾ ਹੈ। ਪਰ ਨਾਮ, ਧੁਰ ਦੀ ਬਾਣੀ ਹੋਣ, ਕਰਕੇ ਇਹ ਨਾ ਮੈਲਾ ਹੋ ਸਕਦਾ ਹੈ ਅਤੇ ਨਾ ਹੀ ਇਹ ਕਿਸੇ ਯੁਗ ਵਿਚ ਪੁਰਾਣਾ ਹੋ ਸਕਦਾ ਹੈ। ਨਾਮ ਨੂੰ ਮਸੀਹ ਈਸਾ ਜੀ ਨੇ ਇਕ ਨਵਾਂ ਕਪੜਾ ਦੱਸਿਆ ਹੈ ਜਿਸ ਨੂੰ ਅਜੇ ਤਾਈਂ ਕਿਸੇ ਆਦਮੀ ਦਾ ਹੱਥ ਨਹੀਂ ਲੱਗਿਆ। ਭਾਵ ਕਿ ਨਾਮ ਰਾਮ ਦੇ ਸਿਵਾਏ ਹੋਰ ਕਿਸੇ ਤੋਂ ਨਹੀਂ ਮਿਲਦਾ ਅਤੇ ਇਹ ਲਿਖਿਆ ਵੀ ਨਹੀਂ ਜਾਂਦਾ। ਸੱਚ ਤਿੰਨ ਕਾਲ ਮੈਲਾ ਨਹੀਂ ਹੁੰਦਾ ਪਰ ਕਲਜੁਗ ਵਿਚ ਇਹ ਪੁਰਾਣਾ ਹੋ ਜਾਂਦਾ ਹੈ ਅਤੇ ਸੱਤਿ ਬਿਨਾਂ ਅੰਧੇਰ ਹੀ ਅੰਧੇਰ ਹੁੰਦਾ ਹੈ।

ਅਤੇ ਜਿਸ ਗੁਰਮੁਖ ਦੇ ਪਾਸ ਸੱਤਿ ਦਾ ਤਿਨਕਾ ਹੈ ਉਹੀ ਸਿੱਧੇ ਕੰਮ ਕਰ ਸਕਦਾ ਹੈ ਨਹੀਂ ਤਾਂ ਲੋਕਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਅਸਲ ਸੱਚ (ਸ਼੍ਰੀ ਰਾਮ ਚੰਦਰ ਜੀ ਦਾ ਚੰਦਰਮਾ ਭਾਵ ਕਿ ਅਸਥੂਲ ਰੂਪੀ ਮਰਿਆਦਾ) ਕੀ ਹੈ। ਇਸੇ ਲਈ ਕਲਜੁਗ ਵਿਚ ਸੱਤਿ ਹੀ ਧਰਮ ਦੀ ਪਹਿਲੀ ਵਸਤੂ ਹੋ ਜਾਂਦੀ ਹੈ ਅਤੇ ਜਿਸ ਦੇ ਪਾਸ ਸੱਤਿ ਹੋਵੇਗਾ ਉਸ ਦੇ ਸਿਰ ਉਪਰ ਅਕਾਲ ਪੁਰਖ ਦਾ ਹੱਥ ਹੋਣ ਕਰਕੇ ਉਸ ਦਾ ਸ਼ੈਤਾਨ ਦੇ ਅੱਤਵਾਦੀ ਕੁਝ ਵੀ ਨੁਕਸਾਨ ਨਹੀਂ ਕਰ ਸਕਣਗੇ ਪਰ ਅੱਤਵਾਦੀਆਂ ਦੇ ਸਿਰਾਂ ’ਤੇ ਸ਼ੈਤਾਨ ਦਾ ਹੱਥ ਹੋਣ ਕਰਕੇ ਉਹ ਸ਼ੈਤਾਨ ਵਾਂਗ ਨਾ ਆਪ ਚੈਨ ਲੈਂਦੇ ਹਨ ਅਤੇ ਨਾ ਹੀ ਕਿਸੇ ਹੋਰ ਨੂੰ ਚੈਨ ਨਾਲ ਬੈਠਣ ਦਿੰਦੇ ਹਨ। ਉਹਨਾਂ ਅੱਤਵਾਦੀਆਂ ਦੀ ਤਬਾਹੀ ਵੀ ਨਰਕਾਂ ਦੇ ਵਾਂਗ ਹੁੰਦੀ ਹੈ ਜਿਵੇਂ ਕਿ ਤੁਸੀਂ ਲੰਕਾ, ਇਜ਼ਰਾਈਲ, ਕਸ਼ਮੀਰ ਅਤੇ ਹੋਰ ਦੇਸ਼ਾਂ ਵਿਚ ਆਮ ਦੇਖਦੇ ਹੋ ਅਤੇ ਹੋਰ ਵੀ ਦੇਖੋਗੇ।

ਪੰਜ ਪਾਂਡਵ ਕਲਜੁਗ ਦੇ ਲੱਛਣ ਸੁਣਕੇ ਸ਼੍ਰੀ ਕ੍ਰਿਸ਼ਨ ਬਲਦੇਵ ਜੀ ਨੂੰ ਕਹਿਣ ਲੱਗੇ ਕਿ ਅਸੀਂ ਆਪਣੇ ਰਾਜ ਵਿਚ ਵਰਨਾਂ ਦੀ ਮਰਿਆਦਾ ਦੇ ਉਲਟ ਕੰਮ ਹੁੰਦੇ ਸਹਿ ਨਹੀਂ

ਸਕਦੇ। ਪਰ ਸ਼੍ਰੀ ਕ੍ਰਿਸ਼ਨ ਬਲਦੇਵ ਜੀ ਨੇ ਕਿਹਾ ਕਿ ਇਹ ਤਾਂ ਰਾਮ ਦੀ ਰਜ਼ਾ ਹੈ ਅਤੇ ਉਹ ਅਟੱਲ ਹੈ। ਪਾਂਡਵ ਬੋਲੇ ਕਿ ਜੇ ਇਹ ਭਾਣਾ ਵਰਤਣਾ ਹੀ ਹੈ ਤਾਂ ਸਾਨੂੰ ਇਸ ਕਲੰਕਿਤ ਕਲਜੁਗ ਦੇ ਰਾਜ ਤੋਂ ਮੁਆਫ਼ ਕਰੋ। ਫਖਰ ਨਾਲ ਕਹਿਣ ਲੱਗੇ ਕਿ ਰਾਜ ਹੋਵੇ ਯਾਦਵਾਂ ਦਾ ਤਾਂ ਲੋਕਾਂ ਦੀ ਕੀ ਮਜਾਲ ਉਹ ਮਰਿਆਦਾ ਦੇ ਉਲਟ ਕੰਮ ਕਰਨ? ਇਸ ਲਈ ਪਾਂਡਵ ਸ਼ਿਵ ਜੀ ਦੇ ਹਿਮਾਲਿਆ "ਸ਼ਿਵਾਲਕ ਪਰਬਤ" ਦੀ ਗੋਦ ਵਿਚ ਸਮਾ ਗਏ ਅਤੇ ਕਲਜੁਗ ਦਾ ਸਿਹਰਾ ਆਪਣੇ ਮੱਥੇ ਨਹੀਂ ਲੱਗਣ ਦਿੱਤਾ।

੪. ਕਲਜੁਗ:- ਇਹ ਯੁਗ ਯੁੱਗਾਂ ਦੀ ਚੌਕੜੀ ਵਿਚੋਂ ਧਰਮ ਦੀ ਕਮਾਈ ਲਈ ਇਕ ਮਹਾਂ ਉੱਤਮ ਯੁਗ ਹੈ। ਇਸ ਯੁਗ ਵਿਚ ਪੰਡਿਤ ਮਾਇਆ ਦੀ ਖਾਤਰ ਝੂਠ ਬੋਲਦੇ ਅਤੇ ਲੋਕਾਂ ਨੂੰ ਭਰਮਾਂ ਵਹਿਮਾਂ ਵਿਚ ਪਾ ਦਿੰਦੇ ਹਨ। ਆਮ ਲੋਕਾਂ ਵਿਚ ਧਰਮ ਦੀ ਬੁਨਿਆਦ ਸ਼ਰਮ ਹੀ ਰਹਿ ਜਾਂਦੀ ਹੈ ਅਤੇ ਜਿਹੜੇ ਲੋਕ ਮਾਇਆ ਨੂੰ ਹੀ ਰੱਬ ਸਮਝਦੇ ਹਨ ਉਹਨਾਂ ਨੂੰ ਕਿਸੇ ਦੀ ਵੀ ਸ਼ਰਮ ਨਾ ਹੋਣ ਕਰਕੇ ਵੱਡੇ ਮੱਕਾਰ ਅਤੇ ਅਧਰਮੀ ਲੋਕ ਹੁੰਦੇ ਹਨ। ਮਸੀਹ ਈਸਾ ਜੀ ਨੇ ਮੱਕਾਰਾਂ ਨੂੰ ਬੇਹੱਦ ਫਟਕਾਰ ਪਾਈ ਹੈ।

ਸੱਚ ਦਾ ਗੁਰੂ ਪੰਡਿਤ ਨਿਕੰਮਾ ਹੋਣ ਕਰਕੇ ਆਮ ਲੋਕ ਝੂਠ ਬੋਲਦੇ ਹਨ ਅਤੇ ਕਚਹਿਰੀਆਂ ਵਿਚ ਇਨਸਾਫ ਨਹੀਂ ਹੁੰਦਾ। ਅਤੇ ਆਮ ਲੋਕ ਬੇ ਸੰਤੋਖੀ ਹੋਣ ਕਰਕੇ ਦੂਸਰਿਆਂ ਦੇ ਹੱਕਾਂ ਉੱਤੇ ਕਬਜ਼ਾ ਕਰਦੇ ਹਨ। ਲੋਕਾਂ ਵਿਚ ਦਇਆ ਵੀ ਨਾ ਹੋਣ ਕਰਕੇ ਔਰਤਾਂ, ਬੱਚਿਆਂ ਅਤੇ ਬੁੱਢਿਆਂ ਉੱਤੇ ਉਹ ਬੇਰਹਿਮੀ ਆਮ ਕਰਦੇ ਹਨ। ਇਸ ਲਈ ਸ਼ੈਤਾਨ, ਯੁਗ ਦੇ ਧਰਮੀ ਅੰਧੇਰੇ ਦਾ ਪੂਰਾ ਲਾਭ ਲੈਂਦਾ ਹੈ ਅਤੇ ਕਿਸੇ ਨੂੰ ਅਮਨ ਚੈਨ ਨਹੀਂ ਲੈਣ ਦਿੰਦਾ। ਇਸ ਯੁਗ ਬਾਰੇ ਹੋਰ ਤੁਕਾਂ ਹਨ:-

ਕਲਿਜੁਗ ਧਰਮ ਕਲਾ ਇਕ ਰਹਾਏ॥
ਇਕ ਪੈਰਿ ਚਲੈ ਮਾਇਆ ਮੋਹੁ ਵਧਾਏ॥

ਧਰਮ ਦੇ ਅੰਧੇਰੇ ਦਾ ਅੰਦਾਜ਼ਾ ਆਪ ਨੂੰ ਇਹਨਾਂ ਤੁਕਾਂ ਤੋਂ ਵੀ ਲਗ ਜਾਵੇਗਾ:-

ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ॥
ਅੰਧੇ ਕਾ ਨਾਉਂ ਪਾਰਖੂ ਕਲੀ ਕਾਲ ਵਿਡਾਣੈ॥

ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ॥
ਜੀਵਤ ਕਉ ਮੂਆ ਕਹੈ ਮੂਏ ਨਹੀਂ ਰੋਤਾ॥
ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ॥
ਪਰ ਕੀ ਕਉ ਅਪੁਨੀ ਕਹੈ ਅਪੁਨੋ ਨਹੀਂ ਭਾਇਆ॥
ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ॥
ਰਾਤੇ ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ॥
ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀਂ ਦੀਸੈ॥
ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀਂ ਰੀਸੈ॥

ਹੁਣ ਕਲਜੁਗ ਵਿਚ ਹਰ ਇਕ ਕਰਮ ਮਰਿਆਦਾ ਦੇ ਉਲਟ ਹੋਣ ਕਰਕੇ ਇਸ ਯੁਗ ਵਿਚ ਸ਼ੈਤਾਨ ਵੀ ਉਹੀ ਲੋਕ ਹੋਣਗੇ ਜਿਹੜੇ ਕਿ ਤ੍ਰੇਤਾ ਯੁਗ ਵਿਚ ਦੇਵਤੇ ਸਨ। ਇਸ ਲਈ ਕਲਜੁਗ ਵਿਚ ਇਕ ਨੰਬਰ ਦੇ ਸ਼ੈਤਾਨ ਖੱਤਰੀ ਕੌਮ ਦੇ ਲੋਕ ਹੁੰਦੇ ਹਨ (Kings of Darkness) ਜਿਵੇਂ ਕਿ ਮਿਡਲ ਈਸਟ ਵਿਚ ਕਿੰਗ ਡੇਵਿਡ ਦੇ ਜੁੱਡਾ ਕੌਮ ਦੇ ਲੋਕ ਹਨ (Princes of Darkness)। ਕਸ਼ਮੀਰ ਦੇ ਲੋਕ ਜਿਹੜੇ ਕਿ ਪਿਛਲੇ ਯੁੱਗਾਂ ਵਿਚ ਗੁਰੂ ਬ੍ਰਾਹਮਣ ਮਸ਼ਹੂਰ ਸਨ ਓਹੀ ਮਹਾਂ ਸ਼ੈਤਾਨ ਬਣ ਜਾਂਦੇ ਹਨ (Emperors of Darkness)। ਕਸ਼ਮੀਰ ਵਿਚ ਖੱਤਰੀਆਂ ਅਤੇ ਸਾਰਸੁੱਤਾਂ ਦਾ ਕਾਫ਼ੀ ਜ਼ੋਰ ਹੈ ਅਤੇ ਇਹ ਬਹੁਤ ਹੀ ਵਿਦਵਾਨ ਹੁੰਦੇ ਸਨ। ਕਸ਼ਮੀਰ ਦੀ ਰਿਆਸਤ ਪੁਣਛ ਦੇ ਖੱਤਰੀ ਅੱਜ-ਕੱਲ੍ਹ ਠੱਗ ਨਿਰਮਲੇ ਸੰਤ ਬਣੇ ਹੋਏ ਹਨ ਅਤੇ ਥਾਂ ਥਾਂ ਨਿਰਮਲੇ ਤਖ਼ਤ ਜਾਂ ਅਖਾੜੇ ਬਣਾਈ ਬੈਠੇ ਹਨ ਅਤੇ ਨਿਰਮਲੇ ਸੰਤਾਂ ਦੇ ਅਸਲੀ ਇਕੋ ਹੀ ਅਕਾਲ ਤਖ਼ਤ ਦੀ ਇਹਨਾਂ ਠੱਗਾਂ ਵਿਚੋਂ ਨਾ ਕੋਈ ਸਾਰ ਜਾਣਦਾ ਹੈ ਅਤੇ ਨਾ ਹੀ ਕੋਈ ਓਥੇ ਜਾ ਕੇ ਬਹਿੰਦਾ ਹੈ। ਅਸਲੀ ਨਿਰਮਲੇ ਸੰਤ "ਦਾਸ" ਹੁੰਦੇ ਹਨ ਨਾ ਕਿ ਖ਼ਾਲਸਿਆਂ ਵਾਂਗ "ਸਿੰਘ"। ਇਹ ਵੀ ਪਖੰਡੀ ਉਹਨਾਂ ਬਾਬੇ ਬਕਾਲੇ ਵਾਲੀਆਂ ਬਾਈ ਮੰਜੀਆਂ ਵਾਂਗ ਢਕੌਂਚ ਰਚੀ ਬੈਠੇ ਹਨ ਅਤੇ ਕਲਜੁਗ ਦੇ ਅੰਧੇਰੇ ਦਾ ਪੂਰਾ ਲਾਭ ਉਠਾ ਰਹੇ ਹਨ। ਕਲਜੁਗ ਵਿਚ ਲੋਭ ਬਹੁਤ ਹੀ ਹੁੰਦਾ ਹੈ ਅਤੇ ਇਸ ਯੁਗ ਬਾਰੇ ਤੁਕਾਂ ਹਨ:-

ਲਾਲਚ ਝੂਠ ਬਿਕਾਰ ਮੋਹ ਬਿਆਪਤ ਅੰਧ॥
ਲਾਗਿ ਪਰੇ ਦੁਰਗੰਧ ਸਿਉ ਨਾਨਕ ਮਾਇਆ ਬੰਧ॥

ਲੋਭੀ ਕਾ ਵੇਸਾਹੁ ਨ ਕੀਜੈ ਜੇਕਾ ਪਾਰਿ ਵਸਾਇ॥
ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ॥

ਜਿਉ ਕੂਕਰੁ ਹਰਕਾਇਆ ਧਾਵੈ ਦਹਦਿਸ ਜਾਏ॥
ਲੋਭੀ ਜੰਤੁ ਜਾਣਈ ਭਖੁ ਅਭਖੁ ਸਭ ਖਾਇ॥

ਸਾਕਤ ਸੁਆਨ ਕਹੀਅਹਿ ਬਸੁ ਲੋਭੀ ਬਹੁ ਦੁਰਮਤਿ ਮੈਲੁ ਭਰੀਜੈ॥
ਆਪਨ ਸੁਆਇ ਕਰਹਿ ਬਹੁ ਬਾਤਾ ਤਿਨਾ ਕਾ ਵਿਸਾਹੁ ਕਿਆ ਕੀਜੈ॥

ਸੱਤਿਯੁੱਗੁ ਤ੍ਰੇਤਾ ਦੁਆਪਰੁ ਭਣੀਐ ਕਲਿਜੁਗ ਊਤਮੋ ਯੁੱਗਾਂ ਮਾਹਿ॥
ਅਹਿੱਕਰੁ ਕਰੇ ਸੁ ਅਹਿੱਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ॥

ਲੋਭ ਦੀ ਮਿਸਾਲ ਮੈਂ ਆਪਣੀ ਹੱਡ ਬੀਤੀ ਦੱਸਦਾ ਹਾਂ। ਮੇਰੀ ਕੋਈ 106 ਕਨਾਲ਼ਾਂ ਜੱਦੀ ਜ਼ਮੀਨ ਨੰਗਲ ਸਲਾਲੇ, ਆਦਮਪੁਰ ਵਿਚ ਸੀ ਪਰ ਇਸ ਦੇ ਚਾਰ ਟੁੱਕੜੇ ਸਨ। ਜਦ ਮੈਂ ੧੯੮੬ ਵਿਚ ਇੰਡੀਆ ਗਿਆ ਤਾਂ ਮੇਰੀ ਸਕੀ ਭੈਣ ਨੇ ਮੈਨੂੰ ਕਿਹਾ ਕਿ ਮੈਂ ਤੇਰੀ ਜ਼ਮੀਨ ਇਕ ਥਾਂ ਕਰਵਾ ਦਿੰਦੀ ਹਾਂ ਅਤੇ ਤੂੰ ਮੈਨੂੰ ਮੁਖਤਿਆਰ ਨਾਮਾ ਦੇ ਜਾ। ਇਸ ਨੂੰ ਪਹਿਲਾਂ ਵੀ ਮੈਂ ਇਕ ਵਾਰ ਮੁਖਤਿਆਰ ਨਾਮਾ ਦਿੱਤਾ ਸੀ ਅਤੇ ਇਸ ਵੇਲੇ ਵੀ ਦੇ ਦਿੱਤਾ। ਪਰ ਉਸ ਨੇ ਛੇਤੀ ਹੀ ਅਦਾਲਤ ਵਿਚ ਇਕ ਝੂਠਾ ਮੁਕੱਦਮਾ ਮੇਰੇ ਖ਼ਿਲਾਫ਼ ਆਪਣੇ ਸਭ ਤੋਂ ਛੋਟੇ ਮੁੰਡੇ ਤੋਂ ਕਰਵਾ ਕੇ ਮੇਰੀ ਜ਼ਮੀਨ ਆਪਣੇ ਮੁੰਡੇ ਦੇ ਨਾਉਂ ੧੯੮੭ (ਜਲੰਧਰ ਕੇਸ ਨੰ: ੧੧੫/੧੯੮੭) ਵਿਚ ਕਰਵਾ ਲਈ ਅਤੇ ਜਦੋਂ ਮੈਨੂੰ ਸੂਝ-ਬੂਝ ਹੋਈ ਤਾਂ ਮੈਂ ਮੁਕੱਦਮਾ ਕੀਤਾ ਪਰ ਅਜੇ ਤਾਈਂ ਕੁਝ ਵੀ ਨਹੀਂ ਬਣਿਆ। ਇਹ ਹੈ ਲੋਭ ਦੀ ਵਾਰਦਾਤ ਅਤੇ ਇਹਨਾਂ ਲੋਭੀਆਂ ਦਾ ਗੁਰੂ ਹੈ ਸਤਿਗੁਰੂ ਰਾਮਦਾਸ ਜੀ ਦਾ ਵੱਡਾ ਮੁੰਡਾ ਅੱਤ ਬੇਸ਼ਰਮ ਮਨ ਦਾ ਹਰਾਮੀ ਮੱਕਾਰ (ਮੀਣਾ) ਪ੍ਰਿਥਵੀ ਚੰਦ ਅਤੇ ਕਚਹਿਰੀਆਂ ਇਹਨਾਂ ਮਨਮੁਖਾਂ ਦੇ "ਸਹੁਰੇ" ਘਰ ਹੁੰਦੇ ਹਨ ਜਿਵੇਂ ਕਿ ਗੁਰਮੁਖਾਂ ਦੇ "ਮਾਪੇ" ਨਿਜ ਘਰ ਹੁੰਦੇ ਹਨ ਅਕਾਲ ਪੁਰਖ। ਪਰ ਜੋ ਹੁੰਦਾ ਹੈ ਉਹ ਭਲਾ ਹੀ ਸਮਝੋ ਕਿਉਂਕਿ ਇਸ ਤਰ੍ਹਾਂ ਦੇ ਲਾਲਚੀ ਰਿਸ਼ਤੇਦਾਰ ਜ਼ਹਿਰ ਖੁਆ ਕੇ ਮਾਰਨ ਵਿਚ ਵੀ ਕੋਈ ਢਿੱਲ ਨਹੀਂ ਕਰਦੇ ਜਿਵੇਂ ਕਿ ਪ੍ਰਿਥਵੀ ਚੰਦ ਨੇ ਬਾਲਕ ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ

ਨੂੰ ਦੁੱਧ ਵਿਚ ਜ਼ਹਿਰ ਮਿਲਾ ਕੇ ਅਤੇ ਹੋਰ ਯਤਨਾਂ ਨਾਲ ਮਰਵਾਉਣ ਦੀਆਂ ਸਾਜ਼ਸ਼ਾਂ ਕੀਤੀਆਂ ਸਨ।

ਜਿਵੇਂ ਕਿ ਅੱਗੇ ਜਾ ਕੇ ਦੱਸਿਆ ਜਾਵੇਗਾ ਇਹ ਸ਼ੈਤਾਨ ਖੱਤਰੀ ਜਦੋਂ ਮੁਹੰਮੱਦੀਏ ਜਾਅਲੀ ਮੁਸਲਮਾਨ ਬਣ ਕੇ ਮੁੱਲਾਂ ਬਣੇ ਤਾਂ ਇਹਨਾਂ ਖੱਤਰੀਆਂ ਨੇ ਸ਼ਰੀਫ਼ ਸਾਰ ਸੁੱਤਾਂ, ਖੱਤਰੀਆਂ ਅਤੇ ਹੋਰ ਕੌਮਾਂ ਦੇ ਲੋਕਾਂ ਨੂੰ ਜ਼ਬਰਦਸਤੀ ਮੁਹੰਮੱਦੀਏ ਜਾਅਲੀ ਮੁਸਲਮਾਨ ਬਣਾਉਣਾ ਸ਼ੁਰੂ ਕੀਤਾ ਸੀ ਅਤੇ ਉਹ ਸ਼ਰੀਫ਼ ਲੋਕ ਫਿਰ ਸਤਿਗੁਰੂ ਤੇਗ਼ ਬਹਾਦਰ ਜੀ ਪਾਸ ਆ ਕੇ ਕਹਿੰਦੇ ਸਨ ਕਿ ਦੇਖੋ ਜੀ ਤੁਹਾਡੀ ਖੱਤਰੀ ਕੌਮ ਦੇ ਸ਼ੈਤਾਨ ਲੋਕ ਸਾਨੂੰ ਕਿਸ ਤਰ੍ਹਾਂ ਤੰਗ ਕਰਦੇ ਹਨ ਤਾਂ ਉਹਨਾਂ ਨੇ ਆਪਣੀ ਕੁਰਬਾਨੀ ਦਿੱਲੀ ਜਾ ਕੇ ਉਹਨਾਂ ਸ਼ੈਤਾਨ ਮੁੱਲਾਂ, ਜਿਹੜੇ ਕਿ ਬਹੁਤ ਹੱਦ ਤਾਈਂ ਕਸ਼ਮੀਰ ਦੇ ਹੀ ਖੱਤਰੀ ਕੌਮ ਦੇ ਸਨ, ਨੂੰ ਦਿੱਤੀ ਸੀ। ਯਾਦ ਰੱਖੋ ਕਿ ਅੱਜ-ਕੱਲ੍ਹ ਇਹ ਸ਼ੈਤਾਨ ਕਿਤਾਬਾਂ ਵਿਚ ਕੂੜ ਲਿਖਣ ਵਿਚ ਵੀ ਪੂਰੇ ਮਾਹਰ ਹਨ। ਪਰ ਆਪਣੀਆਂ ਠੱਗੀ ਵਾਲੀਆਂ ਜਾਂ ਸੱਤਿ ਗੁਰੂਆਂ ਨਾਲ ਦੁਸ਼ਮਣੀ ਵਾਲੀਆਂ ਕਰਤੂਤਾਂ ਕਦੀ ਨਹੀਂ ਪ੍ਰਗਟ ਕਰਦੇ ਹਨ। ਭਾਵ ਕਿ ਚੰਦੂ ਖੱਤਰੀ ਦਾ ਗੋਤ ਅਜੇ ਤਾਈਂ ਕਿਸੇ ਨੂੰ ਨਹੀਂ ਪਤਾ ਪਰ ਦੀਵਾਨ ਸੁੱਚਾ ਨੰਦ ਇਕ “ਪੁਰੀ” ਖੱਤਰੀ ਦੱਸਦੇ ਹਨ।

ਕੁਰੂਕਸ਼ੇਤਰ ਦੇ ਗੌੜ ਕੌਮ ਦੇ ਬ੍ਰਾਹਮਣ ਆਪਣੇ ਆਪ ਨੂੰ ਆਦਿ ਬ੍ਰਾਹਮਣ ਦੱਸਦੇ ਸਨ ਪਰ ਉਹ ਮਨ ਦੇ ਐਨੇ ਅੰਨ੍ਹੇ ਹੋ ਗਏ ਸਨ ਕਿ ਪਾਰਬ੍ਰਹਮ-ਰੂਪੀ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਦੀ ਵੀ ਪਛਾਣ ਨਾ ਕਰ ਸਕੇ!!! ਇਕ ਵਾਰਦਾਤ ਹੈ ਕਿ ਸੱਚੇ ਪਾਤਸ਼ਾਹ ਕੁਰੂਕਸ਼ੇਤਰ ਗਏ ਅਤੇ ਉਹਨਾਂ ਨੇ ਬ੍ਰਾਹਮਣਾਂ ਨੂੰ ਕਿਹਾ ਕਿ ਮੈਂ ਗਾਂ ਮਣਸਣੀ ਹੈ ਪਰ ਬ੍ਰਾਹਮਣਾਂ ਨੂੰ ਉਹ ਗਾਂ ਇਕ “ਖੋਤਾ” ਦਿਖਾਈ ਦੇਵੇ। ਭਾਵ ਕਿ ਕਿਤਾਬੀ ਖੋਤੇ ਬ੍ਰਾਹਮਣਾਂ ਨੂੰ ਤਾਂ ਸਿਰਫ਼ ਖੋਤਿਆਂ, ਜਿਵੇਂ ਕਿ ਅੱਜ-ਕੱਲ੍ਹ ਯੂਨੀਵਰਸਟੀਆਂ ਦੇ ਖੋਤੇ ਕਿਤਾਬੀ ਪ੍ਰੋਫੈਸਰ ਹਨ, ਦੀ ਹੀ ਪਛਾਣ ਹੁੰਦੀ ਹੈ, ਨਾ ਕਿ ਸੁਰਤੀ ਵਾਲਿਆਂ ਗੁਰਮੁਖਾਂ ਦੀ। ਇਹ ਆਦਿ ਗੌੜ ਕਹਿਣ ਲੱਗੇ ਕਿ ਦੇਖੋ ਜੀ ਇਕ ਖੋਤੇ ਨੂੰ ਗਾਂ ਕਹਿਕੇ ਇਹ ਸਾਡਾ ਪੜ੍ਹੇ ਲਿਖਿਆਂ ਦਾ ਮਖੌਲ ਉਡਾਉਂਦਾ ਹੈ। ਪਰ ਕੁਝ ਦਿਨਾਂ ਬਾਅਦ ਥਨੇਸਰ ਦੀ ਇਕ ਬੁੱਢੀ ਗੌੜਾਂ ਦੀ ਔਰਤ ਨੂੰ ਇਸ ਵਾਰਦਾਤ ਦਾ ਪਤਾ ਲੱਗਿਆ ਤਾਂ ਉਸ ਨੇ ਆਪਣੇ ਮੁੰਡਿਆਂ ਨੂੰ ਇਹ ਮਣਸ ਲੈਣ ਲਈ ਭੇਜਿਆ ਅਤੇ ਦੱਸਿਆ ਕਿ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਪਾਰਬ੍ਰਹਮ-ਰੂਪ ਹਨ ਅਤੇ ਉਹ ਜੋ ਵੀ ਮੁੱਖੋਂ ਬੋਲਦੇ ਹਨ ਉਹ ਸੱਤਿ

ਹੀ ਹੈ। ਮੁੰਡਿਆਂ ਨੇ ਜਦ ਗਾਂ ਲੈ ਲਈ ਤਾਂ ਉਹ ਦਿਖਾਈ ਦਿੰਦਾ ਖੋਤਾ ਇਕ ਸੁਨੱਖੀ ਗਾਂ ਨਿਕਲੀ ਅਤੇ ਕਹਿੰਦੇ ਹਨ ਕਿ ਓਸ ਘਰ ਵਿਚ ਅਜੇ ਵੀ ਦੁੱਧ ਦੀ ਥੁੜੋਂ ਨਹੀਂ। ਭਾਵ ਕਿ ਕਹਾਉਂਦੇ ਸਨ ਆਦਿ ਬ੍ਰਾਹਮਣ ਪਰ ਕਲਯੁਗ ਵਿਚ ਇਹ ਮਨ ਦੇ ਅੰਨ੍ਹੇ ਪਾਰਬ੍ਰਹਮ-ਰੂਪ ਦੀ ਵੀ ਪਛਾਣ ਨਾ ਕਰ ਪਾਏ!!!

ਇਹਨਾਂ ਗੌੜਾਂ ਵਿਚੋਂ ਅਣਖ ਵਾਲੇ ਗੌੜ ਬ੍ਰਾਹਮਣ ਵਰਨ ਦਾ ਕੰਮ ਛੱਡ ਕੇ ਸਭ ਤੋਂ ਉੱਤਮ ਦੁਨਿਆਵੀ ਪੇਸ਼ਾ ਖੇਤੀ ਦਾ ਕੰਮ ਕਰਨ ਲੱਗ ਪਏ ਸਨ ਜਿਸ ਵਿਚ ਧਰਮ ਦੇ ਦੱਸਾਂ ਵਿਚੋਂ ਅੱਠ ਅੰਗ ਹਰੇ ਹੁੰਦੇ ਹਨ। ਬ੍ਰਾਹਮਣ ਵਰਨ ਵਿਚ ਧਰਮ ਦੇ ਨੌਂ ਅੰਗ ਹਰੇ ਹੁੰਦੇ ਹਨ ਪਰ ਰਾਵਣ ਦੇ ਪੂਰੇ ਦਸੇ ਹੀ ਅੰਗ ਹਰੇ ਸਨ।

ਕਲਯੁਗ ਵਿਚ ਉਲਟ ਹੋਣ ਕਰਕੇ ਪਿਛਲੇ ਯੁੱਗਾਂ ਵਿਚ ਆਦਮੀ ਔਰਤਾਂ ਨਾਲੋਂ ਸੁਰਤੀ ਵਾਲੇ ਹੁੰਦੇ ਸਨ ਪਰ ਹੁਣ ਕਲਯੁਗ ਵਿਚ ਔਰਤਾਂ ਜਿਵੇਂ ਕਿ ਥਨੇਸਰ ਦੇ ਗੌੜਾਂ ਦੀ ਔਰਤ ਸੀ ਅਤੇ ਅੰਮ੍ਰਿਤਸਰ ਦੀਆਂ ਔਰਤਾਂ ਜਿਨ੍ਹਾਂ ਵਿਚੋਂ ਬਹੁਗਿਣਤੀ ਵਿਚ ਖਤਰਾਣੀਆਂ ਹੀ ਸਨ, ਨੇ ਸਤਿਗੁਰੂ ਤੇਗ਼ ਬਹਾਦਰ ਜੀ ਦਾ ਸਤਿਕਾਰ ਕੀਤਾ ਸੀ, ਸੁਰਤੀ ਵਾਲੀਆਂ ਹੋ ਜਾਂਦੀਆਂ ਹਨ।

ਸਾਰੇ ਖੱਤਰੀ ਸ਼ੈਤਾਨ ਨਹੀਂ ਹੁੰਦੇ ਅਤੇ ਅੱਜ-ਕੱਲ੍ਹ ਵੀ ਇਹਨਾਂ ਵਿਚੋਂ ਖਾਸ ਕਰ ਮੋਨੇ ਖੱਤਰੀਆਂ ਵਿਚੋਂ ਇਕ ਜਾਂ ਦੋ ਫੀ ਸਦੀ ਦੇਵਤਾ ਹਨ ਪਰ ਉਹ ਆਪਣੀ ਹੀ ਬਰਾਦਰੀ ਤੋਂ ਡਰਦੇ ਚੁੱਪ ਕਰ ਜਾਂਦੇ ਹਨ। ਇਸੇ ਹੀ ਲਈ ਸਤਿਗੁਰੂ ਨਾਨਕ ਦੇਵ ਜੀ ਜਿਹੜੇ ਕਿ ਸ੍ਰੀ ਰਾਮ ਚੰਦਰ ਜੀ ਜਾਂ ਵਿਸ਼ਨੂੰ ਦੇ ਰੂਹਾਨੀ ਰੂਪ ਸਨ, ਨੇ ਤ੍ਰੇਤੇ ਦੇ ਵਾਂਗ ਮਾਇਆਧਾਰੀ (ਸ਼ੈਤਾਨ) ਬੇਦੀ, ਵੇਦਾਂ ਦਾ ਇਲਮ ਰੱਖਣ ਵਾਲੇ ਹੰਕਾਰੀ, ਖੱਤਰੀਆਂ ਦੇ ਘਰ ਹੀ ਜਨਮ ਲਿਆ। ਭਾਵ ਕਿ ਰੂਹਾਨੀ ਬੀਮਾਰ ਮਾਇਆਧਾਰੀ (ਬੇਈਮਾਨ) ਅਤੇ ਮੱਕਾਰ ਖੱਤਰੀਆਂ ਦੇ ਘਰ ਹੀ ਰੂਹਾਨੀ ਡਾਕਟਰ ਸਤਿਗੁਰੂ ਨਾਨਕ ਦੇਵ ਜੀ ਨੇ ਜਨਮ ਲਿਆ ਤਾਂ ਕਿ ਇਹ ਸ਼ੈਤਾਨ ਖੱਤਰੀ ਕਿਤੇ ਅਕਾਲ ਪੁਰਖ ਨੂੰ ਮਿਹਣਾ ਨਾ ਦੇਣ ਕਿ ਅਸੀਂ ਲੋਕ ਬੀਮਾਰ ਸਾਂ ਅਤੇ ਤੁਸਾਂ ਨੇ ਸਾਨੂੰ ਕੋਈ ਡਾਕਟਰ ਵੀ ਨਾ ਘੱਲਿਆ? ਹਰਿਮੰਦਰ ਸਾਹਿਬ ਰੂਹਾਨੀ ਬੀਮਾਰਾਂ ਦਾ ਹਸਪਤਾਲ ਹੈ ਪਰ ਇਹਨਾਂ ਖੱਤਰੀਆਂ ਨੇ ਇਸ ਨੂੰ ਡਾਕੂਆਂ ਅਤੇ ਸ਼ੈਤਾਨਾਂ ਦਾ ਘਰ, ਐਪੀਸੈਂਟਰ, ਬਣਾ ਦਿੱਤਾ ਹੈ ਅਤੇ ਰਿਸ਼ਵਤਖੋਰ ਅਤੇ ਮੱਕਾਰ ਅੱਜ ਇਸ ਦੇ ਮੁਖੀ ਹਨ। ਇਸੇ ਹੀ ਤਰ੍ਹਾਂ ਅਰਬ ਵਿਚ ਯਹੂਦੀ ਪੰਥ ਨੂੰ ਕੌਮ

ਬਣਾਉਣ ਵਾਲੇ ਚੁਣੇ ਹੋਏ ਯਹੂਦੀ ਲੋਕ ਬੀਮਾਰ ਸਨ ਅਤੇ ਸਤਿਗੁਰੂ ਈਸਾ ਜੀ ਇਹਨਾਂ ਚੁਣੇ ਹੋਏ ਮਾਇਆਧਾਰੀ (ਬੇਈਮਾਨ), ਖਾਸ ਕਰ ਜੁੱਡਾ ਕੌਮ ਦੇ, ਲੋਕਾਂ ਵਿਚ ਆਏ ਸਨ। ਮਸੀਹ ਈਸਾ ਜੀ ਦਾ ਜਨਮ ਜੁੱਡਾ ਕੌਮ ਦੇ ਲੋਕਾਂ ਦੀ ਇਕ ਕੁਆਰੀ ਕੁੜੀ ਦੇ ਰੱਬੀ ਸ਼ਕਤੀ ਨਾਲ ਹੋਇਆ ਸੀ ਜਿਸ ਬਾਰੇ ਹੱਜ ਵਿਚ ਵੀ ਦੱਸਿਆ ਜਾਏਗਾ। ਇਥੇ ਇਹ ਦੱਸਣਾ ਕਿ ਸਤਿਗੁਰੂ ਜੀ ਨੇ ਯਾਦਵਾਂ, ਜਿਨ੍ਹਾਂ ਵਿਚੋਂ ਜੱਟ ਜਾਂ ਜਾਟ ਕੌਮ ਦੇ ਲੋਕ ਬਹੁਤ ਹਨ, ਦੇ ਘਰ ਵਿਚ ਜਨਮ ਇਸ ਲਈ ਨਹੀਂ ਲਿਆ ਕਿਉਂਕਿ ਦੁਆਪਰ ਯੁਗ ਦੇ ਮੂਰਖ ਯਾਦਵ ਦੁਨਿਆਵੀ ਸ਼ਿਵ ਸ੍ਰੀ ਕ੍ਰਿਸ਼ਨ ਬਲਦੇਵ ਜੀ, "ਗੋਬਿੰਦਾ", ਦੀ ਫੌਜ ਹੋਣ ਕਰਕੇ ਕਲਯੁਗ ਵਿਚ ਉਹਨਾਂ ਦੇ ਰੂਹਾਨੀ ਸ਼ਿਵ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਦੀ ਰੂਹਾਨੀ ਜਾਂ ਪਰਉਪਕਾਰੀ ਫੌਜ ਖਾਲਸਾ ਬਣਨਾ ਸੀ ਤਾਂ ਕਿ ਜਿਹੜੇ ਲੋਕ ਵਰਨਾਂ ਦੀ ਮਰਿਆਦਾ ਦੇ ਵਿਰੁੱਧ ਚਲਦੇ ਹਨ ਉਹਨਾਂ ਦੀ ਉਹ ਦਰੁਸਤੀ ਕਰ ਸਕਣ। ਇਸੇ ਹੀ ਤਰ੍ਹਾਂ ਅਰਬ ਵਿਚ ਚੁਣੇ ਹੋਏ ਯਹੂਦੀ ਕਲਯੁਗ ਵਿਚ ਸ਼ੈਤਾਨ ਬਣੇ ਅਤੇ ਮੂਰਖ ਜਿੰਟਾਇਅਲ ਜਾਂ ਸੱਮੇਰੀਟਨ ਬਹੁ-ਗਿਣਤੀ ਵਿਚ ਮਸੀਹ ਈਸਾ ਜੀ ਦੇ ਸ਼ਰਧਾਲੂ ਸਿੱਖ ਬਣੇ ਅਤੇ ਯਹੂਦੀ ਖਾਸ ਕਰਕੇ ਜੁੱਡਾ ਕੌਮ ਦੇ ਖੱਤਰੀਆਂ ਵਾਂਗ ਇਕ ਨੰਬਰ ਦੇ ਦੁਸ਼ਮਣ। ਕਲਯੁਗ ਵਿਚ ਖੱਤਰੀ ਕੌਮ ਦੇ ਲੋਕ ਏਨੇ ਮਾਇਆਧਾਰੀ (ਬੇਈਮਾਨ) ਹੋ ਜਾਂਦੇ ਹਨ ਕਿ ਕਹਾਵਤ ਮਸ਼ਹੂਰ ਹੋ ਗਈ:-

"ਖੱਤਰੀ ਪੁੱਤਰੰਗ ਕਿਸੇ ਨਾ ਮਿੱਤਰੰਗ, ਮਿੱਤਰੰਗ ਹੀ ਮਿੱਤਰੰਗ ਦਗ਼ਾ ਦਿੱਤਰੰਗ"।

ਇਸ ਲਈ ਕਲਯੁਗ ਦਾ ਸਿਹਰਾ ਤ੍ਰੇਤੇ ਦੇ ਦੇਵਤਾ ਖੱਤਰੀਆਂ ਦੇ ਸਿਰ 'ਤੇ ਹੀ ਲੱਗਣਾ ਸੀ ਅਤੇ ਦੁਆਪਰ ਦੇ ਮੂਰਖ ਯਾਦਵਾਂ ਨੇ ਰੂਹਾਨੀ ਸ਼ਿਵ ਸੈਨਾ ਖ਼ਾਲਸੇ ਬਣ ਕੇ ਵਰਨਾਂ ਦੀ ਮਰਿਆਦਾ ਨੂੰ ਕਾਇਮ ਕਰਨਾ ਸੀ। ਜਾਂ ਇੰਜ ਸਮਝੋ ਕਿ ਖੱਤਰੀ ਕੌਮ ਦੇ ਲੋਕ ਇਕ ਨੰਬਰ ਦੇ ਸ਼ੈਤਾਨ ਅਤੇ ਜੱਟ ਕੌਮ ਦੇ ਲੋਕ ਇਕ ਨੰਬਰ ਦੇ ਭਗਤ ਹਨ ਅਤੇ ਦੂਸਰੀਆਂ ਕੌਮਾਂ ਇਨ੍ਹਾਂ ਕੌਮਾਂ ਦੇ ਵਿਚਕਾਰ।

ਇਸ ਯੁਗ ਵਿਚ ਪਹਿਲੇ ਯੁੱਗਾਂ ਦੇ ਦੁਨਿਆਵੀ ਅਵਤਾਰਾਂ ਦੇ ਦੋਵੇਂ ਰੂਹਾਨੀ ਅਵਤਾਰ ਆਉਂਦੇ ਹਨ। ਭਾਵ ਕਿ ਵਿਸ਼ਨੂੰ ਜੀ ਦੇ ਦੁਨਿਆਵੀ ਮਰਿਆਦਾ ਪੁਰਸ਼ੋਤਮ ਅਵਤਾਰ ਸ਼੍ਰੀ ਰਾਮ ਚੰਦਰ ਜੀ ਦੇ ਸਬੰਧੀ ਹਨ ਰੂਹਾਨੀ ਮਰਿਆਦਾ ਪੁਰਸ਼ੋਤਮ ਅਵਤਾਰ ਸਤਿਗੁਰੂ ਨਾਨਕ ਦੇਵ ਜੀ ਅਤੇ ਸ਼ਿਵ ਜੀ ਦੇ ਦੁਨਿਆਵੀ ਨੀਤੀ ਪੁਰਸ਼ੋਤਮ ਅਵਤਾਰ ਸ਼੍ਰੀ ਕ੍ਰਿਸ਼ਨ

ਬਲਦੇਵ ਜੀ ਦੇ ਸਬੰਧੀ ਹਨ ਰੂਹਾਨੀ ਨੀਤੀ ਪੁਰਸ਼ੋਤਮ ਅਵਤਾਰ ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ। ਇਸੇ ਹੀ ਤਰ੍ਹਾਂ ਅਰਬ ਵਿਚ ਵੀ ਦੋ ਅਵਤਾਰ ਆਏ ਹਨ। ਪਹਿਲਾ ਸੀ ਮੂਸਾ ਜੀ ਦਾ ਪੰਡਿਤ ਜਾਂ ਰੱਬਾਈ ਜੌਨ ਜਿਸ ਨੂੰ ਆਮ ਕਹਿੰਦੇ ਹਨ ਜੌਨ ਦਿ ਬਾਪਟਿਸਟ ਅਤੇ ਜਿਸ ਨੇ ਲੋਕਾਂ ਨੂੰ ਆਪਣੇ ਪਿਓ ਦਾ ਬਣਨ ਲਈ ਵੰਗਾਰਿਆ ਅਤੇ ਮਸੀਹ ਈਸਾ ਜੀ ਜਿਹੜੇ ਕਿ ਸਤਿਗੁਰੂ ਨਾਨਕ ਦੇਵ ਜੀ ਦਾ ਪਹਿਲਾ ਰੂਪ ਸਨ ਅਤੇ ਉਹਨਾਂ ਨੇ ਸਤਿਗੁਰੂ ਨਾਨਕ ਦੇਵ ਜੀ ਦੇ ਆਉਣ ਬਾਰੇ ਵੀ ਦੱਸਿਆ ਸੀ, ਆਏ। ਇਹਨਾਂ ਚੌਹਾਂ ਅਵਤਾਰਾਂ ਦੇ ਸਿਵਾਏ ਹੋਰ ਕੋਈ ਵੀ ਕਲਯੁਗ ਦੇ ਅਵਤਾਰ ਨਹੀਂ ਹਨ। ਹਾਂ ਭਗਤ ਜਾਂ "ਸੂਰਜ" ਕਈ ਹੋਏ ਹਨ ਪਰ ਨਾ ਹੀ ਕੋਈ ਜੁੱਡਾ ਕੌਮ ਜਾਂ ਖੱਤਰੀ/ਅਰੋੜਿਆਂ ਕੌਮਾਂ ਵਿਚੋਂ ਭਗਤ ਹੋਇਆ ਹੈ।

ਯਾਦਵਾਂ ਵਿਚੋਂ ਜੱਟਾਂ ਨੇ ਸ਼ਿਵ ਸੈਨਾ ਵਿਚ ਕਿਉਂ ਬਹੁ-ਗਿਣਤੀ ਨਾਲ ਹਿੱਸਾ ਲਿਆ ਉਹ ਇੰਜ ਹੈ।

ਯਾਦਵ ਕੌਮ ਦਾ ਕਮਜ਼ੋਰ ਹੋਣਾ:- ਦੁਆਪਰ ਯੁਗ ਦੇ ਮਗਰੋਂ ਯਾਦਵ ਕੌਮ ਦਾ ਕਮਜ਼ੋਰ ਹੋਣਾ ਸੀ ਤਾਂ ਕਿ ਇਸ ਕਲਯੁਗ ਦਾ ਸਿਹਰਾ ਯਾਦਵਾਂ ਤੋਂ ਇਹਨਾਂ ਸ਼ੈਤਾਨ ਖੱਤਰੀਆਂ ਨੂੰ ਮਿਲ ਜਾਏ। ਯਾਦਵ ਮੂਰਖ ਅਤੇ ਹੁਕਮਰਾਨ ਹੋਣ ਕਰਕੇ ਹੰਕਾਰੀ ਸਨ ਅਤੇ ਪੰਡਿਤਾਂ ਦਾ ਮਾਣ ਘੱਟ ਕਰਨ ਲਗ ਪਏ। ਇਥੇ ਤਾਈਂ ਕਿ ਕੁਝ ਮੂਰਖ ਯਾਦਵਾਂ ਦੇ ਮੁੰਡਿਆਂ ਨੇ ਦੁਰਵਾਸ਼ਾ ਰਿਸ਼ੀ ਦੇ ਗਲੇ ਮਰਿਆ ਹੋਇਆ ਸੱਪ ਪਾ ਕੇ ਉਸ ਨਾਲ ਠੱਠਾ ਮਖੌਲ ਕੀਤਾ ਅਤੇ ਫਿਰ ਇਕ ਮੁੰਡੇ ਦੇ ਪੇਟ 'ਤੇ ਲੋਹੇ ਦਾ ਬਾਟਾ ਬੰਨ੍ਹ ਕੇ ਅਤੇ ਉਸ ਨੂੰ ਔਰਤਾਂ ਵਾਲੇ ਕਪੜੇ ਪਵਾ ਕੇ ਦੁਰਵਾਸ਼ਾ ਰਿਸ਼ੀ ਨਾਲ ਠੱਠਾ ਕੀਤਾ ਕਿ ਇਸ ਔਰਤ ਦੇ ਪੇਟੋਂ ਕੀ ਹੋਏਗਾ? ਤਾਂ ਦੁਰਵਾਸ਼ਾ ਰਿਸ਼ੀ ਨੇ ਸਰਾਪ ਦਿੱਤਾ ਕਿ ਇਹਦੇ ਵਿਚੋਂ ਉਹ ਹੋਏਗਾ ਜਿਹੜਾ ਕਿ ਤੁਹਾਡਾ ਨਾਸ ਕਰੇਗਾ। ਕਹਿਣ ਦਾ ਭਾਵ ਇਹ ਸੀ ਕਿ ਮੂਰਖ ਯਾਦਵ ਪੰਡਿਤਾਂ ਅਤੇ ਰਿਸ਼ੀ ਮੁਨੀਆਂ ਦਾ ਆਦਰ ਨਾ ਕਰਦੇ ਹੋਏ ਇਹਨਾਂ ਤੋਂ ਕੁਝ ਸਿੱਖ ਵੀ ਨਾ ਲੈ ਸਕਣਗੇ ਅਤੇ ਮੂਰਖਤਾਈ ਵਿਚ ਇਕ ਦੂਜੇ ਦਾ ਨਾਸ ਕਰਨਗੇ ਜਿਵੇਂ ਕਿ ਹੁਣ ਇਹ ਭਾਰਤ ਪਾਕਿਸਤਾਨ ਦੀਆਂ ਝੜਪਾਂ ਵਿਚ ਕਰਦੇ ਹਨ। ਇਸ ਲਈ ਮਸ਼ਹੂਰ ਹੈ ਕਿ:-

ਮੂਰਖ ਦੀ ਸ਼ਾਹ ਬਿਨਾਂ ਪੱਤ ਨਹੀਂ ਅਤੇ ਗੁਰੂ ਬਿਨਾਂ ਗਤ ਨਹੀਂ

ਅਤੇ

ਜਾਟੜਾ ਸੇ ਕਾਟੜਾ ਆਪਣਾ ਹੀ ਘਰ ਘਾਲੇ ਸੈ।

ਤਾਂ ਫਿਰ ਪੰਡਿਤ ਵੀ ਲਾਲਚੀ ਅਤੇ ਬੇਈਮਾਨ ਹੋਣ ਲਗ ਪਏ ਅਤੇ ਆਪਣਾ ਫਰਜ਼ ਭੁੱਲ ਭੁਲਾ ਗਏ। ਬਗ਼ੈਰ ਈਮਾਨਦਾਰ ਪੰਡਿਤਾਂ ਦੇ ਮੂਰਖ ਯਾਦਵ ਆਪਸ ਵਿਚ ਲੜਨ ਭਿੜਨ ਲੱਗੇ ਅਤੇ ਵੰਡ ਵੰਡਾਈਆਂ ਨਾਲ ਕਮਜ਼ੋਰ ਹੋ ਗਏ।

ਯਾਦਵ ਵੀਰ ਭੱਦਰ ਜਿਸ ਨੇ ਸ਼ਿਵ ਜੀ ਦੀ ਪਾਰਬਤੀ ਦੇ ਮਰਨ ਦੇ ਬਦਲੇ ਵਿਚ ਪਾਰਬਤੀ ਦੇ ਪਿਓ ਪਰਜਾਪਤ ਨੂੰ ਮਾਰਿਆ ਸੀ ਅਤੇ ਸ਼ਿਵ ਜੀ ਨੇ ਖੁਸ਼ ਹੋਕੇ ਉਹਨੂੰ ਆਪਣੇ ਵਾਲਾਂ ਦੀ ਇਕ "ਜੱਟ" ਦਾ ਮਾਨ ਦਿੱਤਾ ਸੀ, ਦੀ ਸੰਤਾਨ ਨੇ ਆਪਣੇ ਆਪ ਨੂੰ ਜੱਟ ਕਹਿਲਵਾਉਣਾ ਸ਼ੁਰੂ ਕਰ ਦਿੱਤਾ ਤਾਂ ਕਿ ਦੁਰਵਾਸ਼ਾ ਰਿਸ਼ੀ ਦਾ ਸਰਾਪ ਜਿਹੜਾ ਕਿ ਯਾਦਵਾਂ ਨੂੰ ਸੀ ਤੋਂ ਉਹ ਮੂਰਖ ਬੱਚ ਜਾਣ। ਹੁਣ ਜਾਤੀ ਜਾਂ ਕੌਮ ਬਦਲੀ ਨਹੀਂ ਜਾ ਸਕਦੀ ਪਰ ਜੱਟ ਅੱਲ ਦੇ ਯਾਦਵਾਂ ਨੇ ਸ਼ਿਵ ਸੈਨਾ ਬਣ ਕੇ ਸ਼ਿਵ ਜੀ ਜਿਨ੍ਹਾਂ ਨੇ ਉਹਨਾਂ ਨੂੰ ਏਡਾ ਵੱਡਾ ਮਾਨ ਦਿੱਤਾ ਸੀ, ਦੇ ਰੂਹਾਨੀ ਰੂਪਾਂ ਸੱਚੇ ਪਾਤਸ਼ਾਹਾਂ ਦੀ ਸੇਵਾ ਕਰਨੀ ਸੀ। ਇਸ ਬਾਰੇ ਅੱਗੇ ਜਾ ਕੇ ਦੱਸਿਆ ਜਾਵੇਗਾ।

ਬਾਕੀ ਦੇ ਯਾਦਵ ਜਿਨ੍ਹਾਂ ਕੋਲ ਰਾਜ ਭਾਗ ਸੀ, ਨੂੰ ਲਾਲਚੀ ਪੰਡਿਤਾਂ ਨੇ ਲਾਲਚ ਦੀ ਖਾਤਰ ਵਡਿਆਉਣਾ ਸ਼ੁਰੂ ਕੀਤਾ ਅਤੇ ਉਹਨਾਂ ਨੂੰ ਰਾਜਿਆਂ ਦੇ ਪੁੱਤਰ "ਰਾਜਪੂਤ" ਕਹਿਣਾ ਸ਼ੁਰੂ ਕਰ ਦਿੱਤਾ ਅਤੇ ਉਹ ਮੂਰਖ ਰਾਜੇ ਆਪਣੀ ਯਾਦਵ ਜਾਂ ਜੱਟ ਕੌਮ ਭੁੱਲ ਕੇ ਰਾਜਪੂਤ ਕਹਾਉਣ ਲਗ ਪਏ ਅਤੇ ਬਾਕੀ ਦੇ ਯਾਦਵਾਂ ਅਤੇ ਜੱਟਾਂ ਨੂੰ ਨੀਚ ਸਮਝਣ ਲਗ ਪਏ। ਨਤੀਜਾ ਇਹ ਕਿ ਹਮਲਾਵਰ ਇਹਨਾਂ ਮੂਰਖ ਯਾਦਵਾਂ ਦੀ ਫੁੱਟ ਦਾ ਲਾਭ ਉਠਾਉਣ ਲਗ ਪਏ। ਇਹਨਾਂ ਮੂਰਖ ਰਾਜਪੂਤ ਅਖਵਾਉਣ ਵਾਲੇ ਯਾਦਵਾਂ ਦੀ ਜੋ ਬੇਇੱਜ਼ਤੀ ਮੁਗ਼ਲਾਂ ਅਤੇ ਪਠਾਣਾਂ ਆਦਿ ਨੇ ਕੀਤੀ ਉਹ ਤਾਂ ਸਾਰਿਆਂ ਨੂੰ ਹੀ ਪਤਾ ਹੈ। ਏਦਾਂ ਹੀ ਯਾਦਵ ਹੋਰ ਕਈ ਕੌਮਾਂ ਵਿਚ ਵੰਡੇ ਗਏ ਅਤੇ ਇਕ ਬੰਸ ਦੇ ਤੌਰ 'ਤੇ ਜੱਟ, ਰਾਜਪੂਤ, ਗੁੱਜਰ, ਮਰਹੱਟੇ, ਅਹੀਰ, ਆਦਿ ਕੌਮਾਂ ਦੀ ਜੜ੍ਹ ਬਣ ਗਈ। ਯਾਦ ਰੱਖੋ ਕਿ ਰਾਜਾ ਇਕ ਰੁਤਬਾ ਜਾਂ ਅਹੁਦਾ ਹੁੰਦਾ ਹੈ ਅਤੇ ਰਾਜੇ ਦੀ ਪਰਜਾ ਹੁੰਦੀ ਹੈ ਨਾ ਕਿ ਪੁੱਤਰ? ਇਸ ਨੁਕਤੇ ਨੂੰ ਸਮਝਦੇ ਹੋਏ ਹੁਣ ਬਹੁਤ ਸਾਰੀਆਂ ਕੌਮਾਂ ਨੇ ਆਪਣੇ ਆਪ

ਨੂੰ ਰਾਜਪੂਤ ਲਿਖਣਾ ਸ਼ੁਰੂ ਕਰ ਦਿੱਤਾ ਹੈ ਪਰ ਉਹ ਆਪਣੇ ਆਪ ਨੂੰ ਜੱਟ, ਗੁੱਜਰ, ਮਰਹੱਟਾ ਆਦਿ ਨਹੀਂ ਲਿਖਦੀਆਂ।

ਯਾਦਵ ਖਾਸ ਕਰਕੇ ਜੱਟ ਕੌਮ ਦੇ ਲੋਕ ਸ਼ਿਵ ਜੀ ਦੀ ਸੈਨਾ, ''ਦੇਹ ਸ਼ਿਵਾ ਵਰ ਮੋਹੇ...'', ਹੋਣ ਕਰਕੇ ਇਹਨਾਂ ਨੇ ਹੀ ਕਲਯੁਗ ਦੇ ਅਧਰਮੀ ਲੋਕ, ਬੇਈਮਾਨ ਮਾਇਆਧਾਰੀ, ਮਾਰਨੇ ਹਨ ਅਤੇ ਉਹ ਸਮਾਂ ਹੁਣ ਆ ਗਿਆ ਹੈ। ਦੁਨੀਆ ਵਿਚ ਗੜਬੜ ਸ਼ੁਰੂ ਹੋਣ ਹੀ ਵਾਲੀ ਹੈ ਅਤੇ ਗ਼ਰੀਬਾਂ ਨੇ ਅਮੀਰਾਂ ਨੂੰ ਲੁੱਟਣਾ ਮਾਰਨਾ ਸ਼ੁਰੂ ਕਰ ਦੇਣਾ ਹੈ।

ਹਰਿ ਕੀਰਤਿ ਕਲਜੁਗਿ ਪਦੁ ਊਤਮ ਹਰਿ ਪਾਈਐ ਸਤਿਗੁਰ ਮਾਝਾ॥
ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਗੁਪਤੁ ਨਾਮੁ ਪਰਗਾਝਾ॥

ਇਹਨਾਂ ਚੌਂਹ ਯੁੱਗਾਂ ਦਾ ਨਚੋੜ ਸਤਿਗੁਰੂ ਨਾਨਕ ਦੇਵ ਜੀ ਨੇ ਇੰਜ ਦਿੱਤਾ ਹੈ:-

ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ॥
ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ॥
ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ॥
ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ॥
ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ॥
ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ॥

*ਕਲਯੁਗ ਸਮਾਂ ''ਰਾਮ'' ਦਾ ਹੈ ਨਾ ਕਿ ''ਰਾਮ ਚੰਦਰ ਜੀ'' ਦਾ।*
*ਅਤੇ*
*ਨੀਅਤ ਦਾ ਫਲ ਮਿਲਦਾ ਹੈ। ਏਸੇ ਲਈ ਬਾਹਰਲੇ ਮੁਲਕਾਂ ਦੇ ਲੋਕ ਭਾਰਤ 'ਤੇ ਰਾਜ ਕਰ ਗਏ ਹਨ।*

# ਚਾਰ ਬਿਰਤੀਆਂ, ਸੱਤ ਕਿਸਮਾਂ ਦੇ ਮਨੁੱਖ ਅਤੇ ਹੱਜ

ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ਹ॥
ਨਹੀਂ ਪਟਣੁ ਨਹੀਂ ਪਾਰਖੂ ਨਹੀਂ ਗਾਹੱਕੁ ਨਹੀਂ ਮੋਲੁ॥

ਚਾਰ ਬਿਰਤੀਆਂ ਦੇ ਅਨੁਸਾਰ ਸੱਤ ਕਿਸਮਾਂ ਦੇ ਮਨੁੱਖ ਮਿਲਦੇ ਹਨ ਅਤੇ ਇਹਨਾਂ ਨੂੰ ਸਮਝਣ ਨਾਲ ਟਰਿਨੀਟੀ ਅਤੇ ਸਾਰਾ ਧਾਰਮਿਕ ਗਿਆਨ ਵੀ ਸਮਝ ਵਿਚ ਆ ਜਾਂਦਾ ਹੈ। ਇਹਨਾਂ ਸੱਤਾਂ ਦੀ ਸਮਝ ਯਹੂਦੀਆਂ ਦੇ ਸੱਤ ਬੱਤੀਆਂ ਵਾਲੇ ਮਨੌਂਰ੍ਹੇ ਨਾਲ ਵੀ ਸਮਝਾਈ ਜਾ ਸਕਦੀ ਹੈ।

1. ਹਉਮੈਂ ਬਿਰਤੀ:- ਇਹ ਪਹਿਲੀ ਬਿਰਤੀ ਹੈ ਅਤੇ ਬੱਚੇ ਇਸ ਬਿਰਤੀ ਦੇ ਹੁੰਦੇ ਹਨ। ਇਹ ਸੁਰਤੀ ਵਾਲੇ ਨਾ ਹੋਣ ਕਰਕੇ ਇਹਨਾਂ ਨੂੰ "ਇਕੀਜਾ", ਵਨਸ ਬਾਰਣ (**Once-born**), ਵੀ ਆਖਿਆ ਜਾਂਦਾ ਹੈ ਅਤੇ ਇਹਨਾਂ ਨੂੰ ਗਲਤੀ ਮੁਆਫ਼ ਕੀਤੀ ਜਾਂਦੀ ਹੈ ਜਿਵੇਂ ਕਿ ਚਾਲੀ ਮੁਕਤੇ ਮੂਰਖਤਾਈ ਵਿਚ ਅੰਮ੍ਰਿਤ ਛੱਕ ਕੇ ਖ਼ਾਲਸੇ ਬਣ ਗਏ ਸਨ ਪਰ ਜਦੋਂ ਭੁੱਖੇ ਰਹਿਣਾ ਪਿਆ ਤਾਂ "ਰੱਜੋ" ਗੁਣ ਦੇ ਅਨੁਸਾਰ ਇਹ ਦੌੜ ਆਏ ਸਨ। ਭਾਵ ਕਿ ਮੂਰਖ ਦੇ "ਢਿੱਡ ਨਾ ਪਈਆਂ ਰੋਟੀਆਂ ਤਾਂ ਸੱਭੇ ਗੱਲਾਂ ਖੋਟੀਆਂ" ਦੇ ਅਨੁਸਾਰ ਚੱਲਦੇ ਹਨ ਪਰ ਜਦ ਮਾਈ ਭਾਗੋ ਜੀ ਨੇ ਲੱਖ ਲਾਹਨਤ ਪਾਈ ਤਾਂ ਇਹ ਫਿਰ ਖੂਬ ਲੜੇ ਅਤੇ ਮੁਆਫ਼ੀ ਕਮਾ ਕੇ ਮੁਕਤ ਦਾਨ ਵੀ ਪਾ ਗਏ ਸਨ। ਏਸੇ ਲਈ ਜਦੋਂ ਈਸਾ ਜੀ ਦੇ ਕਾਮਿਆਂ ਨੂੰ ਮੂਰਖ ਲੋਕ ਪੱਥਰਾਂ ਨਾਲ ਮਾਰਦੇ ਸਨ ਤਾਂ ਉਹ ਅੱਗੋਂ ਅਕਾਲ ਪੁਰਖ ਨੂੰ ਅਰਦਾਸ ਕਰਦੇ ਸਨ ਕਿ ਇਹ ਲੋਕ ਨਹੀਂ ਜਾਣਦੇ ਕਿ ਉਹ ਕੀ ਕਰ ਰਹਿ ਹਨ ਇਹਨਾਂ ਨੂੰ ਮੁਆਫ਼ ਕਰਨਾ ਜੀ।

ਇਸ ਬਿਰਤੀ ਦੇ ਮੂਰਖ ਲੋਕ ਪਿੰਡਾਂ ਵਿਚ ਆਮ ਮਿਲਨਗੇ ਅਤੇ ਸੁਰਤੀ ਨਾ ਹੋਣ ਕਰਕੇ ਇਹ ਆਪਸ ਵਿਚ ਹੀ ਲੜਦੇ, ਭਿੜਦੇ ਅਤੇ ਮਰਦੇ ਰਹਿੰਦੇ ਹਨ ਅਤੇ ਫਿਰ ਕਚਹਿਰੀਆਂ ਵਿਚ ਧੱਕੇ ਖਾਂਦੇ ਫਿਰਦੇ ਹਨ। ਇਹਨਾਂ ਬਾਰੇ ਮਸ਼ਹੂਰ ਹੈ:-

ਮੂਰਖ ਦੀ ਸ਼ਾਹ ਬਿਨਾਂ ਪੱਤ ਨਹੀਂ ਅਤੇ (ਬ੍ਰਾਹਮਣ) ਗੁਰੂ ਬਿਨਾਂ ਗਤ ਨਹੀਂ।

ਮੂਰਖ ਨੂੰ ਆਪਣੀ ਅਕਲ ਅਤੇ ਪਰਾਇਆ ਧੰਨ ਵੱਡਾ ਲਗਦਾ ਹੈ।

ਮੂਰਖਾਂ ਵਿਚੋਂ ਜੱਟ ਕੌਮ ਦੇ ਲੋਕ ਇਕ ਨੰਬਰ 'ਤੇ ਹਨ ਅਤੇ ਇਸੇ ਕਰਕੇ ਬਾਣੀ ਵਿਚ ਵੀ ਮੂਰਖ ਦੀ ਮਿਸਾਲ "ਜੱਟ" ਦੇ ਨਾਲ ਹੀ ਦਿੱਤੀ ਜਾਂਦੀ ਹੈ।

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥
ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥

ਹਰਿਆਣੇ ਵਿਚ ਇਹਨਾਂ ਜੱਟਾਂ ਦਾ ਸੁਭਾ ਇੰਜ ਦੱਸਿਆ ਜਾਂਦਾ ਹੈ:-

"ਜਾਟੜਾ ਸਾ ਕਾਟੜਾ ਆਪਣਾ ਹੀ ਘਰ ਘਾਲੇ ਸੈ"।

ਜਿਵੇਂ ਬੱਚੇ ਸਾਫ ਦਿਲਾਂ ਦੇ ਹੁੰਦੇ ਹਨ ਇਵੇਂ ਹੀ ਪਿੰਡਾਂ ਦੇ ਲੋਕ ਵੀ ਆਮ ਸਾਫ ਦਿਲਾਂ ਦੇ ਭੋਲੇ ਭਾਲੇ ਹੁੰਦੇ ਹਨ ਅਤੇ ਜੇ ਕੋਈ ਇਹਨਾਂ ਵਿਚੋਂ ਸੁਰਤੀ ਵਾਲਾ ਹੋਵੇ ਅਤੇ ਬੇਈਮਾਨ ਨਾ ਹੋਵੇ ਤਾਂ ਉਹ ਬਾਣੀ ਦੀ ਸਮਝ ਪਾ ਕੇ ਇਹਨਾਂ ਵਿਚ ਸਿੱਖੀ ਦਾ ਪ੍ਰਚਾਰ ਖੂਬ ਕਰ ਸਕਦਾ ਹੈ ਜਿਵੇਂ ਕਿ ਤੁਸੀਂ ਮੈਨੂੰ ਪੇਖੋਗੇ।

ਮੂਰਖ ਦੇ ਵਿਚ "ਚੌਧਰ" ਦਾ ਬੜਾ ਸ਼ੌਕ ਹੁੰਦਾ ਹੈ ਅਤੇ ਐਦਾਂ ਦੇ ਮੂਰਖ ਜਦੋਂ ਚਤਰ ਚਲਾਕਾਂ ਦੇ ਹੱਥ ਚੜ੍ਹ ਜਾਂਦੇ ਹਨ ਤਾਂ ਉਹ ਇਹਨਾਂ ਮੂਰਖਾਂ ਦਾ ਖੂਬ ਮਖੌਲ ਉਡਾਉਂਦੇ ਹਨ ਅਤੇ ਵਡਿਆ ਕੇ ਖੂਬ ਫਾਇਦਾ ਵੀ ਉਠਾਉਂਦੇ ਹਨ। ਕਿੰਨਾ ਕੁ ਬੇਵਕੂਫ਼ ਬਣਾਉਂਦੇ ਹਨ ਇਸ ਦਾ ਵੇਰਵਾ ਇੰਜ ਹੈ:-

ਛੋਟੇ ਚੌਧਰੀ ਮੂਰਖਤਾਈ ਵਿਚ ਆਪਣਾ ਗੋਤ ਛੱਡ ਕੇ ਆਪਣੇ ਪਿੰਡ ਦਾ ਨਾਂ ਲਿਖਣ ਲੱਗ ਪੈਂਦੇ ਹਨ। ਹੁਣ ਆਪਣੇ ਪਿੰਡ ਦਾ ਨਾਂ ਉਹ ਲਿਖਦਾ ਹੈ ਜਿਹੜਾ ਆਦਮੀ ਪਿੰਡ ਦੀ ਇਕ ਕੰਜਰੀ ਦੇ ਪੇਟੋਂ ਪੈਦਾ ਹੋਇਆ ਹੋਵੇ। ਕਿਉਂਕਿ ਕੰਜਰੀ ਨੂੰ ਇਸ ਮੁੰਡੇ ਦੇ ਪਿਓ ਦਾ ਪੱਕਾ ਪਤਾ ਨਹੀਂ ਹੁੰਦਾ ਅਤੇ ਉਹ ਇਹਦਾ ਨਾਉਂ ਸਿਰਫ਼ ਪਿੰਡ (ਮਾਂ) ਦੇ ਨਾਂ 'ਤੇ ਹੀ ਰੱਖ ਸਕਦੀ ਹੈ। ਭਾਵ ਕਿ ਇਹ ਮੂਰਖ ਆਪਣੇ ਪਿਓ ਦਾ ਗੋਤ ਛੱਡ ਕੇ ਆਪਣੀ ਹੀ ਮੂਰਖਤਾਈ ਵਿਚ ਇਕ ਕੰਜਰੀ ਦੇ ਪੇਟੋਂ ਹੋ ਕੇ ਬਹੁਤ ਖੁਸ਼ ਹੁੰਦੇ ਅਤੇ

ਫੁੱਲੇ ਨਹੀਂ ਸਮਾਉਂਦੇ ਹਨ ਅਤੇ ਆਪਣੀ ਵਿਚਾਰੀ ਮਾਂ ਦੀ ਵੀ ਬੇਇੱਜ਼ਤੀ ਕਰਦੇ ਹਨ। ਹੁਣ ਜਿਹੜਾ ਮੂਰਖ ਆਪਣੇ ਸ਼ਹਿਰ ਦਾ ਨਾਂ ਲਿਖਦਾ ਹੈ ਉਸ ਦੀ ਮੂਰਖਤਾਈ ਦਾ ਤਾਂ ਤੁਸੀਂ ਆਪ ਹੀ ਅੰਦਾਜ਼ਾ ਲਗਾਓ। ਇਹਨੂੰ ਕਹਿੰਦੇ ਹਨ:-

ਹਉਮੈਂ ਵਿਚਿ ਜਾਤੀ ਜਿਨਸੀ ਖੋਵੇ॥

ਹੁਣ ਇਸ ਕਿਸਮ ਦੇ ਲੋਕ ਅਕਾਲ ਤਖਤ ਦੇ ਜਥੇਦਾਰ ਬਣੇ ਬੈਠੇ ਹਨ। ਆਪਣੀਆਂ ਜਾਤਾਂ ਦੇ ਦੁਨਿਆਵੀ ਪਿਓਆਂ ਦਾ ਤਾਂ ਪਤਾ ਨਹੀਂ ਪਰ ਬੈਠੇ ਹਨ ਓਸ ਥਾਂ ’ਤੇ ਜਿਹੜਾ ਕਿ ਦੁਨੀਆ ਭਰ ਸਾਰੀਆਂ ਧਾਰਮਿਕ ਅਸਥਾਨਾਂ ਵਿਚੋਂ ਮਹਾਂ ਪਵਿਤਰ ਹੈ।

ਯਾਦ ਰੱਖੋ ਕਿ ਇਹ ਅਕਾਲ ਤਖਤ ਚੌਥੇ ਪੰਥ ਦੇ ਨਿਰਮਲੇ ਸੰਤਾਂ ਦਾ ਤਖਤ ਹੈ ਨਾ ਕਿ ਤੀਸਰੇ ਪੰਥ ਦੇ ਖ਼ਾਲਸਿਆਂ ਦਾ। ਜਿਨ੍ਹਾਂ ਲੋਕਾਂ ਨੂੰ ਆਪਣੇ ਦੁਨੀਆਵੀ ਪਿਓ ਦਾ ਤਾਂ ਪਤਾ ਹੀ ਨਹੀਂ ਤਾਂ ਏਦਾਂ ਦੇ ਮੂਰਖ ਲੋਕਾਂ ਤੋਂ ਤੁਸੀਂ ਕੀ ਸਿੱਖੋਗੇ? ਯਾਦ ਰੱਖੋ, ਨਾ ਹੀ ਖ਼ਾਲਸੇ ਅਤੇ ਨਾ ਹੀ ਨਿਰਮਲੇ ਸੰਤ ਗ੍ਰਹਿਸਤੀ ਹੁੰਦੇ ਹਨ ਬਲਕਿ ਇਹ ਅਕਾਲ ਪੁਰਖ ਦੇ ਦੁਬਿਧਾ ਤੋਂ ਰਹਿਤ “ਫੌਜੀ” ਅਤੇ “ਢੰਡੋਰਚੀ” ਹੁੰਦੇ ਹਨ।

ਹੁਣ ਮੂਰਖ ਦੋ ਕਿਸਮਾਂ ਦੇ ਹੁੰਦੇ ਹਨ। ਉਹ ਜਿਨ੍ਹਾਂ ਨੂੰ ਆਪਣੇ ਖਾਨਦਾਨ ਦੀ ਸ਼ਰਮ ਹੁੰਦੀ ਹੈ ਅਤੇ ਉਹ ਕਿਸੇ ਨੂੰ ਦੁਖੀ ਨਹੀਂ ਕਰਦੇ ਅਤੇ ਆਪਣੇ ਆਪਣੇ ਪਿਓਆਂ ਦੇ ਬਣੇ ਰਹਿੰਦੇ ਹਨ ਭਾਵ ਆਪਣੀ ਜਾਤੀ ਜਾਂ ਗੋਤ ਨਹੀਂ ਛੁਪਾਉਂਦੇ ਉਹਨਾਂ ਨੂੰ “ਦੇਵਤਾ” ਜਾਂ “ਹੋਲੀ ਸਨ” (**Holy son**) ਕਹੀਦਾ ਹੈ। ਏਦਾਂ ਦੇ ਲੋਕ ਸਾਊਥ ਇੰਡੀਆ ਵਿਚ ਆਮ ਮਿਲਦੇ ਹਨ। ਅਤੇ ਉਹ ਜਿਹੜੇ ਆਪਣੀ ਜਾਤ ਦੇ ਪਿਓਆਂ ਨੂੰ ਛੱਡ ਕੇ ਸਿੱਖ ਜਾਂ ਹਿੰਦੂ ਆਦਿ ਕੌਮਾਂ ਬਣਾ ਲੈਂਦੇ ਹਨ ਅਤੇ ਜਨੂਨੀ ਬਣ ਕੇ ਫਸਾਦਾਂ ਆਦਿ ਵਿਚ ਭਾਗ ਲੈਂਦੇ ਹਨ ਉਹਨਾਂ ਨੂੰ ਕਹੀਦਾ ਹੈ ਸ਼ੰਕਰ ਵਰਨੀਏ “ਅੱਤਵਾਦੀ” ਜਾਂ “ਈਵਲ ਸਨ” (**Evil son**)। ਸੋਲ ਜਿਹੜਾ ਕਿ ਜੀਸਸ ਦੇ ਕਾਮਿਆਂ (ਚੇਲਿਆਂ) ਨੂੰ ਮਾਰਦਾ ਸੀ “ਈਵਲ ਸਨ” ਦੀ ਇਕ ਮਹਾਨ ਹਸਤੀ ਸੀ ਅਤੇ ਮੂਰਖ ਨੂੰ ਮੁਆਫ਼ੀ ਮਿਲਣ ਕਰਕੇ ਜੀਸਸ ਨੇ ਇਕ ਚਮਤਕਾਰ ਰਾਹੀਂ ਇਸ ਨੂੰ ਸਿੱਧੇ ਰਾਹ ’ਤੇ ਪਾਇਆ ਸੀ। ਇਹ ਅੱਤਵਾਦੀ ਦੁਬਿਧਾ ਤੋਂ ਰਹਿਤ ਸੀ। ਇਸ ਦੇ ਬਾਦ ਇਸ ਨੇ ਆਪਣਾ ਨਾਂ ਸੋਲ

“ਮਗ਼ਰੂਰ” ਤੋਂ ਪੋਲ “ਹਲੀਮੀ ਵਾਲਾ” ਬਦਲ ਲਿਆ ਅਤੇ ਮੁਆਫ਼ੀ ਕਮਾਉਣ ਲਈ ਇਸ ਨੇ ਖ਼ੂਬ ਪ੍ਰਚਾਰ ਕੀਤਾ ਸੀ।

ਮੂਰਖ ਦਾ ਸੁਭਾਅ “ਉਤਭੁਜ” ਖਾਣੀ ਵਾਲਾ ਹੁੰਦਾ ਹੈ ਅਤੇ ਇਸ ਬਿਰਤੀ ਸਬੰਧੀ ਤੁਕ ਹੈ:-

ਸੋਚੈ ਸੋਚਿ ਨ ਹੋਵਈ ਜੈ ਸੋਚੀ ਲਖ ਵਾਰ॥

ਭਾਵ ਕਿ ਹਉਮੈਂ ਬਿਰਤੀ ਦੇ ਇਨਸਾਨਾਂ ਨੂੰ ਸੁਰਤੀ, “ਕਾਮਨ ਸੈਂਸ” (Common sense) ਜਾਂ “ਹੋਲੀ ਸਪਿਰਿਟ”, ਨਾ ਹੋਣ ਕਰਕੇ ਇਹ ਸਤਿਗੁਰੂ ਦੀ ਬਾਣੀ, ਜਿਹੜਾ ਕਿ ਸੁਰਤੀ ਉਪਦੇਸ਼ ਹੈ, ਨੂੰ ਸਮਝ ਨਹੀਂ ਸਕਦੇ ਭਾਵੇਂ ਉਹ ਜਿੰਨੇ ਮਰਜ਼ੀ ਜਤਨ ਕਰਨ।

ਏਥੇ ਹੱਜ ਦੇ ਚਾਰ ਸ਼ੈਤਾਨ ਵੀ ਬੜੀ ਅਸਾਨੀ ਨਾਲ ਸਮਝੇ ਜਾ ਸਕਦੇ ਹਨ। ਸ਼ੈਤਾਨ ਦੇ ਪੁੱਤਰ ਹਰਾਮੀ ਜਾਂ ਸ਼ੰਕਰ ਵਰਨੀਏ ਹੁੰਦੇ ਹਨ ਜਿਵੇਂ ਕਿ ਅੱਤਵਾਦੀ ਆਪਣੇ ਜਾਤਾਂ ਦੇ ਪਿਓ ਸਿੱਖ, ਹਿੰਦੂ, ਸ਼ਿਆ, ਸੁੰਨੀ, ਆਦਿ ਨਾਲ ਬਦਲਣ ਨਾਲ ਆਪਣੀ ਹੀ ਮੂਰਖਤਾਈ ਵਿਚ ਖੁਦ ਸ਼ੰਕਰ ਵਰਨੀਏ ਬਣਦੇ ਹਨ। ਇਸੇ ਤਰ੍ਹਾਂ ਹੀ ਹਨ ਉਹ ਹਰਾਮੀ ਜਿਹੜੇ ਕਿ ਕੰਜਰੀਆਂ ਦੇ ਪੇਟਾਂ ਵਿਚੋਂ ਪੈਦਾ ਹੁੰਦੇ ਹਨ ਜਾਂ ਮੰਦਰਾਂ ਦੀਆਂ ਦਾਸੀਆਂ ਦੇ ਜੰਮਦੇ ਹਨ।

ਹੁਣ ਜਿਹੜੇ ਕੰਜਰੀਆਂ ਦੇ ਮੁੰਡੇ “ਕੰਜਰ” ਹੁੰਦੇ ਹਨ ਉਹਨਾਂ ਦਾ ਝੁਕਾਅ ਆਮ ਤੌਰ ’ਤੇ ਸ਼ੈਤਾਨੀਆਂ ਵੱਲ ਹੀ ਹੁੰਦਾ ਹੈ ਅਤੇ ਇਹਨਾਂ ਦੇ ਨਾਉਂ ਦਾ ਬੁੱਤ ਹੈ “ਅੱਲ ਜਮਾਰ ਅੱਲ ਦੁਨੀਆ” ਅਤੇ ਇਹ ਬੁੱਤ “ਪੂਰਬ”, ਈਸਟ, ਦਿਸ਼ਾ ਵੱਲ ਬਣਾਇਆ ਹੋਇਆ ਹੈ। ਯਾਦ ਰੱਖੋ ਕਿ ਪੂਰਬ ਸੂਰਜ ਚੜ੍ਹਨ ਦੀ ਦਿਸ਼ਾ ਹੋਣ ਕਰਕੇ ਇਹ ਉਹ ਸਮਾਂ ਵੀ ਹੈ ਜਦੋਂ ਧਾਰਮਿਕ ਰੋਸ਼ਨੀ ਹੁੰਦੀ ਹੈ ਪਰ “ਕਾਮ” ਕਰਕੇ ਉਦੋਂ ਵੀ ਅੱਜ ਵਾਂਗ ਕੰਜਰੀਆਂ ਦੇ ਮੁੰਡੇ ਪੈਦਾ ਹੁੰਦੇ ਸਨ।

ਦਾਸੀਆਂ ਦੇ ਮੁੰਡੇ ਵੀ ਇਹਨਾਂ ਵਾਂਗ ਹੁੰਦੇ ਹਨ ਪਰ ਉਹ ਅਤੇ ਕੰਜਰੀਆਂ ਦੇ ਪੇਟੋਂ ਪੈਦਾ ਹੋਏ ਮੁੰਡੇ ਜੇ ਆਪਣੀ ਜ਼ਿੰਦਗੀ ਧਾਰਮਿਕ ਸੇਵਾ ਵਿਚ ਲਾ ਦੇਣ ਅਤੇ ਸ਼ਾਦੀ ਨਾ ਕਰਾਉਣ ਤਾਂ ਉਹ ਇਕ ਮਹਾਨ ਪੰਡਤ ਬਣ ਸਕਦੇ ਹਨ ਅਤੇ ਸੁਰਤੀ ਵਾਲਿਆਂ ਲੋਕਾਂ, "ਬਰਡਜ਼ ਆਫ਼ ਦੀ ਏਰ" (Birds of the air), ਨੂੰ ਧਾਰਮਿਕ ਗਿਆਨ ਦੇ ਸਕਦੇ ਹਨ। ਜੀਸਸ ਨੇ ਇਹਨਾਂ ਗਿਆਨੀਆਂ ਜਾਂ ਪੰਡਤਾਂ ਨੂੰ ਇਕ ਰਾਈ ਦੇ ਦਾਣੇ ਨਾਲ ਤਸ਼ਰੀਹ ਦਿੱਤੀ ਹੈ ਕਿਉਂਕਿ ਇਹਨਾਂ ਦੀ ਕੋਈ ਜਾਤ ਨਹੀਂ ਹੁੰਦੀ ਅਤੇ ਦੱਸਿਆ ਹੈ ਕਿ ਜੇ ਉਹ ਆਪਣੀ ਜ਼ਿੰਦਗੀ ਧਾਰਮਿਕ ਗਿਆਨ ਵਿਚ ਲਾ ਦੇਣ ਤਾਂ ਉਹ ਇਕ ਮਹਾਨ ਪੰਡਤ ਬਣ ਕੇ (ਵੱਡਾ ਪੌਦਾ) ਸੁਰਤੀ ਵਾਲਿਆਂ ਲੋਕਾਂ (ਪਰਿੰਦਿਆਂ) ਨੂੰ ਧਾਰਮਿਕ ਗਿਆਨ ਦੇ ਸਬਕ ਦਿੰਦੇ ਹਨ। ਇਸ ਲਈ ਦਾਸੀਆਂ ਦੇ "ਪੰਡਤ" ਮੁੰਡਿਆਂ ਨੂੰ "ਹਰੀਜਨ" ਵੀ ਆਖੀਦਾ ਹੈ ਜਿਵੇਂ ਕਿ ਅਕਾਲ ਪੁਰਖ ਦੇ ਭਗਤਾਂ ਨੂੰ "ਹਰਿਜਨ" ਕਹੀਦਾ ਹੈ। ਭਾਵ ਕਿ ਹਰੀ ਓਮ ਸ਼ਾਂਤੀ ਤੋਂ "ਹਰੀਜਨ" ਅਤੇ ਹਰਿ ਏਕਮ ਕਾਰ ਤੋਂ "ਹਰਿਜਨ" ਹੁੰਦਾ ਹੈ।

ਭਾਵ ਕਿ ਹਉਮੈਂ ਬਿਰਤੀ ਦੇ ਦੋ ਕਿਸਮ ਦੇ ਲੋਕ ਹੁੰਦੇ ਹਨ:-

1. ਜਿਹੜੇ ਕਿ ਦੁਨਿਆਵੀ ਮਰਿਯਾਦਾ ਦਾ ਪਾਲਣ ਕਰਦੇ ਹਨ ਉਹ ਹਨ "ਦੇਵਤਾ" ਜਾਂ "ਹੋਲੀ ਸਨ" ਜਿਵੇਂ ਕਿ ਬਹੁਤ ਸਾਰੇ ਸੱਤਿਗੁਰੂਆਂ ਦੇ ਨਾਉਂ "ਦੇਵ" ਸਨ ਅਤੇ

2. ਜਿਹੜੇ ਸ਼ੈਤਾਨਾਂ ਦੇ ਅੜਿੱਕੇ ਚੜ੍ਹ ਕੇ ਜਾਂ ਦੁਨਿਆਵੀ ਮਰਿਯਾਦਾ ਦੇ ਉਲਟ ਚਲਦੇ ਹਨ ਉਹ ਹਨ ਸ਼ੰਕਰ ਵਰਨੀਏ "ਅੱਤਵਾਦੀ" ਜਾਂ "ਈਵਲ ਸਨ"।

ਹੁਣ ਦੇਵਤਿਆਂ ਅਤੇ ਉਹ ਅੱਤਵਾਦੀ ਜਿਹੜੇ ਕਿ ਦੁਬਿਧਾ ਤੋਂ ਰਹਿਤ ਹੋਣ ਦੇ ਉੱਤੇ ਜੇ "ਰਾਮ" ਦੀ ਮਿਹਰ ਹੋਵੇ, "ਬਲ ਰਾਮ ਜੀਓ", ਤਾਂ ਸੁਰਤੀ ਨਾਲ ਉਹ ਪਾਰਬ੍ਰਹਮ ਪਰਮੇਸ਼ਰ ਨੂੰ ਅੰਤਰ ਸਤਿਗੁਰੂ ਪਾਕੇ "ਨਾਮ" ਰਾਹੀਂ ਪਾ ਸਕਦੇ ਹਨ।

ਅੰਤਰਿ ਸੱਤਿਗੁਰੂ (ਆਪਣਾ ਸੱਤਿਗੁਰੂ) ਆਰਾਧਣਾ ਜਿਹਵਾ ਜਪਿ ਸੱਤਿਗੁਰ ਨਾਉ॥
ਨੇਤ੍ਰ ਸੱਤਿਗੁਰੂ ਪੇਖਣਾ ਸ੍ਰਵਣੀ ਸੁਨਣਾ ਸੱਤਿਗੁਰ ਨਾਉ॥

ਏਦਾਂ ਦੇ ਲੋਕ ਵਿਰਲੇ ਹੀ ਹੁੰਦੇ ਹਨ ਅਤੇ ਮਨ ਦੇ ਅੰਨ੍ਹੇ ਇਹਨਾਂ ਦਾ ਖੂਬ ਮਖੌਲ ਉਡਾਉਂਦੇ ਹਨ ਜਿਵੇਂ ਕਿ ਮੇਰਾ ਅਤੇ ਮੇਰੇ ਪਿਓ ਦਾ।

2. ਮਨ ਬਿਰਤੀ:- ਮਨ ਦੇ ਅੰਨ੍ਹੇ ਬਹੁਗਿਣਤੀ ਵਿਚ ਹੁੰਦੇ ਹਨ ਅਤੇ ਇਹਨਾਂ ਦਾ ਅੰਦਾਜ਼ਾ ਤੁਸੀਂ ਧਾਰਮਿਕ ਅਸਥਾਨਾਂ 'ਤੇ ਲਾ ਸਕਦੇ ਹੋ। ਮਿਸਾਲ ਦੇ ਤੌਰ 'ਤੇ ਗੁਰਦਵਾਰਿਆਂ ਦੇ ਗ੍ਰੰਥੀ ਆਮ ਤੌਰ 'ਤੇ ਮਹਾਂ ਲਾਲਚੀ ਮਾਇਆਧਾਰੀ ਮਨ ਦੇ ਕਾਣੇ ਸਾਈਕਿਕ "ਤੁਰਕੂ" ਹੁੰਦੇ ਹਨ ਅਤੇ ਮਨ ਦੇ ਅੰਨ੍ਹੇ ਲੋਕ ਇਹਨਾਂ ਤੋਂ ਅਰਦਾਸ ਪੈਸੇ ਦੇ ਕੇ ਦੁਬਿਧਾ ਤੋਂ ਰਹਿਤ ਅਕਾਲ ਪੁਰਖ ਮੂਹਰੇ ਕਰਾਉਂਦੇ ਹਨ। ਭਾਵ ਕਿ ਗ੍ਰੰਥੀ ਨੂੰ ਤਾਂ ਮਾਇਆ ਦੀ ਸਾਰ ਹੈ ਨਾ ਕਿ ਅਕਾਲ ਪੁਰਖ ਦੀ? ਸੁਰਤੀ ਵਾਲੇ ਇਸ ਚੀਜ਼ ਨੂੰ ਜਾਣਦੇ ਹਨ ਅਤੇ ਉਹ ਇਹ ਅਰਦਾਸ ਆਦਿ ਨਹੀਂ ਕਰਾਉਂਦੇ ਕਿਉਂਕਿ ਅਕਾਲ ਪੁਰਖ ਤਾਂ ਅੰਤਰਜਾਮੀ ਹੁੰਦਾ ਹੈ। ਹੋਰ ਕਈ ਚੀਜ਼ਾਂ ਮਰਿਯਾਦਾ ਦੇ ਉਲਟ ਹੁੰਦੀਆਂ ਹਨ ਪਰ ਮਨ ਦੇ ਅੰਨ੍ਹੇ ਇਹਨਾਂ 'ਤੇ ਵਿਚਾਰ ਨਹੀਂ ਕਰ ਸਕਦੇ ਅਤੇ ਲਕੀਰ ਦੇ ਫਕੀਰ ਹੀ ਹੁੰਦੇ ਹਨ।

ਮਨ ਜਾਗਿਆਂ ਲੋਕਾਂ ਬਾਰੇ ਭਗਤ ਕਬੀਰ ਜੀ ਕਹਿੰਦੇ ਹਨ:-

ਕਬੀਰ ਮਨ ਤੋ ਏਕ ਹੈ ਚਾਹੇ ਜਹਾਂ ਲਗਾਏ॥
ਕੈ ਸੇਵਾ ਕਰ ਸਾਧ ਕੀ ਕੈ ਵਿਸ਼ੈ ਕਮਾਏ॥

ਮਨ ਦਾ ਸਬੰਧ "ਅੰਡਜ" ਖਾਣੀ ਨਾਲ ਹੋਣ ਕਰਕੇ ਇਹ ਮਨ ਅੰਡੇ ਵਿਚੋਂ ਪੈਦਾ ਹੋਈਆਂ ਚੀਜ਼ਾਂ ਭਾਵ ਕਿ ਜੀਵ ਜੰਤਰ ਵਾਂਗ ਬਹੁਤ ਹੀ ਫੁਰਤੀਲਾ ਅਤੇ ਹੁਸ਼ਿਆਰ ਹੁੰਦਾ ਹੈ। ਇਸ ਲਈ ਬਾਈਬਲ ਵਿਚ ਮਨ ਦੇ ਜਾਗੇ ਲੋਕਾਂ ਨੂੰ "ਪਰਿੰਦਿਆਂ" ਨਾਲ ਵੀ ਤਸ਼ਰੀਹ ਦਿੱਤੀ ਹੈ। ਜਿਵੇਂ ਅੰਡੇ ਵਿਚੋਂ ਪੈਦਾ ਹੋਏ ਸੱਪ ਨੁਕਸਾਨ ਦੇਹ ਵੀ ਹੁੰਦੇ ਹਨ ਇਵੇਂ ਹੀ ਲੋਕਾਂ ਨੂੰ ਲੁੱਟਣ ਵਾਲੇ ਚਤਰ ਚਲਾਕ ਲੋਕ ਵੀ "ਸੱਪ" ਹੀ ਹੁੰਦੇ ਹਨ ਅਤੇ ਇਹਨਾਂ ਅਤੇ ਮਨਮੁਖ ਤੁਰਕੂਆਂ ਉੱਤੇ ਇਤਬਾਰ ਨਹੀਂ ਕਰਨਾ ਚਾਹੀਦਾ। ਲੋਕਾਂ ਨੂੰ ਲੁੱਟਣ ਵਾਲੇ ਤੁਰਕੂ ਲੋਕ ਜਿਹੜੇ ਕਿ ਆਪਣੇ ਸਕਿਆਂ ਨੂੰ ਵੀ ਲੁੱਟਦੇ ਹਨ ਆਮ ਤੌਰ 'ਤੇ ਸੱਪ ਆਦਿ ਦੀ ਜੂਨੀ ਵਿਚ ਹੀ ਪੈਂਦੇ ਹਨ।

ਬਾਣੀ ਵਿਚ ਇਹਨਾਂ ਮਨ ਦੇ ਹੁਸ਼ਿਆਰ (ਹੋਸ਼ ਵਾਲੇ) ਲੋਕਾਂ ਬਾਰੇ ਤੁਕ ਹੈ:-

ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥

ਹੁਸ਼ਿਆਰ ਅਤੇ ਚਤਰ ਚਲਾਕ "ਦਵੀਜੇ", ਟਵਾਇਸ ਬਾਰਣ (**Twice-born),** ਲੋਕ ਭੋਲੇ ਭਾਲੇ "ਇਕੀਜੇ" ਲੋਕਾਂ 'ਤੇ ਇੰਜ ਕਾਬਜ਼ ਹੁੰਦੇ ਹਨ ਜਿਵੇਂ ਕਿ ਘਰ ਵਿਚ ਪਿਓ ਆਪਣੇ ਪੁੱਤਰਾਂ 'ਤੇ ਕਾਬਜ਼ ਹੁੰਦਾ ਹੈ। ਇਸ ਲਈ ਸਿਆਣੇ ਨੂੰ ਪਿੰਡਾਂ ਵਿਚ ਲੋਕੀ "ਬਾਪੂ" ਕਹਿ ਕੇ ਵੀ ਇੱਜ਼ਤ ਨਾਲ ਬੁਲਾਉਂਦੇ ਹਨ। ਇਹ ਮਨ ਦੇ ਜਾਗੇ ਦੋ ਕਿਸਮ ਦੇ ਹੁੰਦੇ ਹਨ:-

1. ਉਹ ਜਿਹੜੇ ਕਿ ਲੋਕਾਂ ਦੀ ਭਲਾਈ ਕਰਦੇ ਹਨ ਉਨ੍ਹਾਂ ਨੂੰ ਕਹਿੰਦੇ ਹਨ "ਹੋਲੀ ਫਾਦਰ" (Holy father) ਜਾਂ "ਸਨਮੁਖ" (Seekers/Apprentice) ਅਤੇ

2. ਉਹ ਜਿਹੜੇ ਲੋਕਾਂ ਨੂੰ ਲੁੱਟਦੇ ਅਤੇ ਵਿਸ਼ੇ ਕਮਾਉਂਦੇ ਹਨ ਉਹ ਹਨ "ਈਵਲ ਫਾਦਰ" ਜਾਂ "ਮਨਮੁਖ"। ਇਹ "ਮਨਮੁਖ" ਬੜੇ ਮੌਕਾ ਸ਼ਨਾਖ "ਕੁੱਤੇ ਦੀ ਪੂਛ" ਹੁੰਦੇ ਹਨ ਅਤੇ ਇਹਨਾਂ 'ਤੇ ਕਦੀ ਵੀ ਇਤਬਾਰ ਨਾ ਕਰੋ।

ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ॥

ਇਹ ਮਨਮੁਖ ਆਪਣੇ ਰੰਗ ਗਿਰਗਟ ਦੇ ਵਾਂਗ ਬਦਲਦਾ ਹੈ ਜਿਵੇਂ ਕਿ ਚਤਰ ਚਲਾਕਾਂ ਨੇ ਬਦਲੇ ਹਨ। ਸ਼ਹਿਰਾਂ ਦੇ ਲੋਕ ਇਸ ਵਿਚ ਮਾਹਰ ਹਨ ਜਿਵੇਂ ਕਿ ਖੱਤਰੀਆਂ ਨੇ ਮਾਇਆ ਦੀ ਖਾਤਰ ਬਦਲੇ ਹਨ। ਮੁਗ਼ਲਾਂ ਵੇਲੇ ਖੱਤਰੀ ਮੁਹੰਮੱਦੀਏ ਬਣੇ ਤਾਂ ਕੌਮ ਸ਼ੇਖ ਬਣਾਈ ਅਤੇ ਫਿਰ ਆਲਮ ਹੋਏ ਤਾਂ ਕੌਮ ਸਇੱਦ ਬਣਾ ਲਈ। ਇਹਨਾਂ ਬਾਰੇ ਮਸ਼ਹੂਰ ਹੋ ਗਿਆ:-

ਪਹਿਲੇ ਸਾਲ ਸ਼ੇਖ; ਦੂਸਰੇ ਸਾਲ ਸਇੱਦ; ਤੀਸਰੇ ਸਾਲ ਫਿਰ ਸ਼ੇਖ
ਸ਼ੇਖ ਔਰ ਸ਼ੈਤਾਨ ਕਾ ਰੁਤਬਾ ਏਕ ਹੈ;
ਪਰ ਸ਼ੈਤਾਨ (ਕੰਜਰੀਆਂ ਦੇ ਮੁੰਡੇ) ਸ਼ੇਖ ਸੇ ਕਦਰੇ ਨੇਕ ਹੈ।

ਪਿੰਡਾਂ ਦੇ ਲੋਕਾਂ ਵਿਚੋਂ ਸੈਣੀ ਕੌਮ ਦੇ ਲੋਕ ਸਬਜ਼ੀਆਂ ਆਦਿ ਵੇਚਣ ਸ਼ਹਿਰ ਜਾਂਦੇ ਸਨ ਅਤੇ ਕੁਝ ਚਲਾਕ ਬਣ ਗਏ। ਇਹਨਾਂ ਨੇ ਵੀ ਖੱਤਰੀਆਂ ਦੀ ਰੀਸੇ ਜਦੋਂ ਮੁਹੰਮੱਦੀਏ ਬਣੇ ਤਾਂ ਆਪਣੀ ਕੌਮ "ਅਰਾਈਂ" ਰੱਖੀ। ਜੁਲਾਹੇ ਕੁਝ ਹੋਰ ਚਲਾਕ ਸਨ ਇਹਨਾਂ ਨੇ ਆਪਣੀ ਕੌਮ "ਸਇੱਦ" ਰੱਖੀ ਅਤੇ ਧਾਗੇ ਤਵੀਤਾਂ ਨਾਲ ਭੋਲੇ ਭਾਲੇ ਲੋਕ ਵੀ ਲੁੱਟੇ। ਇਹਨਾਂ ਬਾਰੇ ਕਹਾਵਤ ਹੈ:-

ਪਹਿਲੇ ਥੇ ਹਮ ਨੀਮ ਜੁਲਾਹੇ ਫਿਰ ਬਣ ਗਏ ਹਮ ਦਰਜ਼ੀ।
ਚਲਤੇ ਫਿਰਤੇ ਸਇੱਦ ਬਣ ਗਏ ਅੱਗੇ ਅੱਲ੍ਹਾ ਦੀ ਮਰਜ਼ੀ।

ਇਹਨਾਂ ਲੋਕਾਂ ਨੇ ਮੌਕਾ ਸ਼ਨਾਖ਼ਤੀ ਅਨੁਸਾਰ ਆਪਣੀਆਂ ਕੌਮਾਂ ਖ਼ੁਦ ਬਦਲੀਆਂ ਅਤੇ ਕੌਮਾਂ ਪਿਓ ਹੋਣ ਕਰਕੇ ਇਹ ਬਦਲੇ ਨਹੀਂ ਜਾਂਦੇ। ਕੌਮ ਬਦਲ ਕੇ ਆਦਮੀ ਖ਼ੁਦ ਸ਼ੈਤਾਨ ਦਾ ਪੁੱਤਰ "ਹਰਾਮੀ" ਬਣਦਾ ਹੈ। ਇਸ ਲਈ ਹੱਜ ਵਿਚ ਇਹਨਾਂ ਹਰਾਮੀਆਂ ਦੇ ਬੁੱਤ ਦਾ ਨਾਉਂ ਹੈ "ਅੱਲ ਜਮਾਰ ਅੱਲ ਵੁਸਤਾ" ਅਤੇ ਇਸ ਦਾ ਬੁੱਤ ਗੱਭੇ ਹੈ। ਇਹ ਸ਼ੈਤਾਨ ਆਮ ਤੌਰ 'ਤੇ ਮਾਇਆ ਸਬੰਧੀ ਦੱਬਦਾ ਦੇ ਸ਼ਿਕਾਰ ਹੁੰਦੇ ਹਨ।

ਪਿੰਡਾਂ ਦੇ ਭੋਲੇ ਭਾਲੇ ਸਾਫ ਦਿਲ ਲੋਕ ਜਿਵੇਂ ਕਿ ਜੱਟ, ਗੁਜਰ, ਆਦਿ ਜਦੋਂ ਜਬਰੀ ਵੀ ਮੁਹੰਮੱਦੀਏ ਬਣੇ ਤਾਂ ਜੱਟ ਦੇ ਜੱਟ ਹੀ ਰਹੇ। ਇਹ ਯਾਦ ਰੱਖੋ ਕਿ ਹੁਣ ਬਹੁਤ ਸਾਰੇ ਲੋਕ ਇਹਨਾਂ ਨਵੀਆਂ ਜਾਤਾਂ ਬਾਰੇ ਨਹੀਂ ਜਾਣਦੇ ਹਨ ਅਤੇ ਉਨ੍ਹਾਂ ਸਾਰਿਆਂ ਨੂੰ ਸ਼ੈਤਾਨ ਕਹਿਣਾ ਠੀਕ ਨਹੀਂ ਹੈ। ਪਰ ਤੁਸੀਂ ਕੁਝ ਇਹਨਾਂ ਵਿਚੋਂ ਐਸੇ ਲੋਕ ਪਾਓਗੇ ਜਿਨ੍ਹਾਂ ਨੇ ਆਪਣੀਆਂ ਅਸਲੀ ਕੌਮਾਂ ਅਤੇ ਗੋਤਾਂ ਦੇ ਛਿਜਰੇ ਲੁਕੋ ਕੇ ਗੁਪਤ ਰੱਖੇ ਹੋਏ ਹਨ ਅਤੇ ਉਹ ਵਿਆਹ ਸ਼ਾਦੀ ਵੇਲੇ ਇਕ ਦੂਜੇ ਨਾਲ ਮਿਲਾਉਂਦੇ ਹਨ। ਇਹਨਾਂ ਨੇ ਦੂਸਰਿਆਂ ਦੀਆਂ ਅੱਖਾਂ ਵਿਚ ਧੂੜ ਪਾਉਣ ਲਈ ਆਪਣੇ ਗੋਤ ਆਦਿ ਅਰਬਾਂ ਵਾਲੇ, ਅਨਸਾਰੀ, ਜਾਫਰੀ, ਆਦਿ ਰੱਖੇ ਹੋਏ ਹਨ। ਇਹਨੂੰ ਕਹਿੰਦੇ ਹਨ "ਹਾਥੀ ਕੇ ਦਾਂਤ ਖਾਣੇ ਕੇ ਔਰ ਦਖਾਣੇ ਕੇ ਔਰ"। ਇਹ ਹਨ ਅਸਲੀ ਸ਼ੈਤਾਨ ਅਤੇ ਖੱਤਰੀ ਕੌਮ ਦੇ ਲੋਕ ਖਾਸ ਕਰ "ਕਰਾੜ" ਅਤੇ ਕਸ਼ਮੀਰ ਦੇ ਖੱਤਰੀ ਦੁਨੀਆ ਭਰ ਵਿਚੋਂ ਇਕ ਨੰਬਰ 'ਤੇ ਹਨ। ਇਹਨਾਂ ਵਿਚੋਂ ਜਿਹੜੇ ਆਪਣਾ ਗੋਤ ਪੁਸ਼ਤ ਦਰ ਪੁਸ਼ਤ ਬਦਲਦੇ ਹਨ ਉਹਨਾਂ ਸ਼ੈਤਾਨਾਂ ਦਾ ਤਾਂ ਤੁਸੀਂ ਪੁੱਛੋ ਹੀ ਨਾ।

ਇਹ ਸ਼ੈਤਾਨ ਆਮ ਤੌਰ ’ਤੇ ਮਾਇਆ ਸਬੰਧੀ ਠੱਗੀ ਦੇ ਬੇਸ਼ਰਮੀ ਵਾਲੇ ਕੰਮ ਕਰਦੇ ਹਨ ਜਿਵੇਂ ਕਿ ਲਾਲਚੀ ਖੱਤਰੀ ਅਰੋੜੇ ਜਿਨ੍ਹਾਂ ਨੂੰ “ਕਰਾੜ” ਕਹਿੰਦੇ ਹਨ ਨੇ ਇਰਾਨ ਆਦਿ ਮੁਲਕਾਂ ਵਿਚ ਕੀਤੇ ਅਤੇ “ਚੋਰ” ਮਸ਼ਹੂਰ ਹੋ ਗਏ ਸਨ। ਪਰ ਇਹਨਾਂ ਵਿਚੋਂ ਜਿਹੜੇ ਰੱਜੇ ਪੁੱਜੇ ਚੌਧਰ ਕਰਨੀ ਚਾਹੁੰਦੇ ਹਨ ਉਹ ਸਿਆਸਤ ਵਿਚ ਭਾਗ ਲੈਣ ਲੱਗ ਪੈਂਦੇ ਹਨ। ਇਹਨਾਂ ਸ਼ੈਤਾਨਾਂ ਦਾ ਵੇਰਵਾ ਇੰਜ “ਬੁੱਧੀ ਬਿਰਤੀ” ਸਬੰਧੀ ਵਿਚ ਹੈ।

3. ਬੁੱਧੀ ਬਿਰਤੀ:- ਇਸ ਬਿਰਤੀ ਦੇ ਲੋਕ ਸਿਆਣੇ ਹੋਣ ਕਰਕੇ ਇਹ ਰਾਜਨੀਤਕ ਜਾਂ ਸਿਆਸਤ ਵਿਚ ਭਾਗ ਲੈਣ ਦੇ ਕਾਬਲ ਹੁੰਦੇ ਹਨ ਜਿਵੇਂ ਕਿ ਪਿੰਡਾਂ ਵਿਚ ਪੰਚਾਇਤੀਏ ਆਮ ਤੌਰ ’ਤੇ ਟੱਬਰਾਂ ਦੇ ਸਿਆਣੇ ਆਦਮੀ ਹੁੰਦੇ ਹਨ। ਸਿਆਣੇ ਗੋਤਾਂ ਜਾਂ ਟੱਬਰਾਂ ਦੇ ਜਿੰਮੇਵਾਰ ਲੋਕ ਹੋਣ ਕਰਕੇ “ਪਗੜੀ” ਬੰਨ੍ਹ ਕੇ ਪੰਚਾਇਤ ਵਿਚ ਬੈਠਦੇ ਹਨ। ਇਸ ਲਈ ਪੱਗ ਸਿਆਣਿਆਂ ਲਈ ਹੁੰਦੀ ਹੈ ਨਾ ਕਿ ਨਿਆਣਿਆਂ, ਗ਼ੈਰ ਜ਼ਿੰਮੇਵਾਰ ਲੋਕਾਂ ਜਾਂ ਮਡੀਰ ਲਈ।

ਹੁਣ ਜਿਵੇਂ ਪਿੰਡ ਗੋਤਾਂ ਦੇ ਹੁੰਦੇ ਹਨ ਇਵੇਂ ਹੀ ਮੁਲਕ ਇਕ ਜਾਂ ਬਹੁ ਕੌਮਾਂ ਦੇ ਲੋਕਾਂ ਦੇ ਹੁੰਦੇ ਹਨ। ਜਿਵੇਂ ਕਿ ਅਫ਼ਗਾਨਿਸਤਾਨ ਅਫ਼ਗਾਨ ਕੌਮ ਦਾ, ਬਲੋਚਿਸਤਾਨ ਬਲੋਚ ਕੌਮ ਦਾ, ਆਦਿ ਦੇ ਘਰ, “ਫਾਦਰ ਲੈਂਡ”, ਹਨ ਅਤੇ ਬਹੁ ਕੌਮਾਂ ਦੇ ਘਰ ਜਿਵੇਂ ਕਿ ਭਾਰਤ, ਚੀਨ, ਆਦਿ “ਮਦਰ ਲੈਂਡ” ਹੁੰਦੇ ਹਨ। ਇਸ ਲਈ ਮੁਲਕਾਂ ਦੀ ਸਿਆਸਤ ਵਿਚ ਭਾਗ ਲੈਣ ਵਾਲੇ ਸਿਆਣੇ ਵੀ ਕੌਮਾਂ ਜਾਂ ਕਬੀਲਿਆਂ ਦੇ ਜ਼ਿੰਮੇਵਾਰ ਚੁਣੇ ਹੋਏ ਆਦਮੀ ਹੋਣੇ ਚਾਹੀਦੇ ਹਨ ਨਾ ਕਿ ਫਰਜ਼ੀ ਗ਼ੈਰ ਜ਼ਿੰਮੇਵਾਰ ਅਤੇ ਬਰਸਾਤੀ ਖੁੰਬਾਂ ਵਾਂਗ ਨਕਲੀ ਪਾਰਟੀਆਂ ਦੇ ਜਿਵੇਂ ਕਿ ਕਾਂਗਰਸ, ਅਕਾਲੀ, ਕਮਿਊਨਿਸਟ, ਲੇਬਰ, ਗਰੀਨ, ਆਦਿ ਜਿਨ੍ਹਾਂ ਦਾ ਕੌਮਾਂ ਨਾਲ ਕੋਈ ਵੀ ਸਬੰਧ ਨਹੀਂ ਹੁੰਦਾ ਹੈ ਅਤੇ ਇਹਨਾਂ ਦੇ ਲੀਡਰ ਪਾਰਟੀ ਬਦਲਣ ਵਿਚ ਕੋਈ ਕਸਰ ਨਹੀਂ ਛੱਡਦੇ। ਇਹ ਹਨ “ਸ਼ੰਕਰ ਵਰਨ” ਦੇ ਅੰਨ੍ਹੇ ਅੱਤਵਾਦੀਆਂ (ਪਹਾੜਾਂ) ਦੇ ਆਗੂ ਅਤੇ ਇਹਨਾਂ ਸ਼ੈਤਾਨਾਂ ਦਾ ਬੁੱਤ ਲਹਿੰਦੇ, ਪੱਛਮ, ਵਲ ਬਣਾਇਆ ਹੈ ਜਿਹੜਾ ਕਿ ਇਕ (ਜਨੂਨੀਆਂ ਦੇ) ਪਹਾੜ ਪਿੱਛੇ ਲੱਗਾ ਬਣਾਇਆ ਹੋਇਆ ਸੀ ਪਰ ਅੱਜ-ਕੱਲ੍ਹ ਇਸ ਨੂੰ ਪਹਾੜ ਨਾਲੋਂ ਅਲੱਗ ਕਰ ਦਿੱਤਾ ਗਿਆ ਹੈ।

ਹੁਣ ਜਿਹੜੇ ਲੋਕ ਗ਼ੈਰ ਮਜ਼ਹਬੀ ਜਮਾਤਾਂ ਦੇ ਲੀਡਰ ਹੁੰਦੇ ਹਨ ਉਹਨਾਂ ਨੂੰ ਕਹਿੰਦੇ ਹਨ "ਅੱਲ ਜਮਾਰ ਅੱਲ ਕੁਬਰਾ" ਅਤੇ ਜਿਹੜੇ ਮਜ਼ਹਬੀ ਰੰਗ ਵਿਚ ਲੋਕਾਂ ਨੂੰ ਪਿੱਛੇ ਲਗਾਉਂਦੇ ਹਨ ਉਹਨਾਂ ਨੂੰ ਕਹਿੰਦੇ ਹਨ "ਅੱਲ ਜਮਾਰ ਅੱਲ ਅਕਸਾ"। ਭਾਵ ਕਿ ਇਹ ਕਲਜੁਗ ਦੇ ਅੰਧੇਰੇ (ਮਗ਼ਰਬ) ਦਾ ਪੂਰਾ ਫਾਇਦਾ ਉਠਾਉਂਦੇ ਹਨ ਅਤੇ ਇਸ ਲਈ ਇਹਨਾਂ ਦਾ ਬੁੱਤ ਵੀ ਮਗ਼ਰਬ (ਪੱਛਮ) ਵਲ ਬਣਾਇਆ ਹੋਇਆ ਹੈ।

ਫਿਰ ਧਾਰਮਿਕ ਲੋਕ ਆਮ ਤੌਰ 'ਤੇ ਮਾਇਆ ਤੋਂ ਰਹਿਤ ਹੋਣ ਕਰਕੇ ਇਹਨਾਂ ਦਾ ਸ਼ੈਤਾਨ "ਅੱਲ ਜਮਾਰ ਅੱਲ ਅਕਸਾ" ਵੀ ਮਾਇਆ ਤੋਂ ਰਹਿਤ ਇਕ ਵੱਡਾ ਪਖੰਡੀ ਹੁੰਦਾ ਹੈ। ਕਿਉਂਕਿ ਇਹ ਆਪਣੇ ਆਪ ਨੂੰ ਤਿੰਨ ਗੁਣੀ ਮਾਇਆ ਤੋਂ ਰਹਿਤ ਦਿਖਾਉਂਦਾ ਹੈ। ਇਸ ਲਈ ਹੱਜ ਦੇ ਪਹਿਲੇ ਦਿਨ ਸੱਤ ਬੱਟੀਆਂ ਇਸ ਸ਼ੈਤਾਨ ਨੂੰ ਹੀ ਪੈਂਦੀਆਂ ਹਨ। ਬਾਕੀ ਦੇ ਤਿੰਨਾਂ ਦਿਨਾਂ ਨੂੰ ਹਰ ਇਕ ਸ਼ੈਤਾਨ ਦੇ ਬੁੱਤ ਨੂੰ ਸੱਤ ਸੱਤ ਬੱਟੀਆਂ ਪੈਂਦੀਆਂ ਹਨ। ਭਾਵ ਕਿ ਚੌਹਾਂ ਦਿਨਾਂ ਵਿਚ ਸ਼ੈਤਾਨ ਦੇ ਤਿੰਨਾਂ ਬੁੱਤਾਂ ਨੂੰ ਸੱਤਰ ਬੱਟੀਆਂ ਮਾਰੀਦੀਆਂ ਹਨ।

ਇਸ ਲਈ ਮਜ਼ਹਬੀ ਝਗੜੇ ਬਹੁਤ ਨੁਕਸਾਨਦੇਹ ਹੁੰਦੇ ਹਨ ਅਤੇ ਇਹਨਾਂ ਦਾ ਇਲਾਜ ਹੈ ਰੂਹਾਨੀ ਸੱਤਿ ਦਾ ਗਿਆਨ, "ਨਾਮ ਯਾ ਗੌਸਪਲ", ਜਿਵੇਂ ਕਿ ਮੇਰੇ ਪਿਓ ਨੇ ਹਮਲਾਵਰ ਅਰਾਈਆਂ ਨੂੰ ਸਮਝਾਇਆ ਸੀ ਕਿ ਸਿੱਖ ਮੁਸਲਮਾਨ ਰੂਹਾਂ ਹੁੰਦੀਆਂ ਹਨ, ਨਾ ਕਿ ਜਿਸਮ, ਜਿਹੜੇ ਜੰਮਦੇ ਅਤੇ ਮਰਦੇ ਹਨ ਅਤੇ ਇਸ ਫਸਾਦ ਵਿਚ ਅਸਾਂ ਜੱਟਾਂ ਨੇ ਮਰਨਾ ਹੈ ਅਤੇ ਤੁਸੀਂ ਅਰਾਈਆਂ ਨੇ। ਜੇ ਕੋਈ ਦੁਸ਼ਮਣੀ ਹੈ ਤਾਂ ਕੱਢ ਲਵੋ ਇਹ ਬੜਾ ਸੋਹਣਾ ਮੌਕਾ ਹੈ। ਸਾਡੇ ਵਿਚ ਕੋਈ ਦੁਸ਼ਮਣੀ ਨਹੀਂ ਸੀ ਤਾਂ ਉਹ ਦੁਸ਼ਮਣ ਦੀ ਬਜਾਏ ਅੱਲ੍ਹਾ ਵਿਚ ਇਕ ਨੰਬਰ ਦੇ ਦੋਸਤ ਬਣ ਕੇ ਉਹਨਾਂ ਨੇ ਸਾਡੀ ਰਖਵਾਲੀ ਵੀ ਕੀਤੀ।

ਇਹਨੂੰ ਕਹਿੰਦੇ ਹਨ:-

ਬੀਓ ਬੀਜ ਪੱਤ ਲੈ ਗਏ ਅੱਬ ਕਿਉਂ ਉਗਵੇ ਦਾਲ॥

ਹੁਣ ਬੁੱਧੀ ਬਿਰਤੀ ਦਾ ਸਬੰਧ “ਜੇਰਜ ਖਾਣੀ” ਨਾਲ ਹੈ ਅਤੇ ਜਿਹੜੇ ਲੋਕ ਦੁਬਦਾ ਤੋਂ ਰਹਿਤ “ਗੁਰਮੁਖ” ਹੁੰਦੇ ਹਨ ਉਹਨਾਂ ਨੂੰ ਕਹਿੰਦੇ ਹਨ “ਹੋਲੀ ਗੌਸਟ” ਕਿਉਂਕਿ ਬਾਕੀ ਦੇ ਲੋਕ ਇਹਨਾਂ ਸਿਆਣਿਆਂ ਤੋਂ ਇੰਜ ਡਰਦੇ ਹਨ ਜਿਵੇਂ ਕਿ ਲੋਕ ਭੂਤਾਂ ਤੋਂ ਡਰਦੇ ਹਨ। ਬਾਣੀ ਵਿਚ ਇਹਨਾਂ ਸਹਿਜ ਵਾਲਿਆਂ ਗੁਰਮੁਖਾਂ ਬਾਰੇ ਤੁਕਾਂ ਆਉਂਦੀਆਂ ਹਨ:-

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ॥
ਅਤੇ
ਹਿੰਦੂ (ਇਕੀਜਾ) ਅੰਨ੍ਹਾ ਤੁਰਕੂ (ਦਵੀਜਾ ਮਨਮੁਖ, ਚਤਰ ਚਲਾਕ) ਕਾਣਾ॥
ਦੋਹਾਂ ਤੇ ਗਿਆਨੀ (ਗੁਰਮੁਖ ਹੋਲੀ ਗੋਸਟ) ਸਿਆਣਾ॥

ਜਿਹੜੇ ਗਿਆਨ ਨੂੰ ਉਲਟਾ ਲਗਾਉਂਦੇ ਹਨ ਉਹਨਾਂ ਨੂੰ ਕਹਿੰਦੇ ਹਨ “ਹਿਪੋਕਰੈਟ”, ਮੱਕਾਰ ਜਾਂ “ਕੂੜਿਆਰ”। ਇਹ ਇਕੀਜਾ ਲੋਕਾਂ ਨੂੰ ਮਾਖਿਉਂ ਮਿੱਠੇ ਕੂੜਾਂ ਨਾਲ ਜਕੜਦੇ ਹਨ ਅਤੇ ਉਹਨਾਂ ਨੂੰ ਅੰਨ੍ਹਿਆਂ ਵਾਂਗ ਆਪਣੇ ਪਿੱਛੇ ਲਗਾਉਂਦੇ ਹਨ।

ਕੂੜਿਆਰ ਆਪਣੀ ਹੀ ਰਜ਼ਾ ਚਲਾਉਂਦੇ ਹਨ ਅਤੇ ਇਸ ਲਈ ਇਹ ਰੂਹਾਨੀ ਵਾਧਾ ਨਹੀਂ ਕਰ ਸਕਦੇ। ਪਰ “ਗੁਰਮੁਖ” ਜਾਂ “ਦਾਸ” (**Trained Workers**) ’ਤੇ ਜੇ ਰਾਮ ਦੀ ਕਿਰਪਾ ਹੋ ਜਾਏ ਤਾਂ ਉਹ ਚੌਥੇ ਪਦ ਵਿਚ ਪਹੁੰਚ ਕੇ ਚਿਤ ਬਿਰਤੀ, “ਹੋਲੀ ਸਪਿਰਿਟ” (**Holy Spirit**), ਜਿਹੜੀ ਕਿ ਅਕਾਲ ਪੁਰਖ ਦੀ ਸ਼ਕਤੀ, "ਮਹਾਂਦੇਵਨ", ਹੈ ਦੇ “ਭਗਤ” ਬਣ ਜਾਂਦੇ ਹਨ। ਭਾਵ ਕਿ ਚੌਥੇ ਪਦ ਵਿਚ ਆਦਮੀ ਅਤੇ ਅਕਾਲ ਪੁਰਖ ਵਿਚ ਕੋਈ ਭੇਦ ਨਹੀਂ ਰਹਿੰਦਾ।

4. ਚਿਤ ਬਿਰਤੀ:- ਜਿਹੜੇ ਗੁਰਮੁਖ ਮਾਇਆ ਤੋਂ ਰਹਿਤ ਹੋ ਜਾਣ ਅਤੇ ਇਕ ਚਿਤ ਲਾ ਕੇ ਅਕਾਲ ਪੁਰਖ ਦੇ ਬਣ ਜਾਣ ਤਾਂ ਫਿਰ ਜੇ ਰਾਮ ਦੀ ਕ੍ਰਿਪਾ ਹੋਵੇ ਤਾਂ ਉਹ ਚੌਥੇ ਪਦ ਦੇ ਭਗਤ ਹੋ ਜਾਂਦੇ ਹਨ। ਇਹਨਾਂ ਦਾ ਸਬੰਧ ਚੌਥੀ ਖਾਣੀ “ਸਵੈ ਧਜ” ਨਾਲ ਹੈ ਅਤੇ ਇਹ ਵੀ ਆਪਣੇ ਸ਼ਰਧਾਲੂਆਂ ਦਾ ਖਿਆਲ ਇੰਜ ਹੀ ਕਰਦੇ ਹਨ ਜਿਵੇਂ ਅਕਾਲ ਪੁਰਖ ਆਪਣੇ ਭਗਤਾਂ ਦਾ ਕਰਦਾ ਹੈ। ਇਸ ਦੀ ਮਿਸਾਲ ਹੈ ਸਤਿਗੁਰੂ ਤੇਗ਼ ਬਹਾਦਰ ਜੀ ਨੇ ਆਪਣੇ ਸਿੱਖ ਮੱਖਣ ਸ਼ਾਹ ਲਬਾਣੇ ਦਾ ਜਹਾਜ਼ ਕੰਢੇ ਲਾਉਣਾ।

ਇਹ ਅਕਾਲ ਪੁਰਖ ਦੇ “ਢੰਡੋਰਚੀ” (**Spokesmen**) ਹੁੰਦੇ ਹਨ ਅਤੇ ਇਹਨਾਂ ਬਾਰੇ ਤੁਕ ਹੈ:-

ਸਹਸ ਸਿਆਣਪਾਂ ਲਖ ਹੋਹਿ ਤ ਇਕ ਨ ਚਲੈ ਨਾਲਿ॥

ਇਹ ਸੱਤਵੇਂ ਕਿਸਮ ਦੇ ਲੋਕ ਸੱਤਿਪੁਰਖ ਨਾਲ ਇੱਕ-ਮਿੱਕ ਹੋਏ ਹੁੰਦੇ ਹਨ। ਬਾਕੀ ਦੀ ਪੌੜੀ ਦੇ ਅਰਥ ਇੰਜ ਹਨ:-

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥

ਆਦਮੀ ਸਚਿਆਰਾ ਕਿਵੇਂ ਹੋਵੇ ਕਿ ਉਹ ਚੌਥੇ ਪਦ ਦਾ ਹੋ ਜਾਵੇ ਅਤੇ ਅਕਾਲ ਪੁਰਖ ਨਾਲ ਇੱਕ-ਮਿੱਕ ਹੋਵੇ। ਉਹ ਇੰਜ:-

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥

ਉਸ ਦੀ ਰਜ਼ਾ ਜਿਹੜੀ ਕਿ ਹਰ ਇਕ ਸੱਚੇ ਦੇ ਦਿਲ ਵਿਚੋਂ ਅਵਾਜ਼ ਮਾਰਦੀ ਹੈ ਓਸ ਮੁਤਾਬਿਕ ਚਲਣਾ ਨਾ ਕਿ ਕਿਸੇ ਗ੍ਰੰਥੀ, ਮੁੱਲਾਂ, ਪੋਪ, ਕੁਸੰਤ, ਆਦਿ ਦੇ ਕਹਿਣੇ ਲੱਗਣਾ। ਉਹਦੇ ਹੁਕਮ ਅਨੁਸਾਰ, ਰਜ਼ਾ, ਭਾਣੇ ਵਿਚ, ਚੱਲਣ ਨੂੰ “ਇਸਲਾਮ” ਜਾਂ “ਇੰਸ਼ ਅੱਲ੍ਹਾ” ਕਹੀਦਾ ਹੈ। ਅੱਲ ਜਮਾਰ ਅੱਲ ਅਕਸਾ ਦੇ ਇਸਲਾਮ ਵਿਚ “ਇੰਸ਼ ਮੁੱਲਾਂ, ਇੰਸ਼ ਪੋਪ, ਇੰਸ਼ ਜਥੇਦਾਰ” ਦੇ ਫਤਵੇ, ਅਡਿਕਟ ਜਾਂ ਹੁਕਮਨਾਮੇ ਲਾਗੂ ਹੁੰਦੇ ਹਨ।

ਯਹੂਦੀਆਂ ਦੇ ਸੱਤ ਬੱਤੀਆਂ ਵਾਲੇ ਮਨੌਂਰ੍ਹੇ ਨਾਲ ਇੰਜ ਇਹ ਸਤ ਕਿਸਮਾਂ ਦੇ ਆਦਮੀ ਸਬੰਧਿਤ ਹਨ:-

ਗਭਲੀ ਮੋਟੀ ਬੱਤੀ ਜਿਸ ਨਾਲ ਬਾਕੀ ਦੀਆਂ ਛੇ ਬੱਤੀਆਂ ਜਗਾਈ ਦੀਆਂ ਹਨ, ਹੈ ਚਿਤ ਬਿਰਤੀ ਦੇ ਸੱਤਵੇਂ ਕਿਸਮ ਦੇ ਆਦਮੀ ਜਿਵੇਂ ਕਿ ਕ੍ਰਾਈਸਟ ਜੀਸਸ, ਸਤਿਗੁਰੂ ਨਾਨਕ

ਦੇਵ ਜੀ, ਸੇਂਟ, ਭਗਤ, ਆਦਿ ਜਾਂ ਸੱਤਿ ਪੁਰਖ, ਅੱਲ੍ਹਾ, ਪਾਰਬ੍ਰਹਮ, ਆਦਿ ਹਨ। ਕਲਜੁਗ ਵਿਚ ਇਹ ਮੋਟੀ ਬੱਤੀ ਬਾਕੀ ਦੀਆਂ ਛੇ ਬੱਤੀਆਂ ਨਾਲੋਂ ਕ੍ਰਾਈਸਟ ਦੇ ਮਾਨ ਵਿਚ ਉੱਚੀ ਕਰ ਦਈ ਦੀ ਹੈ ਕਿ ਹੁਣ ਸਤਿਗੁਰ ਮਤ ਵੇਲਾ ਹੈ।

ਬਾਕੀ ਦੀਆਂ ਬੱਤੀਆਂ ਗਭਲੀ ਨੇੜੇ ਤਿੰਨ ਸੱਜੇ ਪਾਸੇ ਦੀਆਂ "ਹੋਲੀ ਗੋਸਟ ਜਾਂ "ਦਾਸ" ਗੁਰਮੁਖ", "ਹੋਲੀ ਫਾਦਰਜ਼ ਜਾਂ ਸਨਮੁਖ" ਅਤੇ "ਹੋਲੀ ਸਨਜ਼ ਜਾਂ ਦੇਵਤੇ" ਅਤੇ ਇਹਨਾਂ ਦੇ ਉਲਟ ਖੱਬੇ ਪਾਸੇ ਹਨ "ਈਵਲ ਸਨਜ਼ ਜਾਂ ਅੱਤਵਾਦੀ", "ਈਵਲ ਫਾਦਰਜ਼ ਜਾਂ ਮਨਮੁਖ" ਅਤੇ ਦੂਰ "ਈਵਲ ਗੋਸਟ, ਮੱਕਾਰ ਜਾਂ "ਹਜ਼ਰਤ" ਕੂੜਿਆਰ"।

ਹੁਣ ਇਹ ਚਾਰ ਕਿਸਮਾਂ ਦੇ ਸ਼ੈਤਾਨ ਸਮਝਣ ਤੋਂ ਬਾਦ ਤੁਹਾਨੂੰ ਹੱਜ ਦੀ ਰਸਮ ਪੂਰੀ ਤਰ੍ਹਾਂ ਸਮਝਣ ਵਿਚ ਕੋਈ ਦਿੱਕਤ ਨਹੀਂ ਹੋਵੇਗੀ।

ਹੱਜ:- ਹੱਜ ਦੀ ਰਸਮ ਪਹਿਲੀ ਮਿੱਲਤ ਦੇ ਅਵਤਾਰ ਹਜ਼ਰਤ ਇਬਰਾਹੀਮ ਜੀ ਨੇ ਚਲਾਈ ਸੀ ਜਿਸ ਵਿਚ ਇਹ ਆਪਣੇ ਪੁੱਤਰ ਇਸਮਾਇਲ, ਜਿਹੜਾ ਕਿ ਅਰਬਾਂ ਦਾ ਵੱਡਾ ਵਡੇਰਾ ਹੋਇਆ ਹੈ, ਨੂੰ ਦੁਨੀਆ ਦਾ ਪਹਿਲਾ ਸਬਕ, ਕਿ ਤੂੰ ਪਹਿਲਾਂ ਆਪਣੇ ਦੁਨਿਆਵੀ ਪਿਓ ਦਾ ਬਣ ਤਾਂ ਫਿਰ ਤੂੰ ਰੂਹਾਨੀ ਪਿਓ ਅੱਲ੍ਹਾ ਜਾਂ ਅਕਾਲ ਪੁਰਖ ਦਾ ਬਣੇਗਾ, ਦੇਣ ਲਈ ਕੀਤੀ ਸੀ। ਉਹ ਇਹ ਹੈ ਕਿ ਜਦੋਂ ਮਨੁੱਖ ਜਨਮ ਲੈਂਦਾ ਹੈ ਤਾਂ ਉਹ ਆਪਣੀ ਮਰਜ਼ੀ ਨਾਲ ਨਹੀਂ ਬਲਕਿ ਅੱਲ੍ਹਾ ਜਾਂ ਅਕਾਲ ਪੁਰਖ ਦੀ ਰਜ਼ਾ ਮੁਤਾਬਿਕ ਹੀ ਲੈਂਦਾ ਹੈ। ਇਸ ਲਈ ਜਿਹੜਾ ਮਨੁੱਖ ਜਾਣ ਬੁਝ ਕੇ ਅੱਲ੍ਹਾ ਦੀ ਇਹ ਪਹਿਲੀ ਰਜ਼ਾ ਕਬੂਲ ਨਹੀਂ ਕਰਦਾ ਤਾਂ ਉਹ ਅੱਲ੍ਹਾ ਦਾ ਕਦੀ ਵੀ ਨਹੀਂ ਬਣ ਸਕਦਾ ਅਤੇ ਉਹ ਸ਼ੈਤਾਨ ਦਾ ਪੁੱਤਰ ਬਣ ਕੇ ਇਨਸਾਨੀਅਤ ਦੇ ਖ਼ਿਲਾਫ਼ ਕੰਮ ਕਰੇਗਾ।

ਇਸ ਹੱਜ ਦੀ ਰਸਮ ਵਿਚ ਇਸ਼ਮਾਇਲ ਨੂੰ ਸ਼ੈਤਾਨ ਚੌਂਹ ਸ਼ਕਲਾਂ ਵਿਚ ਆ ਕੇ ਆਪਣਾ ਚੇਲਾ ਬਣਾਉਣਾ ਚਾਹੁੰਦਾ ਹੈ ਅਤੇ ਹਜ਼ਰਤ ਇਬਰਾਹੀਮ ਜੀ ਦੀ ਸਿੱਖਿਆ ਅੰਦਰ ਰਹਿਣ ਕਰਕੇ ਬਾਰਾਂ ਸਾਲਾਂ ਦਾ ਇਸ਼ਮਾਇਲ ਬੱਚਾ ਇਹਨਾਂ ਵਿਚੋਂ ਕਿਸੇ ਵੀ ਸ਼ੈਤਾਨ ਦੇ ਸਬਜ਼ ਬਾਗ਼ ਦਿਖਾਉਣ ਦੇ ਬਾਵਜੂਦ ਹੱਥ ਨਾ ਆਇਆ ਅਤੇ ਇਸ਼ਮਾਇਲ ਆਪਣੇ ਪਿਓ ਦਾ ਪੁੱਤਰ, ਭਾਵ ਕਿ ਇਨਸਾਨ ਦਾ ਪੁੱਤਰ, ਹੀ ਬਣਿਆ ਰਿਹਾ।

ਹੁਣ ਇਹ ਚਾਰ ਸ਼ੈਤਾਨ ਕਿਵੇਂ ਆਮ ਬੇਸੁਰਤ ਬੱਚਿਆਂ ਵਾਂਗ ਲੋਕਾਂ ਨੂੰ ਆਪਣੇ ਪਿੱਛੇ ਲਗਾਉਣ ਲਈ ਕੀ ਚਾਰੇ ਕਰਦੇ ਹਨ ਪਰ ਇਸ਼ਮਾਇਲ ਆਪਣੇ ਪਿਓ ਤੋਂ ਸਿਖਸ਼ਾ ਲੈ ਕੇ ਸੁਰਤੀ ਵਿਚ ਆਪਣੇ ਪਿਓ ਦਾ ਹੀ ਬਣਿਆ ਰਹਿੰਦਾ ਹੈ। ਸ਼ੈਤਾਨ ਬੱਚਿਆਂ ਵਾਂਗ ਮੂਰਖ ਲੋਕਾਂ ਨੂੰ ਪਿੱਛੇ ਲਾਉਣ ਲਈ ਇੰਜ ਚਾਰੇ ਕਰਦਾ ਹੈ:-

1. ਅੱਲ ਜਮਾਰ ਅੱਲ ਦੁਨੀਆ:- ਇਹ ਕਹਿੰਦਾ ਹੈ ਯਾਰ ਤਾਂ ਲੁੱਟ ਮਾਰ, ਚੋਰੀਆਂ, ਆਦਿ ਬੇਸ਼ਰਮ ਹੋ ਕੇ ਸ਼ਰਾਰਤਾਂ ਕਰਦੇ ਹਨ ਅਤੇ ਪਿਓ, ਕੌਮ ਜਾਂ ਕਬੀਲੇ ਦੀ ਪਛਾਣ ਨਾ ਹੋਣ ਕਰਕੇ ਜੇ ਇਹ ਫੜੇ ਵੀ ਜਾਂਦੇ ਹਨ ਤਾਂ ਇਹਨਾਂ ਨੂੰ ਕੋਈ ਖ਼ਾਨਦਾਨੀ ਸ਼ਰਮ ਹਇਆ ਨਹੀਂ ਆਉਂਦੀ ਅਤੇ ਕੰਜਰੀ ਮਾਂ ਨੂੰ ਤਾਂ ਅੱਗੇ ਹੀ ਸ਼ਰਮ ਨਹੀਂ ਸੀ। ਇਹ ਸ਼ੈਤਾਨ ਬੇਸ਼ਰਮ ਹੁੰਦੇ ਹਨ ਅਤੇ ਸ਼ਰਮ ਜਾਂ ਹਇਆ ਧਰਮ ਦੀ ਬੁਨਿਆਦ ਹੋਣ ਕਰਕੇ ਇਹ ਬੇਸ਼ਰਮ ਲੋਕ ਕਦੀ ਵੀ ਧਰਮੀ ਨਹੀਂ ਹੁੰਦੇ। ਇਹ ਆਪਣੇ ਨਾਉਂ ਜਾਂ ਗੋਤ ਪੁਸ਼ਤ ਦਰ ਪੁਸ਼ਤ ਬਦਲਦੇ ਹਨ ਤਾਂ ਕਿ ਇਹਨਾਂ ਨੂੰ ਕੋਈ ਪਛਾਣ ਵੀ ਨਾ ਸਕੇ। ਇਸ ਲਈ ਆਦਮੀ ਦੇ ਪੁੱਤਰ ਆਦਮੀਆਂ ਵਾਲੇ ਕੰਮ ਆਪਣੇ ਜ਼ਿੰਮੇਵਾਰ ਕੌਮ ਦੇ ਪਿਓ ਦੀ ਇੱਜ਼ਤ ਜਾਂ ਸ਼ਰਮ ਨੂੰ ਮੁੱਖ ਰੱਖਦਿਆਂ ਕਰਦੇ ਹਨ ਅਤੇ ਧਰਮੀ ਵੀ ਬਣੇ ਰਹਿੰਦੇ ਹਨ।

2. ਅੱਲ ਜਮਾਰ ਅੱਲ ਵੁਸਤਾ:- ਇਹ ਸ਼ੈਤਾਨ ਮੌਕਾ ਸ਼ਨਾਖ, ਚਤਰ ਚਲਾਕ "ਸਾਈਕਿਕ" ਜਾਂ "ਦਵੀਜਾ ਮਨਮੁਖ" ਹੁੰਦਾ ਹੈ ਅਤੇ ਜੇ ਕਿਸੇ ਅਮੀਰ ਮੁਲਕ ਵਿਚ ਗਿਆ ਤਾਂ ਇਹ ਆਪਣਾ ਨਾਂ ਵੀ ਉਹਨਾਂ ਨਾਲ ਮਿਲਦਾ ਜਲਦਾ ਰੱਖ ਲੈਂਦਾ ਹੈ। ਇਹ ਸ਼ੈਤਾਨ ਆਪਣੀ ਕੌਮ ਪੈਸੇ ਅਤੇ ਵਿਸ਼ੇ ਦੀ ਖਾਤਰ ਬਦਲਦਾ ਹੈ ਜਿਵੇਂ ਕਿ ਖੱਤਰੀਆਂ ਆਦਿ ਨੇ ਆਪਣੀ ਕੌਮ ਸ਼ੇਖ ਆਦਿ ਰੱਖੀ ਅਤੇ ਇਰਾਨ ਵਰਗਿਆਂ ਮੁਲਕਾਂ ਵਿਚ ਆਪਣੀ ਕੌਮ ਜਾਂ ਗੋਤ ਸ਼ਹਿਰਾਂ ਉਪਰ ਰੱਖੀ। ਹੁਣ ਲਾਲਚ ਦੀ ਮਾਇਆ, ਭਾਗ ਮਹਾਂ ਛਲ, ਅਤੇ ਅਕਾਲ ਪੁਰਖ ਦਾ ਜੋੜ ਨਹੀਂ ਹੁੰਦਾ। ਇਸ ਲਈ ਆਪਣੀ ਕਮਾਈ ਹੱਕ ਹਲਾਲ ਦੀ ਹੋਣੀ ਚਾਹੀਦੀ ਹੈ ਨਾਂ ਕਿ ਬੇਈਮਾਨੀ ਦੀ।

3. ਅੱਲ ਜਮਾਰ ਅੱਲ ਕੁਬਰਾ ਅਤੇ ਅੱਲ ਜਮਾਰ ਅੱਲ ਅਕਸਾ:- ਇਹ ਦੋਵੇਂ ਹੀ ਕਲਜੁਗ ਦੇ ਖਾਸ ਸ਼ੈਤਾਨ ਹਨ ਅਤੇ ਇਹ ਮਨ ਦੇ ਅੰਨ੍ਹੇ ਬੇਸੁਰਤ ਜਨੂਨੀਆਂ ਦੇ ਪਹਾੜਾਂ ਤੋਂ ਬੇਸ਼ਰਮੀ ਵਾਲੇ ਕੰਮ ਕਰਾਉਂਦੇ ਹਨ। ਸਿਆਸਤ ਕੌਮਾਂ ਦੀ ਹੋਣ ਕਰਕੇ

ਸਿਰਫ਼ ਕਬੀਲਿਆਂ ਦੇ ਆਗੂ ਹੀ ਆਪਣੇ ਲੋਕਾਂ ਨੂੰ ਬਾਇੱਜ਼ਤ ਜ਼ਿੰਮੇਵਾਰ ਕੰਮਾਂ ਵਿਚ ਲਾਉਂਦੇ ਹਨ।

ਜਿਸ ਵੇਲੇ ਇਸ਼ਮਾਇਲ ਨੇ ਇਹ ਚਾਰੇ ਸ਼ੈਤਾਨ ਸੱਤ ਸੱਤ ਵੱਟੇ ਮਾਰ ਕੇ ਭਜਾ ਦਿੱਤੇ ਤਾਂ ਸ਼ੈਤਾਨ ਨੇ ਫਿਰ ਚੈਨ ਨਹੀਂ ਲਈ ਅਤੇ ਲੋਕਾਂ ਨੂੰ ਕਹਿਣ ਲੱਗਾ ਕਿ ਪੁੱਤਰ ਦੀ ਪਿਓ ਨਾਲ ਸ਼ਕਲ ਨਹੀਂ ਮਿਲਦੀ ਜੁਲਦੀ ਅਤੇ ਇਹ ਇਕ ਹਰਾਮੀ ਹੈ। ਇਸ ਉੱਤੇ ਖ਼ੁਦਾ, ਯਾਹਵੇਹ ਜਾਂ ਬ੍ਰਹਮਾ ਨੇ ਪਿਓ ਅਤੇ ਪੁੱਤਰ ਦੀ ਸ਼ਕਲ ਇਨ ਬਿਨ ਇਕ ਦੂਜੇ ਨਾਲ ਮਿਲਦੀ ਜੁਲਦੀ ਕਰ ਦਿੱਤੀ ਤਾਂ ਕਿ ਕਿਸੇ ਨੂੰ ਕਿਸੇ ਕਿਸਮ ਦਾ ਸ਼ਕ ਨਾ ਰਹੇ ਕਿ ਇਹ ਪਿਓ ਪੁੱਤਰ ਨਹੀਂ ਹਨ। ਇਹ ਹੱਜ ਦਾ ਮਕਸਦ, "ਮੌਰਲ", ਵੀ ਦੱਸਦਾ ਹੈ ਕਿ ਇਸ ਰਸਮ ਵਿਚ ਪੁੱਤਰ ਨੂੰ ਕਬੀਲੇ ਦੇ ਪਿਓ, ਇੱਲ੍ਹਾ, ਦਾ ਬਣਨਾ ਹੁੰਦਾ ਹੈ ਨਾ ਕਿ ਕਿਸੇ ਹੋਰ ਦਾ। ਜਿਹੜਾ ਇਨਸਾਨ ਆਪਣੇ ਇੱਲ੍ਹਾ ਦਾ ਬਣਿਆ ਰਹੇ ਓਸ ਨੂੰ ਹੀ ਅੱਲ-ਇੱਲ੍ਹਾ ਭਾਵ ਕਿ "ਅੱਲ੍ਹਾ" ਜਾਂ ਪਾਰਬ੍ਰਹਮ ਕਬੂਲ ਕਰਦਾ ਹੈ। ਇਸ ਦੀ ਮਹਾਨਤਾ ਕਰਕੇ ਹੀ ਲੋਕ ਕਾਬਾ ਵਲ ਮੁੱਖ ਕਰਕੇ ਇਬਾਦਤ ਕਰਦੇ ਹਨ। ਹੱਜ ਮਿਡਲ ਈਸਟ ਦੇ ਅਸਾਨੀ ਨਾਲ ਕਬੀਲਿਆਂ ਦੇ ਪਿਓ ਭੁਲਣ ਵਾਲੇ ਲੋਕਾਂ, ਜਿਵੇਂ ਕਿ ਯਹੂਦੀ ਲੋਕ ਹਨ, ਲਈ ਹੈ ਨਾ ਕਿ ਈਸਟ ਦੇ ਜਾਤ ਜਾਣਨ ਵਾਲਿਆਂ ਲਈ ਜਿਵੇਂ ਕਿ ਕਬੀਰ ਜੀ ਜੁਲਾਹੇ ਕੌਮ ਨੇ ਕਿਹਾ ਸੀ।

ਹੁਣ ਕਿਉਂਕਿ ਪੁੱਤਰ ਨੇ ਪਿਓ ਦੇ ਅਧੀਨ ਰਹਿਣਾ ਹੁੰਦਾ ਹੈ ਇਸ ਲਈ ਮੁੰਡੇ ਦਾ ਮੁੰਨਣ ਕੀਤਾ ਗਿਆ ਸੀ ਜਿਵੇਂ ਕਿ ਭਾਰਤ ਵਿਚ ਕਈ ਸਾਧੂ ਆਪਣੇ ਚੇਲਿਆਂ ਦਾ ਵੀ ਮੁੰਨਣ ਕਰਦੇ ਹਨ। ਇਸ ਮੁੰਨਣ ਦੇ ਬਾਦ ਮੁੰਡਾ ਧਰਮ ਯਾ ਇਸਲਾਮ ਦੇ "ਪਹਿਲੇ ਪਦ", "ਸੱਚ", ਵਿਚ ਪੈਰ ਰੱਖਦਾ ਹੈ ਅਤੇ ਇਸ ਰਸਮ ਦਾ ਨਤੀਜਾ ਜਾਂ ਮੌਰਲ ਮੁਹੰਮਦ ਸਾਹਿਬ ਨੇ ਇੰਜ ਦੱਸਿਆ ਹੈ:-

"ਕਹਿ ਇਸਲਾਮਾ; ਅਜੇ ਤਾਈਂ ਈਮਾਨ ਦਿਲ ਵਿਚ ਪ੍ਰਵੇਸ਼ ਨਹੀਂ ਹੋਇਆ"

ਭਾਵ ਕਿ ਇਸ ਹੱਜ ਦੀ ਰਸਮ ਦੇ ਬਾਦ ਆਦਮੀ "ਇਸਲਾਮ ਦੇ ਦਰਵਾਜ਼ੇ" ਜਾਂ "ਥਰਿਸ਼ਹੋਲਡ" 'ਤੇ ਹੀ ਪਹੁੰਚਦਾ ਹੈ। ਹੁਣ ਇਨਸਾਨ ਦੇ ਪੁੱਤਰ ਅਮਨ ਚੈਨ ਨਾਲ ਰਹਿੰਦੇ ਹਨ ਅਤੇ ਅਨਾਜ ਉਗਾ ਕੇ ਬੜੇ ਮਜ਼ੇ ਲੁੱਟਦੇ ਹਨ। ਇਸ ਲਈ ਖ਼ੁਦਾ ਨੇ

ਇਹਨਾਂ ਦੋਹਾਂ ਨੂੰ ਇਕ ਬੱਕਰਾ ਦਿੱਤਾ ਤਾਂ ਕਿ ਇਹ ਪਿਓ ਪੁੱਤਰ ਆਪਸ ਵਿਚ ਇਕ ਕਬੀਲੇ ਦੇ ਬਣ ਕੇ ਖੁਸ਼ੀਆਂ ਮਨਾਉਣ। ਯਾਦ ਰੱਖੋ ਜਦੋਂ ਪਾਰਟੀਸ਼ਨ ਵੇਲੇ ਮੇਰੇ ਪਿਓ ਨੇ ਹਮਲਾਵਰ ਨਕੋਦਰ ਪਿੰਡ ਦੇ ਜ਼ੈਲਦਾਰ ਨੂੰ ਉਹਦੇ ਅਰਾਈਂ ਪਿਓ ਦਾ ਬਣਾਇਆ ਅਤੇ ਆਪ ਅਸੀਂ ਧੰਨੂਆਣੇ ਦੇ ਜੱਟ ਬਣੇ ਨਾ ਕਿ ਸਿੱਖ ਅਤੇ ਮੁਸਲਮਾਨ ਤਾਂ ਉਹ ਇਕ ਦੁਸ਼ਮਣ ਦੀ ਬਜਾਏ ਅੱਲ੍ਹਾ ਵਿਚ ਇਕ ਨੰਬਰ ਦਾ ਦੋਸਤ ਬਣਿਆ ਅਤੇ ਸੁਖ ਚੈਨ ਰਹੀ। ਪਰ ਜਿਹੜੇ ਸ਼ੈਤਾਨ ਦੇ ਪੁੱਤਰ ਹੁੰਦੇ ਹਨ ਉਹ ਨਾ ਆਪ ਚੈਨ ਲੈਂਦੇ ਹਨ ਅਤੇ ਨਾ ਹੀ ਕਿਸੇ ਨੂੰ ਚੈਨ ਲੈਣ ਹੀ ਦਿੰਦੇ ਹਨ ਜਿਵੇਂ ਕਿ ਤੁਸੀਂ ਅੱਜ ਜੈਰੂਸ਼ਿਲਮ, ਕਸ਼ਮੀਰ, ਆਦਿ ਵਿਚ ਅਤੇ ਹੋਰ ਮਜ਼ਹਬੀ ਝਗੜਿਆਂ ਵਾਲੇ ਮੁਲਕਾਂ ਵਿਚ ਦੇਖਦੇ ਹੋ। ਯਾਦ ਰੱਖੋ ਕਿ ਇਬਰਾਹੀਮ ਇਕ ਸਿਮਾਇਟ ਨਸਲ ਦਾ ਸੀ ਨਾ ਕਿ ਉਹ ਜਿਸਮ ਦਾ ਯਹੂਦੀ, ਹਮਾਸ, ਫੱਤ੍ਹਾ ਜਾਂ ਮੁਹੰਮਦੀਆ!!

ਹੁਣ "ਮੁਸਲਮਾਨ" ਇਕ ਪੱਕੇ ਈਮਾਨ ਵਾਲਾ ਆਦਮੀ ਹੁੰਦਾ ਹੈ ਅਤੇ ਇਹ ਸ਼ਰਮਸਾਰ, ਸੱਚਾ, ਸੰਤੋਖੀ ਅਤੇ ਰਹਿਮ ਦਿਲ ਹੁੰਦਾ ਹੈ। ਕਿਉਂਕਿ "ਦਇਆ ਧਰਮ ਕਾ ਪੂਤ" ਜਾਂ ਨਿਸ਼ਾਨ ਹੁੰਦਾ ਹੈ ਇਸ ਲਈ ਅਸਲੀ ਮੁਸਲਮਾਨ ਅੱਲ੍ਹਾ ਵਿਚ ਹੁੰਦਾ ਹੈ ਅਤੇ ਅੱਲ੍ਹਾ ਉਹਦੇ ਵਿਚ। ਏਦਾਂ ਦੇ ਪੱਕੇ ਇਮਾਨ ਵਾਲੇ ਮੁਸਲਮਾਨ ਨੂੰ ਨਮਾਜ਼ ਪੜ੍ਹਨ ਜਾਂ ਫਾਕੇ ਰੱਖਣ ਦੀ ਕੋਈ ਲੋੜ ਨਹੀਂ ਹੁੰਦੀ ਕਿਉਂਕਿ ਅੱਲ੍ਹਾ ਉਹਦੇ ਹਿਰਦੇ ਦੀ ਗੱਲ ਤਾਂ ਅੱਗੇ ਹੀ ਜਾਣਦਾ ਹੈ। ਇਸ ਬਾਰੇ ਭਗਤ ਕਬੀਰ ਜੀ ਕਹਿੰਦੇ ਹਨ:-

ਕਬੀਰ ਮੁੱਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਿਰਾ ਹੋਇ॥
ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰਿ ਜੋਇ॥
ਅਤੇ
ਪੂਜਾ ਕਰਉ ਨ ਨਿਵਾਜ ਗੁਜਾਰਉ॥
ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥

ਫਿਰ ਹੱਜ 12 ਤੋਂ 16 ਸਾਲਾਂ ਦੇ ਮੁੰਡਿਆਂ ਲਈ ਹੁੰਦਾ ਹੈ ਤਾਂ ਕਿ ਉਹ ਆਪਣੇ ਪਿਓਆਂ ਦੇ ਬਣੇ ਰਹਿਣ ਕਿਉਂਕਿ ਪਿਓ ਨੇ ਆਪਣੀ ਜਾਇਦਾਦ ਆਪਣੇ ਪੁੱਤਰਾਂ ਨੂੰ ਹੀ ਦੇਣੀ ਹੁੰਦੀ ਹੈ ਨਾ ਕਿ ਹੋਰ ਕਿਸੇ ਨੂੰ ਜਾਂ ਸ਼ੈਤਾਨ ਦੇ ਪੁੱਤਰਾਂ ਨੂੰ। ਇਸੇ ਹੀ ਲਈ ਜਦੋਂ ਵੀ ਆਈਜ਼ਿਕ ਦੀ ਔਲਾਦ ਜਿਹੜੇ ਕਿ ਆਪਣੇ ਆਪ ਨੂੰ ਅੱਜ-ਕੱਲ੍ਹ ਯਹੂਦੀ ਕਹਾਉਂਦੇ

ਹਨ ਇਬਰਾਹੀਮ ਨਾਲ ਆਪਣਾ ਸਬੰਧ ਤੋੜ ਲੈਂਦੇ ਹਨ ਤਾਂ ਉਦੋਂ ਹੀ ਇਹਨਾਂ ਜਿਸਮ ਦੇ ਯਹੂਦੀਆਂ ਨੂੰ ਇਬਰਾਹੀਮ ਦੀ "ਪਰੋਮਿਸਡ ਲੈਂਡ" (Promised Land) ਵਿਚੋਂ ਬਾਹਰ ਕੱਢ ਦਿੱਤਾ ਜਾਂਦਾ ਹੈ ਅਤੇ ਇਹ ਦੂਸਰੇ ਮੁਲਕਾਂ ਵਿਚ ਧੱਕੇ ਖਾਂਦੇ ਅਤੇ ਅੰਨ੍ਹੇ ਆਗੂਆਂ ਦੇ ਹੇਠ ਮਰਦੇ ਹਨ ਜਿਵੇਂ ਕਿ ਜਰਮਨੀ ਵਿਚ ਹੁਣੇ ਹੀ ਮਰੇ ਹਨ। ਯਾਦ ਰੱਖੋ ਕਿ ਇਹਨਾਂ ਚਤਰ ਚਲਾਕ ਯਹੂਦੀਆਂ ਨੇ ਆਪਣੀ ਇਬਰਾਹੀਮ – ਆਈਜ਼ਿਕ ਵਾਲੀ ਹੱਜ ਦੀ ਵਾਰਦਾਤ ਵੀ ਬਦਲੀ ਹੋਈ ਹੈ ਜਿਸ ਵਿਚ ਸ਼ੈਤਾਨ ਨੂੰ ਭਜਾਉਣ ਦਾ ਕਿੱਸਾ ਦਿੱਤਾ ਹੀ ਨਹੀਂ ਅਤੇ ਬੱਕਰਾ ਖਾਣਾ ਸ਼ੁਰੂ ਕਰ ਦਿੱਤਾ। ਇਹ ਹੈ ਪੁਰਾਣੇ "ਕਪੜੇ", ਸਿਕਰਿਪਚਰ (Scriptures), ਪੋਥੀ ਵਿਚ ਛੇਦ ਜਿਹੜੇ ਕਿ ਸੁਰਤੀ ਨਾਲ ਭਰੇ ਜਾਂਦੇ ਹਨ ਅਤੇ ਜੀਸਸ ਨੇ ਕੀਤੇ।

ਬਾਕੀ ਇਹ "ਕਾਬਾ" ਪਹਿਲੇ ਪਦ ਦਾ ਅਸਥਾਨ ਖੁਦਾ ਸਬੰਧੀ ਹੋਣ ਕਰਕੇ ਇਹ "ਆਦਮ ਜਾਂ ਮਹਾਦੇਵ" ਦਾ ਮੰਦਰ ਹੈ ਅਤੇ ਅੱਲ੍ਹਾ ਦਾ ਨਹੀਂ। ਏਥੇ ਕਬੀਲਿਆਂ ਦੇ "ਇੱਲਾ" ਜਿਨ੍ਹਾਂ ਦਾ ਖੁਦਾ ਨਾਲ ਸਬੰਧ ਹੈ ਰੱਖੇ ਹੁੰਦੇ ਸਨ। ਮੁਸਲਮਾਨ ਤੀਜੇ ਪਦ ਦੇ ਇਨਸਾਨ ਹੁੰਦੇ ਹਨ ਅਤੇ ਇਹਨਾਂ ਨੇ ਪਹਿਲੇ ਪਦ ਦੀ ਬੱਚਿਆਂ ਵਾਲੀ ਜਮਾਤ ਪਾਸ ਕਰ ਲਈ ਹੁੰਦੀ ਹੈ। ਇਸੇ ਹੀ ਕਰਕੇ ਪਹਿਲਾਂ ਪਹਿਲੇ ਪਦ ਦੇ ਬੱਚੇ "ਕਾਬਾ" ਨੂੰ ਸੱਜੇ ਹੱਥ ਰੱਖ ਕੇ ਸੱਤ ਪਰਕਰਮਾਂ ਕਰਦੇ ਹੁੰਦੇ ਸਨ ਅਤੇ ਫਿਰ ਤੀਜੇ ਪਦ ਦੇ ਮੁਸਲਮਾਨ ਇਸ ਨੂੰ ਖੱਬੇ ਪਾਸੇ ਰੱਖ ਕੇ ਕਰਨ ਲੱਗ ਪਏ ਹਨ। ਏਦਾਂ ਹੀ ਹਰਿਮੰਦਰ ਸਾਹਿਬ ਦੂਸਰੇ ਪੰਥ ਸਿੱਖਾਂ ਦਾ ਅਸਥਾਨ ਹੋਣ ਕਰਕੇ ਸਿੱਖ ਇਸ ਨੂੰ ਸੱਜੇ ਪਾਸੇ ਰੱਖ ਕੇ ਪੰਜ ਵਾਰ ਪਰਕਰਮਾਂ ਕਰਦੇ ਹਨ ਅਤੇ ਤੀਜੇ ਪੰਥ ਦੇ ਖ਼ਾਲਸੇ ਇਸ ਨੂੰ ਖੱਬੇ ਪਾਸੇ ਰੱਖ ਕੇ। ਪਰ ਹੁਣ ਖ਼ਾਲਸਿਆਂ ਦਾ ਪਿਓ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਤਾਂ ਇਸ ਅਸਥਾਨ 'ਤੇ ਆਏ ਹੀ ਨਹੀਂ ਸਨ ਪਰ ਇਹ ਉਹਨਾਂ ਦੇ ਪੁੱਤਰ ਖ਼ਾਲਸੇ ਉਥੇ ਕੀ ਕਰਨ ਜਾਂਦੇ ਹਨ? ਹੁਣ "ਇੱਲਾ" "ਜਠੇਰਿਆਂ" ਵਾਂਗ ਕਬੀਲਿਆਂ ਦੇ ਵੱਡਾ ਵਡੇਰਿਆਂ ਦਾ "ਦੇਵਤਾ" ਹੁੰਦਾ ਹੈ ਅਤੇ ਇਹਨਾਂ ਤੋਂ ਉੱਪਰ ਹੈ ਰੂਹਾਂ ਦਾ ਸੱਚਾ ਪਿਓ "ਅੱਲ ਇੱਲਾ ਜਾਂ ਅੱਲ੍ਹਾ"। ਕਿਉਂਕਿ ਕਲਜੁਗ ਅਕਾਲ ਪੁਰਖ, ਪਾਰਬ੍ਰਹਮ ਜਾਂ ਅੱਲ੍ਹਾ ਦਾ ਸਮਾਂ ਹੁੰਦਾ ਹੈ ਇਸ ਲਈ ਸਤਿਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ:-

ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ॥

ਫਿਰ ਭਗਤ ਕਬੀਰ ਜੀ ਚੌਥੇ ਪਦ, ਭਾਵ ਕਿ ਅੱਲ੍ਹਾ ਨਾਲ ਇੱਕ-ਮਿੱਕ ਸਨ, ਅਤੇ ਆਪਣੀ ਕੌਮ ਜੁਲਾਹਾ ਦੱਸਦੇ ਸਨ ਭਾਵ ਕਿ ਆਦਮੀ, ਸ਼ਿਵ, ਦੇ ਪੁੱਤਰ ਹੋਣ ਕਰਕੇ ਫ਼ਰਮਾਉਂਦੇ ਹਨ:-

ਕਬੀਰ ਹਜਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ॥
ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨ੍ਹਿ ਫੁਰਮਾਈ ਗਾਇ॥

ਭਾਵ ਕਿ ਹੱਜ ਆਪਣੀ ਜਾਤ ਨਾ ਛਪਾਉਣ ਵਾਲਿਆਂ ਲਈ ਨਹੀਂ ਹੁੰਦਾ ਪਰ ਭਗਤ ਜੇ ਚਾਹੁਣ ਐਦਾਂ ਦੇ ਅਸਥਾਨਾਂ 'ਤੇ ਜਾ ਕੇ ਆਪਣਾ ਪ੍ਰਚਾਰ ਜ਼ਰੂਰ ਕਰਦੇ ਹਨ।

ਅਖੀਰ 'ਤੇ ਭਗਤ ਕਬੀਰ ਜੀ ਦੱਸਦੇ ਹਨ ਕਿ ਸ਼ੈਤਾਨ ਅੱਲ-ਕੁਬਰਾ (ਕਾਂਗਰਸ, ਕਮਿਊਨਿਸਟ, ਲੇਬਰ, ਗਰੀਨ, ਲਿਬਰਲ, ਆਦਿ ਪਾਰਟੀਆਂ) ਅਤੇ ਅੱਲ-ਅਕਸਾ (ਅਕਾਲੀ ਦਲ, ਸ਼ਿਆ, ਸੁੰਨੀ, ਹਿੰਦੂ ਦਲ, ਮੁਸਲਮ ਲੀਗ, ਆਦਿ ਪਾਰਟੀਆਂ) ਕਿਵੇਂ ਪਿੰਡਾਂ ਦੇ ਜੱਟ, ਤਰਖਾਣ, ਲੁਹਾਰ, ਚੂਹੜੇ, ਚਮਿਆਰ, ਆਦਿ ਕੌਮਾਂ ਦੇ ਮਨ ਦੇ ਅੰਨ੍ਹਿਆਂ ਲੋਕਾਂ ਨੂੰ ਤੰਗ ਕਰਦੇ ਹਨ:-

ਮਨ ਰਹਿਣਾ ਹੁਸ਼ਿਆਰ ਇਕ ਦਿਨ ਚੋਰ ਨਰੋਈ ਆਵੇਗਾ॥
ਤੀਰ ਤਬਰ ਤਲਵਾਰ ਨਾ ਬਰਛੀ, ਨ ਹੀ ਬੰਦੂਕ ਚਲਾਵੇਗਾ॥
ਆਵਤ ਜਾਤ ਲਖੇ ਨਾਹੀ ਕੋਇ, ਘਰ ਵਿਚ ਦੁੰਦ ਮਚਾਵੇਗਾ॥
ਨਾ ਗੜ੍ਹ ਤੋੜੇ ਨਾ ਗੜ੍ਹ ਫੋੜੇ ਨਾ ਵੋਹ ਰੂਪ ਵਿਖਾਵੇਗਾ॥
ਨਗਰ ਸੇ ਕੁਛ ਕਾਮ ਨਹੀਂ ਹੈ ਤੁਝੇ ਪਕੜ ਲੇ ਜਾਵੇਗਾ॥
ਨਹੀਂ ਫਰਿਆਦ ਸੁਣੇਗਾ ਤੇਰੀ, ਨਾ ਕੋਈ ਤੁਝੇ ਬਚਾਵੇਗਾ॥
ਲੋਕ ਕੁਟੰਬ ਪ੍ਰਵਾਰ ਘਨੇਰੇ, ਏਕ ਕਾਮ ਨਹੀਂ ਆਵੇਗਾ॥
ਸੁਖ ਸੰਪਤ ਧੰਨ ਧਾਮ ਬੁੜਾਈ ਤਿਆਗ ਸਗਲ ਤੂ ਜਾਵੇਗਾ॥
ਢੂੰਢੇ ਪਤਾ ਮਿਲੇ ਨਹੀਂ ਤੇਰਾ, ਖੋਜੀ ਖੋਜ ਨਾ ਪਾਵੇਗਾ॥
ਹੈ ਕੋਈ ਐਸਾ ਸੰਤ ਬਵੇਕੀ, ਗੁਰੂ ਗੁਣ ਆਣ ਸੁਣਾਵੇਗਾ॥
ਕਹੇ ਕਬੀਰ ਸੋਏ ਸੋ ਖੋਏ, ਜਾਗੇਗਾ ਸੋ ਪਾਵੇਗਾ॥

ਅਵਲਿ ਅਲਾਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥

ਭਾਵ ਕਿ ਕੁਦਰਤ ਖੁਦਾਏ ਦੀ ਅਤੇ ਨੂਰ ਅੱਲ੍ਹਾ ਦਾ।

ਇਹ ਕਲਜੁਗ ਰੂਹ, ਸੁਰਤੀ ਜਾਂ ਅਕਾਲ ਪੁਰਖ ਸਬੰਧੀ ਸਮਾਂ ਹੋਣ ਕਰਕੇ (ਨਾ ਕਿ ਕਰਮਾਂ ਸਬੰਧੀ ਜਿਵੇਂ ਕਿ ਪਿਛਲੇ ਯੁਗ ਸਨ) ਇਸ ਯੁਗ ਦੀ ਉਮਰ ਸਾਲਾਂ ਬੱਧੀ ਘਟਦੀ ਹੈ ਅਤੇ ਮਾਇਨ ਕੈਲੰਡਰ ਦੇ ਅਨੁਸਾਰ ਇਹ ਕਲਜੁਗ 21 ਦਸੰਬਰ 2012 ਨੂੰ ਖਤਮ ਹੋਏਗਾ। ਅੱਗੇ ਅੱਲ੍ਹਾ ਦੀ ਮਰਜ਼ੀ।

ਅਮਰੀਕਾ ਇਕ ਹੋਰ ਹਮਲਾ (ਪਹਿਲਾ ਈਰਾਕ ’ਤੇ ਵਾਰ ਅਨਜਾਣੇ ਵਿਚ ਅਤੇ ਦੂਸਰਾ ਜਾਣ ਬੁੱਝ ਕੇ) ਕਰੇਗਾ ਅਤੇ ਫਿਰ ਅਟੋਮਿਕ ਲੜਾਈ ਜੈਰੂਸ਼ਿਲਮ ਤੋਂ ਸ਼ੁਰੂ ਹੋਵੇਗੀ।

# ਮਸੀਹ ਈਸਾ ਜੀ ਦਾ ਕੁਆਰੀ ਦੇ ਜਨਮ ਕਿਉਂ ਅਤੇ ਉਸ ਦੇ ਸਬੂਤ?

ਬਹੁਗਿਣਤੀ ਵਿਚ ਲੋਕ ਇਹ ਕਹਿੰਦੇ ਹਨ ਕਿ ਮਸੀਹ ਈਸਾ ਜੀ ਨੇ ਜੁੱਡਾ ਕਬੀਲੇ ਦੀ ਇਕ ਕੁਆਰੀ ਕੁੜੀ ਦੇ ਬੇਥਲੈਹੇਮ ਸ਼ਹਿਰ ਦੀ ਇਕ ਸਰਾਂ ਵਿਚ ਜਨਮ ਲਿਆ। ਇਹ ਬੇਥਲੈਹੇਮ ਸ਼ਹਿਰ ਪੁਰਾਤਨ ਬਾਦਸ਼ਾਹ ਡੇਵਿਡ, "ਜੁੱਡਾ ਕਬੀਲੇ ਦਾ ਬੱਬਰ ਸ਼ੇਰ", ਦਾ ਵੀ ਜਨਮ ਅਸਥਾਨ ਹੈ। ਏਥੇ ਦੀ ਇਕ ਸਰਾਂ ਵਿਚ ਘੋੜੇ ਖੋਤੇ ਆਦਿ ਸੇਵਾ ਕਰਨ ਵਾਲੇ ਪਸ਼ੂਆਂ ਦੇ ਹਾਤੇ ਵਿਚ ਈਸਾ ਜੀ ਨੇ ਜਨਮ ਲਿਆ ਸੀ ਕਿਉਂਕਿ ਕਹਿੰਦੇ ਹਨ ਕਿ ਸਰਾਂ ਵਿਚ ਕੋਈ ਕਮਰਾ ਖਾਲੀ ਨਹੀਂ ਸੀ? ਫਿਰ ਉਸ ਦੀ ਮੌਤ ਵੀ ਇਕ ਬੜੀ ਭਿਆਨਕ ਅਤੇ ਹਲੀਮੀ ਵਾਲੀ ਥਾਂ ਕਰਾਸ 'ਤੇ ਟੰਗਣ ਨਾਲ ਹੋਈ।

ਪਰ ਏਦਾਂ ਕਿਉਂ ਹੋਇਆ ਸੀ ਇਸ ਦੀ ਸਮਝ ਕਿਸੇ ਨੂੰ ਹੀ ਹੋਵੇਗੀ। ਇਸ ਦਾ ਵੇਰਵਾ ਇੰਜ ਹੈ:-

ਕੁਆਰੀ ਕੁੜੀ ਦੇ ਜਨਮ ਕਿਉਂ ਲਿਆ?:- ਇਸ ਦਾ ਜਵਾਬ "ਦਵੀਜੇ" ਸੁਰਤੀ ਵਾਲਿਆਂ ਲਈ ਤਾਂ ਬਹੁਤ ਹੀ ਸੌਖਾ ਹੈ ਪਰ ਜੇ ਕੋਈ ਇਸ ਉੱਤੇ ਸੁਰਤੀ ਨਾਲ ਸੋਚ ਵਿਚਾਰ ਕਰੇ!!! ਪਰ ਕਿਤਾਬੀ ਕੀੜੇ ਜਾਂ "ਇਕੀਜੇ" ਦੀ ਸਮਝ ਤੋਂ ਇਹ ਬਾਹਰਾ ਹੈ। ਇਹ ਕਿਤਾਬੀ ਕੀੜੇ ਬਾਈਬਲ ਆਦਿ ਪੁਸਤਕਾਂ ਨੂੰ ਇਕ ਨਾਵਲ ਵਾਂਗ ਹੀ ਪੜ੍ਹਦੇ ਹਨ ਅਤੇ ਮਸੀਹ ਈਸਾ ਜੀ, ਜਿਹੜਾ ਕਿ ਇਕ "ਮਹਾਨ ਸੇਵਾਦਾਰ" ਸੀ, ਨੂੰ ਮਹਾਨ ਹੁਕਮਰਾਨ "ਲਾਰਡ" ਕਹਿੰਦੇ ਹਨ ਤਾਂ ਕਿ ਪੋਪ ਆਦਿ ਇਹ ਕਹਿ ਕੇ ਲੋਕਾਂ 'ਤੇ ਵੀ ਰਾਜ ਕਰ ਸਕਣ ਅਤੇ ਕਰਦੇ ਰਹੇ ਹਨ। ਹੁਣ ਮਸੀਹ ਈਸਾ ਜੀ ਦੁਨੀਆ ਵਿਚ ਅਕਾਲ ਪੁਰਖ ਦਾ ਪਹਿਲਾ ਖਾਸ "ਅਨਾਉਂਟਿੱਡ" ਢੰਡੋਰਚੀ ਸਤਿਗੁਰੂ, ਮਸੀਹਾ ਜਾਂ ਕ੍ਰਾਈਸਟ ਆਇਆ ਸੀ ਅਤੇ ਇਸ ਨੇ ਕਿੰਗ ਡੇਵਿਡ ਦੇ ਹੀ ਕਬੀਲੇ ਵਿਚ ਜਨਮ ਲੈਣਾ ਸੀ ਜਿਵੇਂ ਕਿ ਸਤਿਗੁਰੂ ਨਾਨਕ ਦੇਵ ਜੀ ਸ੍ਰੀ ਰਾਮ ਚੰਦਰ ਜੀ ਦੀ ਖੱਤਰੀ ਕੌਮ ਦੇ ਹੀ ਘਰ ਵਿਚ ਪੈਦਾ ਹੋਏ ਸਨ। ਹੋ ਸਕਦਾ ਹੈ ਕਿ ਇਹ ਦੋਵੇਂ ਉਹਨਾਂ ਦੇ ਖ਼ਾਨਦਾਨਾਂ ਵਿਚੋਂ ਹੀ ਹੋਏ ਹੋਣ। ਇਹ ਜੁੱਡਾ ਅਤੇ ਖੱਤਰੀ ਕੌਮਾਂ ਦੇ ਲੋਕ ਪਿਛਲੇ ਤ੍ਰੇਤੇ ਯੁਗ ਵਿਚ ਬੜੇ ਧਾਰਮਿਕ ਹੁੰਦੇ ਸਨ ਕਿ ਲੋਕ ਇਹਨਾਂ ਨੂੰ "ਦੇਵਤਾ" ਕਹਿੰਦੇ ਸਨ ਪਰ ਕਲਜੁਗ ਵਿਚ

ਇਸ ਦੇ ਉਲਟ ਅਤੇ ਸੱਚ ਦਾ ਕਾਲ (ਕਹਿਤ - ਕਾਲ ਯੁਗ ਜਾਂ ਕਲਜੁਗ) ਹੋਣ ਕਰਕੇ ਬਹੁਗਿਣਤੀ ਵਿਚ ਇਹ ਆਪਣੀ "ਭਾਖਿਆ" ਬਦਲ ਕੇ ਇਕ ਵੱਡੇ ਬੇਈਮਾਨ, ਲਾਲਚੀ (ਕਰਾੜ) ਅਤੇ ਚਤਰ ਚਲਾਕ ਲੋਕ ਹੋ ਜਾਂਦੇ ਹਨ। ਜੂੱਡਾ ਕੌਮ ਦੇ ਲੋਕ ਕਿੰਨੇ ਕੁ ਖਰਾਬ ਸਨ ਇਸ ਦੀ ਮਿਸਾਲ ਜੂੱਡਾ ਇਸਕਿਰੀਓਟ ਨੇ ਦਿੱਤੀ ਹੈ ਜਿਸ ਨੇ ਮਾਇਆ ਵਾਲੀ ਥੈਲੀ ਸਾਂਭੀ ਹੋਈ ਸੀ ਅਤੇ 30 ਸਿੱਕੇ ਲੈ ਕੇ ਈਸਾ ਜੀ ਨੂੰ ਫੜਵਾਇਆ ਸੀ। ਯਾਦ ਰੱਖੋ ਕਿ ਮਸੀਹ ਈਸਾ ਜੀ ਨੇ ਆਪਣਾ ਅੰਮ੍ਰਿਤ ਜਿਸ ਨੂੰ ਇਹ "ਲਾਸਟ ਸੱਪਰ" ਕਹਿੰਦੇ ਹਨ ਛਕਾਉਣ ਤੋਂ ਪਹਿਲਾਂ ਇਸ ਧੋਖੇਬਾਜ਼ ਚਤਰ ਅਤੇ ਮਾਇਆਧਾਰੀ (ਬੇਈਮਾਨ) ਨੂੰ ਬੜੀ ਲੱਖ ਲਾਨ੍ਹਤ ਪਾ ਕੇ ਬਾਹਰ ਕੱਢ ਦਿੱਤਾ ਸੀ ਪਰ ਜਦੋਂ ਈਸਾ ਜੀ ਨੂੰ ਮਾਰ ਦਿੱਤਾ ਗਿਆ ਸੀ ਤਾਂ ਉਹ ਆਪਣੀਆਂ ਕਰਤੂਤਾਂ 'ਤੇ ਏਨਾ ਸ਼ਰਮਸਾਰ ਹੋਇਆ ਸੀ ਕਿ ਉਸ ਨੇ 30 ਸਿੱਕੇ (ਬਲੱਡ ਮਨੀ) ਟੈਂਪਲ ਵਿਚ ਜਾ ਸੁੱਟੇ ਅਤੇ ਲੋਕਾਂ ਦੀ ਲੱਖ ਲਾਨ੍ਹਤ ਤੋਂ ਬਚਣ ਲਈ ਆਪੇ ਹੀ ਖ਼ੁਦਕਸ਼ੀ ਕਰ ਲਈ ਸੀ।

ਹੁਣ ਮਸੀਹ ਈਸਾ ਜੀ ਦੇ ਰਹਿਮ-ਦਿਲੀ ਦੇ ਕਰਮ ਦੇਖ ਕੇ ਇਕ ਔਰਤ ਨੇ ਇਹ ਕਿਹਾ ਕਿ ਤੂੰ ਡੇਵਿਡ ਦਾ ਅਸਲੀ ਪੁੱਤਰ ਹੈਂ ਪਰ ਇਹ ਕਿਤਾਬੀ ਕੀੜੇ ਲਫਜ਼ੀ ਮਤਲਬ ਲਾ ਕੇ ਉਸ ਨੂੰ ਡੇਵਿਡ ਦਾ ਜਿਸਮਾਨੀ ਪੁੱਤਰ ਹੀ ਸਮਝਦੇ ਹਨ। ਯਾਦ ਰੱਖੋ ਕਿ ਮਸੀਹ ਈਸਾ ਜੀ ਨੇ ਬਹੁਤ ਸਾਰੇ ਯਹੂਦੀਆਂ ਨੂੰ ਤੰਦਰੁਸਤ ਕੀਤਾ ਸੀ ਪਰ ਇਕ ਨੇ ਵੀ ਮਸੀਹ ਈਸਾ ਜੀ ਦਾ ਧੰਨਵਾਦ ਨਹੀਂ ਸੀ ਕੀਤਾ ਅਤੇ ਜਦੋਂ ਇਕ ਜੰਟਾਇਲ ਨੂੰ ਤੰਦਰੁਸਤ ਕੀਤਾ ਸੀ ਤਾਂ ਉਸ ਨੇ ਧੰਨਵਾਦ ਕੀਤਾ ਅਤੇ ਨਾਲ ਵੀ ਤੁਰ ਪਿਆ ਸੀ।

ਇਹ ਕਿਤਾਬੀ ਕੀੜੇ ਯਹੂਦੀ ਜੰਟਾਇਲ ਨੂੰ ਮੂਰਖ ਗਵਾਰ ਹੀ ਸਮਝਦੇ ਸਨ, ਜਿਵੇਂ ਕਿ ਖੱਤਰੀ ਜੱਟਾਂ ਨੂੰ, ਪਰ ਜੰਟਾਇਲ ਸੁਰਤੀ ਤੋਂ ਕੰਮ ਲੈਂਦੇ ਸਨ ਅਤੇ ਇਹਨਾਂ ਨੂੰ ਸੇਂਟ ਪਾਲ ਨੇ ਬਹੁਤ ਡੂੰਘਾ ਪ੍ਰਚਾਰ ਕੀਤਾ ਸੀ। ਜੰਟਾਇਲ ਯਹੂਦੀਆਂ ਨਾਲੋਂ ਕਿਤੇ ਵੱਧ ਧਾਰਮਿਕ ਸਨ ਅਤੇ ਗੁੱਡ ਸਮੇਰੀਟਨ ਕਰਕੇ ਮਸ਼ਹੂਰ ਹੋ ਗਏ।

ਹੁਣ ਸ਼ਰਮ ਧਰਮ ਦੀ ਬੁਨਿਆਦ ਹੈ ਅਤੇ ਲੋਕਾਂ ਨੂੰ ਆਪਣੇ ਖ਼ਾਨਦਾਨ ਦੀ ਸਭ ਤੋਂ ਵਧੀਕ ਸ਼ਰਮ ਹੁੰਦੀ ਹੈ। ਇਸ ਲਈ ਜਿਹੜੇ ਲੋਕ ਆਪਣੇ ਵਡੇਰਿਆਂ ਜਾਂ ਮਹਾਂ ਦੇਵ ਨਾਲ ਸਬੰਧ (ਕੋਵਨਿੰਟ) ਰੱਖਦੇ ਹਨ ਉਹਨਾਂ ਨੂੰ "ਇਨਸਾਨ ਦੇ ਪੁੱਤਰ" ਅਤੇ ਜਿਹੜੇ ਆਪਣਾ ਸਬੰਧ ਤੋੜ ਦਿੰਦੇ ਹਨ ਉਹਨਾਂ ਨੂੰ "ਸ਼ੈਤਾਨ ਦੇ ਪੁੱਤਰ" ਆਖੀਦਾ ਹੈ। ਮਸੀਹ

ਈਸਾ ਜੀ ਨੇ ਮੱਤੀ 13:24-30 ਵਿਚ ਆਦਮੀ ਦਿਆਂ ਪੁੱਤਰਾਂ ਨੂੰ "ਕਣਕ" ਦੇ ਦਾਣਿਆਂ ਨਾਲ ਅਤੇ ਸ਼ੈਤਾਨ ਦੇ ਪੁੱਤਰਾਂ ਨੂੰ ਜੜ੍ਹੀਂ ਬੂਟੀ ਨਾਲ ਤਸ਼ਰੀਹ ਦਿੰਦੇ ਹੋਏ ਕਿਹਾ ਕਿ ਬ੍ਰਹਮਾ, ਯਾਹਵੇਹ, ਖੁਦਾ, ਆਦਿ ਨੇ ਤਾਂ ਕਣਕ ਦੇ ਦਾਣੇ ਹੀ ਬੀਜੇ ਸਨ ਪਰ ਸ਼ੈਤਾਨ ਰਾਤ ਦੇ ਹਨੇਰੇ ਭਾਵ ਕਲਜੁਗ ਵਿਚ ਆਪਣੇ ਪੁੱਤਰ "ਜਨੂਨੀ" ਵੀ ਪੈਦਾ ਕਰ ਦਿੰਦਾ ਹੈ ਅਤੇ ਭਾਰਤ ਵਿਚ ਇਹਨਾਂ ਨੂੰ "ਸ਼ੰਕਰ ਵਰਨੀਏ" ਹਰਾਮੀ ਕਹਿੰਦੇ ਹਨ।

ਅਰਬਾਂ ਦਾ ਵਡੇਰਾ "ਇਬਰਾਹੀਮ" ਸੱਮੇਟਿਕ ਨਸਲ ਦਾ ਸੀ ਜਿਵੇਂ ਕਿ ਪੰਜਾਬ ਦੇ ਲੋਕ ਆਮ ਆਰੀਆ ਨਸਲ ਦੇ ਹਨ। ਪਰ ਜਦੋਂ ਮਸੀਹ ਈਸਾ ਜੀ ਆਇਆ ਸੀ ਤਾਂ ਉਸ ਵੇਲੇ ਇਹ ਯਹੂਦੀ ਖਾਸ ਕਰਕੇ ਜੁੱਡਾ ਕਬੀਲੇ ਦੇ ਯਹੂਦੀ ਬਹੁਗਿਣਤੀ ਵਿਚ ਜਿਸਮ ਦੇ ਬਣੇ ਹੋਏ ਸਨ। ਇਸ ਕਾਰਣ ਇਹ ਯਹੂਦੀ ਸ਼ੰਕਰ ਵਰਨੀਏ ਸ਼ੈਤਾਨ ਦੇ ਪੁੱਤਰ ਸਨ ਕਿਉਂਕਿ ਇਸ ਕਾਰਨ, ਜਿਵੇਂ ਕਿ ਹੱਜ ਵਿਚ ਦੱਸਿਆ ਹੈ, ਇਹਨਾਂ ਦਾ ਜਿਸਮਾਨੀ ਲਿੰਕ "ਇਬਰਾਹੀਮ" ਨਾਲ ਟੁੱਟ ਜਾਂਦਾ ਹੈ। ਇਸ ਦਾ ਨਿਖੇੜਾ ਸੇਂਟ ਪਾਲ ਨੇ ਇੰਜ ਕੀਤਾ ਹੈ:- "ਯਹੂਦੀ ਉਹ ਹੁੰਦਾ ਹੈ ਜਿਹੜਾ ਕਿ ਆਪਣੇ ਅੰਦਰਲੇ ਦਿਲ ਦਾ ਹੋਵੇ ਨਾ ਕਿ ਬਾਹਰਲੇ ਜਿਸਮ ਦਾ"। ਇਸ ਦੀ ਮਹਾਨਤਾ ਮਸੀਹ ਈਸਾ ਜੀ ਨੇ ਇੰਜ ਵਰਣਨ ਕੀਤੀ:-

ਕਿਹਾ, "ਜਿਹੜਾ ਪੌਦਾ ਮੇਰੇ ਯਾਹਵੇਹ (ਹੇਵਨਲੀ ਫਾਦਰ) ਨੇ ਨਹੀਂ ਬੀਜਿਆ ਉਹ ਜੜ੍ਹਾਂ ਸਮੇਤ ਪੁੱਟਿਆ ਜਾਵੇਗਾ"

ਅਤੇ

ਸਤਿਗੁਰੂ ਨਾਨਕ ਦੇਵ ਜੀ ਨੇ ਵੀ ਇਹੋ ਹੀ ਕਿਹਾ ਕਿ:-

"ਬੀਓ ਬੀਜ ਪੱਤ ਲੈ ਗਏ ਅਬ ਕਿਉਂ ਉਗ ਵੇ ਦਾਲ"।

ਭਾਰਤ ਦੇ ਲੋਕ ਜਦੋਂ ਆਪਣੀ ਕੌਮ ਸਿੱਖ, ਹਿੰਦੂ, ਮੁਸਲਮਾਨ, ਆਦਿ ਦੱਸਦੇ ਹਨ ਤਾਂ ਉਹ ਵੀ ਸ਼ੰਕਰ ਵਰਨੀਏ ਹਰਾਮੀ ਲੋਕ ਬਣ ਜਾਂਦੇ ਹਨ ਅਤੇ ਹਰਾਮੀਆਂ ਵਾਂਗ ਹੀ ਇਕ ਦੂਸਰੇ ਦਾ ਵੱਢ ਵਢਾਇਆ ਕਰਦੇ ਹਨ ਜਿਵੇਂ ਕਿ ੧੯੪੭ ਵਿਚ ਇਹਨਾਂ ਨੇ ਕੀਤਾ ਸੀ। ਪਰ ਅਸੀਂ ਆਪਣੀ "ਪੱਤ" ਨਾਲ ਪਾਕਿਸਤਾਨ ਤੋਂ ਪਿੰਡ ਧੰਨੂਆਣਾ (੯੧ ਆਰ.ਬੀ) ਵਿਚੋਂ ਆਏ ਸਾਂ। ਨਮਕ ਹਰਾਮੀ ਮਰਾਸੀ ਨੇ ਸ਼ਰਾਰਤ ਕੀਤੀ ਅਤੇ ਨਾਲ ਦੇ ਨਕੋਦਰ ਪਿੰਡ ਦਾ ਜ਼ੈਲਦਾਰ ਕੋਈ ਦੋ ਹਜ਼ਾਰ ਆਦਮੀ ਲੈ ਕੇ ਰਾਤ ਨੂੰ ਆ ਚੜ੍ਹਿਆ

ਅਤੇ ਮਰਾਸੀ ਨੂੰ ਸਾਡੇ ਪਿੰਡ ਘੱਲਿਆ ਕਿ ਇਹ ਜ਼ੈਲਦਾਰ ਦੇ ਪੇਸ਼ ਹੋਣ। ਪਿਤਾ ਜੀ ਤਾਲੀਮ ਦੇ ਮਹਿਕਮੇ ਵਿਚ ਸਨ ਅਤੇ ਉਹਨਾਂ ਨੇ ਬਾਣੀ ਦੀ ਵੀ ਖੋਜ ਕੀਤੀ ਹੋਈ ਸੀ। ਜਦ ਜ਼ੈਲਦਾਰ ਨੂੰ ਤਿੰਨਾਂ ਲਾਲਿਆਂ ਦੀ ਸ਼ਰਾਰਤ ਸਮਝਾਈ ਅਤੇ ਦੱਸਿਆ ਕਿ ਸਿੱਖ ਪੰਥ ਅਤੇ ਮੁਸਲਮਾਨ ਮਿੱਲਤ ਰੂਹਾਂ ਸਬੰਧੀ ਹੁੰਦੀਆਂ ਹਨ ਨਾ ਕਿ ਜਿਸਮਾਂ ਸਬੰਧੀ ਜਿਵੇਂ ਕਿ ਸਾਡਾ ਜਿਸਮ ਜਾਂ ਕੌਮ ਜੱਟ ਹੈ ਅਤੇ ਤੁਹਾਡਾ ਅਰਾਈਂ। ਜਿਸਮ ਜੰਮਦੇ ਹਨ ਅਤੇ ਜਿਸਮ ਹੀ ਮਰਦੇ ਹਨ ਨਾ ਕਿ ਸਿੱਖ ਜਾਂ ਮੁਸਲਮਾਨ ਰੂਹਾਂ ਤਾਂ ਇਹ ਸਮਝ ਕੇ ਉਹ ਜ਼ੈਲਦਾਰ ਕਹਿੰਦਾ ਸਾਡਾ ਤੁਹਾਡੇ ਨਾਲ ਕੋਈ ਵੈਰ ਵਿਰੋਧ ਨਹੀਂ। ਮੇਰੇ ਨਾਲ ਲਾਹੌਰ ਚਲੋ, ਆਪਾਂ ਇਹ ਤਬਾਦਲਾ ਅਬਾਦੀ ਰੁਕਾਈਏ ਅਤੇ ਆਪਣੇ ਸਾਰਿਆਂ ਲੋਕਾਂ ਨੂੰ ਕਹਿੰਦਾ ਕਿ ਇਹਨਾਂ ਦੀ ਪੂਰੀ ਮਦਦ ਕਰਨੀ ਹੈ ਅਤੇ ਕੀਤੀ ਵੀ। ਇਹਨੂੰ ਕਹਿੰਦੇ ਹਨ:-

"ਬੀਓ ਬੀਜ ਪੱਤ ਲੈ ਗਏ..........."

ਉਸ ਵੇਲੇ ਇਹ ਯਹੂਦੀ ਕਿੰਨੇ ਕੁ ਸ਼ੈਤਾਨ ਦੇ ਪੁੱਤਰ ਸਨ ਇਸ ਦਾ ਅੰਦਾਜ਼ਾ ਆਪ ਸੇਂਟ ਸਟੀਫਨ ਦਾ ਯਹੂਦੀਆਂ ਦੇ ਵੱਡੇ ਰੱਬਾਈ ਨੂੰ ਦੱਸਣਾ ਕਿ ਆਪਣਾ ਵੱਡਾ ਵਡੇਰਾ ਇਬਰਾਹੀਮ ਸੀ ਅਤੇ ਉਸ ਦੀ ਲਾਜ ਰੱਖੋ ਪਰ ਸ਼ੈਤਾਨਾਂ ਦੇ ਸਰਤਾਜ ਰੱਬਾਈ ਨੇ ਆਪਣੇ ਸ਼ੰਕਰ ਵਰਨੀਏ ਜਨੂਨੀਆਂ ਦੇ ਪਹਾੜ ਨੂੰ ਉਹਨੂੰ ਸੰਗਸਾਰ ਕਰਨ ਲਈ ਕਿਹਾ। ਭਾਵ ਇਹ ਕਿ ਉਸ ਵੇਲੇ ਜੈਰੂਸ਼ਿਲਮ ਦੇ ਸ਼ੈਤਾਨ ਏਨੇ ਜ਼ਬਰਦਸਤ ਸਨ ਜਿਵੇਂ ਕਿ ਅੱਜ-ਕੱਲ੍ਹ ਗੁਰਦਵਾਰਿਆਂ ਵਿਚ ਸਿੱਖ ਕੌਮ ਦਾ ਪ੍ਰਚਾਰ ਹੁੰਦਾ ਹੈ ਅਤੇ ਜੇ ਕੋਈ ਆਪਣੀ ਕੌਮ ਜੱਟ, ਤਰਖਾਣ, ਲੁਹਾਰ ਆਦਿ ਦੱਸੇ ਤਾਂ ਉਸ ਦਾ ਇਹ ਮਖੌਲ ਅਤੇ ਬੇਇੱਜ਼ਤੀ ਕਰਨ ਪੈਂਦੇ ਹਨ। ਯਾਦ ਰੱਖੋ ਕਿ ਜੌਨ ਦਿ ਬਾਪਟਿਸਟ ਨੇ ਸਾਦਾ ਲੋਹ (ਜਿਨ੍ਹਾਂ ਨੂੰ ਯਹੂਦੀ "ਪੱਥਰ ਦਿਮਾਗ਼" ਸਮਝਦੇ ਸਨ) ਲੋਕਾਂ ਨੂੰ "ਇਬਰਾਹੀਮ ਦੇ ਨਾਂ" 'ਤੇ ਪਾਣੀ ਵਿਚ ਡੁਬਕੀ ਦਿੱਤੀ ਸੀ ਅਤੇ ਉਹ ਵੀ ਸਿਰਫ਼ ਆਦਮੀਆਂ ਨੂੰ ਹੀ। ਇਸ ਗੱਲ ਨੂੰ ਕੋਈ ਵਿਰਲਾ ਹੀ ਸੁਰਤੀ ਵਾਲਾ ਜਾਣਦਾ ਹੋਵੇਗਾ।

ਹੁਣ ਧਰਮ ਵਿਚ ਬ੍ਰਹਮਾ ਅਤੇ ਪਾਰਬ੍ਰਹਮ ਦਾ ਜੋੜਾ ਹੈ। ਸ਼ੈਤਾਨ ਆਪਣੀ ਮਨ-ਮਰਜ਼ੀ ਕਰਨ ਕਰਕੇ ਅਧਰਮੀ ਹੁੰਦਾ ਹੈ। ਜਿਹੜੀਆਂ ਜ਼ਿੰਦਾ ਚੀਜ਼ਾਂ ਭਾਵ ਕਿ ਤਿੰਨ ਖਾਣੀਆਂ ਦੋਂਹ ਅੱਖਾਂ ਨਾਲ ਦਿਸਦੀਆਂ ਹਨ ਉਹ ਬ੍ਰਹਮਾ ਦੀ ਸਰਿਸ਼ਟੀ ਹਨ ਅਤੇ ਜੋ

ਨਜ਼ਰ ਨਹੀਂ ਆਉਂਦਾ ਪਰ ਉਸ ਚੀਜ਼ ਨੂੰ ਜ਼ਿੰਦਾ ਰੱਖਦਾ ਹੈ ਉਹ ਪਾਰਬ੍ਰਹਮ (ਰੂਹ) ਦਾ ਹੁੰਦਾ ਹੈ। ਭਾਵ ਇਹ ਕਿ ਜਿਸਮ (ਭਾਂਡੇ) ਬ੍ਰਹਮਾ ਦੇ ਅਤੇ ਇਹਨਾਂ ਵਿਚ ਰੂਹ ਪਾਰਬ੍ਰਹਮ ਦੀ। ਬ੍ਰਹਮਾ ਦੀ ਸਰਿਸ਼ਟੀ "ਦੇਖੀ" ਦੀ ਹੈ ਅਤੇ ਇਸ ਬਾਰੇ ਸਿੱਖਿਆ ਦੇਣ ਵਾਲਾ ਪੰਡਿਤ ਜਾਂ ਰੱਬਾਈ "ਗੁਰੂ" ਵੀ ਜਿਸਮਾਨੀ ਦੇਖੀ ਦਾ ਹੀ ਹੈ। ਇਸ ਦੇ ਉਲਟ ਪਾਰਬ੍ਰਹਮ ਦੀਆਂ ਵਸਤੂਆਂ "ਪੇਖੀ" ਦੀਆਂ ਹਨ ਅਤੇ ਇਸ ਬਾਰੇ ਸਿੱਖਿਆ ਦੇਣ ਵਾਲਾ "ਸਤਿਗੁਰੂ" ਜਾਂ ਉਹਦੇ ਸਿੱਖ ਸੂਖਮ (ਸੂਖ਼ਸ਼ਮ) ਸ਼ਬਦ ਰਾਹੀਂ ਹੀ "ਪੇਖੀ" ਦੇ ਹਨ। ਇਸ ਲਈ ਕਿਸੇ ਵੀ ਸਤਿਗੁਰੂ, ਭਗਤ ਜਾਂ ਸੱਚੇ ਪਾਤਸ਼ਾਹ ਦੀ ਤਸਵੀਰ ਬਣਾਉਣੀ ਜਾਂ ਘਰ ਵਿਚ ਰੱਖਣੀ ਇਹ ਉਹਨਾਂ ਦੀ ਬੇਅਦਬੀ ਕਰਨਾ ਹੈ। ਇਨ੍ਹਾਂ ਦਾ ਦਰਜਾ ਇੰਜ ਹੈ। ਮਾਂ ਤੋਂ ਵੱਡਾ ਪਿਓ, ਪਿਓ ਤੋਂ ਵੱਡਾ ਬ੍ਰਾਹਮਣ ਗੁਰੂ, ਬ੍ਰਾਹਮਣ ਗੁਰੂ ਤੋਂ ਵੱਡਾ ਸਤਿਗੁਰੂ ਅਤੇ ਸਤਿਗੁਰੂ ਤੋਂ ਵੱਡਾ ਸੱਚੇ ਪਾਤਸ਼ਾਹ – "ਉੱਚ ਦਾ ਪੀਰ"। ਸਿੱਖੀ ਵਿਚ ਛੇ ਸਤਿਗੁਰੂ ਹੋਏ ਹਨ ਅਤੇ ਚਾਰ ਸੱਚੇ ਪਾਤਸ਼ਾਹ। ਇਹਨਾਂ ਦਾ ਵੇਰਵਾ ਅੱਗੇ ਦੱਸਿਆ ਜਾਵੇਗਾ। ਬ੍ਰਹਮਾ ਸਬੰਧੀ ਇਹ ਨਾਂ ਮਸ਼ਹੂਰ ਹਨ – ਖੁਦਾ, ਯਾਹਵੇਹ ਆਦਿ ਅਤੇ ਇਹ ਸਾਰੇ ਡਾਢੇ ਹਜ਼ਰਤ ਹੁੰਦੇ ਹਨ ਜਿਵੇਂ ਕਿ ਇਨ੍ਹਾਂ ਦਾ ਰੱਬਾਈ ਜਾਂ ਪੰਡਿਤ ਇਕ ਹੁਕਮਰਾਨ ਹੁੰਦਾ ਹੈ। ਪਾਰਬ੍ਰਹਮ ਸਬੰਧੀ ਇਹ ਨਾਂ ਮਸ਼ਹੂਰ ਹਨ – ਰੱਬ, ਅਕਾਲ ਪੁਰਖ, ਕਰਤਾ, ਅੱਲ੍ਹਾ, ਗਾਡ, ਰਹੀਮ, ਕਰੀਮ ਆਦਿ ਅਤੇ ਇਹ ਬ੍ਰਹਮਾ ਦੇ ਉਲਟ ਪਿਆਰ ਅਤੇ ਰਹਿਮ ਨਾਲ ਭਰਪੂਰ ਹੁੰਦੇ ਹਨ।

ਹੁਣ ਜਿਹੜੇ ਟੈਂਪਲ ਦੇ ਰੱਬਾਈ ਲੋਕਾਂ ਨੂੰ ਜਿਸਮ ਦੇ ਯਹੂਦੀ ਬਣਾਉਂਦੇ ਸਨ, ਜਿਵੇਂ ਕਿ ਗੁਰਦਵਾਰਿਆਂ ਵਿਚ ਕੇਸਾਂ ਅਤੇ ਪਗੜੀ ਵਾਲੇ ਨੂੰ ਸਿਖ, ਉਹਨਾਂ ਨੂੰ ਜੌਨ ਨੇ "ਜ਼ਹਿਰੀਲੇ ਸੱਪ" ਦੱਸਿਆ ਕਿਉਂਕਿ ਉਹ ਕੂੜ ਬੋਲ ਕੇ ਹਜ਼ਾਰਾਂ ਦੀ ਗਿਣਤੀ ਵਿਚ ਲੋਕਾਂ ਨੂੰ ਮਰਵਾਉਂਦੇ ਹਨ ਜਿਵੇਂ ਕਿ ਦਿੱਲੀ ਵਿਚ ੧੯੮੪ ਨੂੰ ਮਰਵਾਏ ਸਨ।

ਕਲਜੁਗ ਵਿਚ ਸੱਚ ਦਾ ਕਾਲ ਹੋਣ ਕਰਕੇ ਪੰਡਿਤ ਅਤੇ ਰੱਬਾਈ ਝੂਠ ਬੋਲਦੇ ਹਨ ਅਤੇ ਇਹ ਦੂਸਰਿਆਂ ਨੂੰ ਕਿਵੇਂ ਸਿੱਧੇ ਰਾਹ ਪਾਉਣਗੇ? ਝੂਠ ਦਾ ਅੰਦਾਜ਼ਾ ਤੁਸੀਂ ਮਸੀਹ ਈਸਾ ਜੀ ਦੇ ਬਾਰੇ ਰੋਮ ਦੇ ਹਾਕਮ ਪਾਈਲੈਟ ਨੂੰ ਟੈਂਪਲ ਦੇ ਵੱਡੇ ਰੱਬਾਈ ਅਤੇ ਉਹਦੇ ਕਾਰਿੰਦਿਆਂ ਨੇ ਕਿਹਾ ਕਿ ਉਹ ਇਕ ਗੰਦਾ ਆਦਮੀ ਹੈ ਅਤੇ ਉਸ ਨੂੰ ਮਾਰਿਆ ਜਾਵੇ ਅਤੇ ਇਕ ਡਾਕੂ ਨੂੰ ਛੱਡਿਆ ਜਾਵੇ। ਜੇ ਏਦਾਂ ਦੇ ਝੂਠ ਮਿਡਲ ਈਸਟ ਵਿਚ ਬੋਲੇ ਗਏ ਸਨ ਤਾਂ ਈਸਟ ਭਾਵ ਕਿ ਭਾਰਤ ਵਿਚ ਤਾਂ ਝੂਠ ਬੋਲਣ ਦੀ ਹੱਦ ਹੀ ਟੁੱਟ ਗਈ

ਹੋਵੇਗੀ? ਏਦਾਂ ਦੇ ਠੱਗ ਮਾਇਆਧਾਰੀ ਬ੍ਰਾਹਮਣਾਂ ਅਤੇ ਰੁਬਾਈਆਂ ਤੋਂ ਅਕਾਲ ਪੁਰਖ ਨੇ ਆਪਣੇ ਨਾਮ ਦੀ ਸਮਝ ਸ਼ਕਤੀ ਲੈ ਲਈ ਅਤੇ ਇਹ ਲਾਲਚੀ ਬ੍ਰਾਹਮਣ ਨਾਂ ਦੇ ਹੀ ਰਹਿ ਗਏ ਅਤੇ ਲੋਕਾਂ ਨੂੰ ਅੰਜਨ ਪਿੰਜਣ ਕਰਕੇ ਜਿਸਮ ਦੇ ਹੀ ਮਜ਼ਹਬੀ ਬਣਾਉਣ ਲਗ ਪਏ ਜਿਵੇਂ ਕਿ ਮੁੱਲਾਂ ਸੁੰਨਤ ਕਰਕੇ ਲੋਕਾਂ ਨੂੰ ਮੁਸਲਮਾਨ ਬਣਾਈ ਜਾਂਦੇ ਹਨ।

ਉਸ ਵੇਲੇ ਜੁੱਡਾ ਕੌਮ ਦੇ ਲੋਕ ਬਹੁਗਿਣਤੀ ਵਿਚ ਸ਼ੈਤਾਨਾਂ ਦੇ ਹੀ ਪੁੱਤਰ ਸਨ ਜਿਵੇਂ ਕਿ ਭਾਰਤ ਅਤੇ ਬਾਹਰਲੇ ਮੁਲਕਾਂ ਵਿਚ ਖੱਤਰੀ ਅਰੋੜਾ ਕੌਮਾਂ ਦੇ ਲੋਕ ਹੋਏ ਹਨ। ਹੁਣ ਆਉਣ ਵਾਲੇ ਖਾਸ ਮਸੀਹ, ਕ੍ਰਾਈਸਟ ਜਾਂ ਸਤਿਗੁਰੂ ਨੇ ਸਾਰਿਆਂ ਨਾਲੋਂ ਵੱਡੇ ਸ਼ੈਤਾਨਾਂ ਦੇ ਹੀ ਘਰ ਵਿਚ ਜਨਮ ਲੈਣਾ ਸੀ ਪਰ ਉਸ ਨੇ ਜਿਸਮਾਨੀ ਯਹੂਦੀ ਦਾ ਪੁੱਤਰ ਬਣ ਕੇ ਉਹਨਾਂ ਦੇ ਘਰ ਨਹੀਂ ਸੀ ਆਉਣਾ। ਇਸ ਕਰਕੇ ਉਹ ਰੱਬੀ ਸ਼ਕਤੀ ਨਾਲ ਜੁੱਡਾ ਕੌਮ ਦੀ ਇਕ ਕੁਆਰੀ ਕੰਨਿਆ ਦੇ ਆਪਣੇ "ਅਕਾਲ ਪੁਰਖ ਦੇ ਘਰ ਸਰਾਂ" ਵਿਚ ਹੀ ਪੈਦਾ ਹੋਇਆ ਸੀ।

ਯਾਦ ਰੱਖੋ ਕਿ ਔਰਤ ਦੀ ਕੋਈ ਜਾਤ ਨਹੀਂ ਹੁੰਦੀ ਅਤੇ ਇਸੇ ਕਰਕੇ ਵਿਆਹ ਤੋਂ ਬਾਦ ਔਰਤ ਦਾ ਗੋਤ ਬਦਲ ਜਾਂਦਾ ਹੈ। ਹੋਰ ਅਕਾਲ ਪੁਰਖ ਤੋਂ ਰੂਹ ਆਉਂਦੀ ਹੈ ਅਤੇ ਸਰੀਰ ਔਰਤ ਤੋਂ ਮਿਲਦਾ ਹੈ। ਭਾਵ ਕਿ ਔਰਤ, ਅਕਾਲ ਪੁਰਖ ਦੇ ਨੇੜੇ ਆਦਮੀ ਨਾਲੋਂ ਜ਼ਿਆਦਾ ਹੁੰਦੀ ਹੈ ਅਤੇ ਕਲਜੁਗ ਵਿਚ ਔਰਤਾਂ ਨੂੰ ਆਦਮੀਆਂ ਨਾਲੋਂ ਕਈ ਵਾਰ ਜ਼ਿਆਦਾ ਸਮਝ ਵੀ ਹੁੰਦੀ ਹੈ ਜਿਵੇਂ ਕਿ ਮਾਈ ਭਾਗੋ ਜੀ ਸਨ ਅਤੇ ਅੰਮ੍ਰਿਤਸਰ ਦੀਆਂ ਔਰਤਾਂ ਨੇ ਛੇਵੇਂ ਸਤਿਗੁਰੂ ਤੇਗ਼ ਬਹਾਦਰ ਜੀ ਨੂੰ ਦਿਖਾਇਆ ਸੀ।

ਸਰਾਂ ਵਿਚ ਜਨਮ ਕਿਉਂ ਲਿਆ?:- ਸਰਾਂ ਅਤੇ ਅਕਾਲ ਪੁਰਖ ਦੇ ਘਰ, ਗੁਰਦਵਾਰਾ ਜਾਂ ਚਰਚ, ਦਾ ਮੇਲ ਹੈ। ਦੋਨਾਂ ਵਿਚ ਕਿਸੇ ਵੀ ਮਨੁੱਖ ਨੂੰ ਆਉਣ ਤੋਂ ਰੋਕਿਆ ਨਹੀਂ ਜਾਂਦਾ। ਹੁਣ ਅਕਾਲ ਪੁਰਖ ਦੇ ਘਰ ਵਿਚ ਸਭਨਾਂ ਤੋਂ ਉੱਚਾ ਸਭਨਾਂ ਤੋਂ ਨੀਚਾ ਹੁੰਦਾ ਹੈ ਅਤੇ ਮਾਇਆ ਦਾ ਕੋਈ ਸਬੰਧ ਨਹੀਂ ਹੁੰਦਾ। ਇਸ ਲਈ ਸਰਾਂ ਵਿਚ ਸਭਨਾਂ ਤੋਂ ਨੀਚੀ ਆਰਾਮ ਵਾਲੀ ਥਾਂ ਪਸ਼ੂਆਂ ਦੇ ਹਾਤੇ ਵਿਚ ਹੀ ਹੋਣ ਕਰਕੇ ਮਸੀਹ ਈਸਾ ਜੀ ਨੇ ਏਥੇ ਹੀ ਆਪਣੇ ਹਮਰਾਹੀ ਲੋਕਾਂ ਦੀ ਸੇਵਾ ਕਰਨ ਵਾਲਿਆਂ ਪਸ਼ੂਆਂ ਕੋਲ ਹੀ ਜਨਮ ਲੈਣਾ ਸੀ ਨਾ ਕਿ ਉਪਰ ਕਿਸੇ ਅਮੀਰ ਦੇ ਕਮਰੇ ਵਿਚ?

ਏਥੇ ਇਹ ਸਮਝਣਾ ਕਿ ਊਠ ਸੂਈ ਦੇ ਨੱਕੇ ਵਿਚੋਂ ਕਿਵੇਂ ਲੰਘ ਸਕਦਾ ਹੈ ਪਰ ਇਕ ਅਮੀਰ ਆਦਮੀ ਨਹੀਂ, ਅਸਾਨ ਹੋਵੇਗਾ। ਊਠ ਲੋਕਾਂ ਦੀ ਸੇਵਾ ਇਕ ਹਲੀਮੀ ਨਾਲ ਕਰਦਾ ਹੈ ਅਤੇ ਰਾਮ ਰਾਜੇ ਵਿਚ ਦਾਖਲ ਹੋਣ ਲਈ ਹਲੀਮੀ ਜ਼ਰੂਰੀ ਹੈ। ਇਸ ਲਈ ਮਸੀਹ ਈਸਾ ਜੀ ਅਤੇ ਊਠ ਦੋਵੇਂ ਹਲੀਮੀ ਵਾਲੇ ਹੋਣ ਕਰਕੇ ਸੂਈ ਦੇ ਨੱਕੇ ਵਿਚੋਂ ਲੰਘ ਸਕਦੇ ਹਨ ਪਰ ਅਮੀਰ ਆਦਮੀ ਆਪਣੀ ਮਾਇਆ ਦੇ ਹੰਕਾਰ ਵਿਚ ਹੋਣ ਕਰਕੇ ਅਤੇ ਦੂਸਰੇ ਲੋਕਾਂ ਨੂੰ ਹੁਕਮ ਕਰਨ ਕਰਕੇ ਰਾਮ ਰਾਜੇ ਵਿਚ ਦਾਖਲ ਨਹੀਂ ਹੋ ਸਕਦਾ। ਇਸੇ ਹੀ ਲਈ ਮਸੀਹ ਈਸਾ ਜੀ ਨੇ ਇਕ ਅਮੀਰ ਆਦਮੀ ਨੂੰ ਕਿਹਾ ਸੀ ਕਿ ਜੇ ਤੂੰ ਕਾਮਲ ਹੋਣਾ ਚਾਹੁੰਦਾ ਹੈਂ ਤਾਂ ਮਾਇਆ ਤਿਆਗ ਦੇ। ਭਾਵ ਕਿ ਤੁਸੀਂ ਮਾਇਆ ਅਤੇ ਅਕਾਲ ਪੁਰਖ ਨਾਲ ਇਕੋ ਵੇਲੇ ਹੀ ਪਿਆਰ ਨਹੀਂ ਕਰ ਸਕਦੇ। ਇਸ ਲਈ ਜੌਨ ਦਿ ਬਾਪਟਿਸਟ ਜੰਗਲ ਵਿਚ ਹੀ ਖਾਂਦਾ ਪੀਂਦਾ ਸੀ ਅਤੇ ਈਸਾ ਜੀ ਦੇ ਢੰਡੋਰਚੀ ਵੀ ਮਾਇਆ ਤੋਂ ਰਹਿਤ ਹੁੰਦੇ ਸਨ ਨਾ ਕਿ ਪੋਪ ਆਦਿ ਵਾਂਗ ਮਾਇਆ ਦੇ ਸ਼ਿਕਾਰ।

ਹੁਣ ਚਰਚ ਆਫ਼ ਇੰਗਲੈਂਡ ਦੀ ਹੈੱਡ ਰਾਣੀ ਹੈ ਅਤੇ ਇਸ ਨੂੰ ਡਫੈਂਡਰ ਆਫ਼ ਫੇਥ ਵੀ ਕਹਿੰਦੇ ਹਨ। ਇਹ ਅਮੀਰ ਰਾਣੀ ਆਪ ਤਾਂ ਅਕਾਲ ਪੁਰਖ ਨਾਲ ਪਿਆਰ ਨਹੀਂ ਕਰਦੀ ਫਿਰ ਦੂਸਰੇ ਕਿਵੇਂ ਅਕਾਲ ਪੁਰਖ ਨਾਲ ਪਿਆਰ ਕਰਨਗੇ? ਇਸੇ ਲਈ ਇਹ ਮਰੇ ਹੋਇਆਂ ਫੌਜੀਆਂ ਵਾਰੇ ਦੱਸਦੇ ਹਨ ਕਿ ਇਹਨਾਂ ਨੇ ਅਕਾਲ ਪੁਰਖ ਨੂੰ ਖੁਸ਼ ਕੀਤਾ ਹੈ।

ਫਿਰ ਮਰੀਅਮ ਦੇ ਆਦਮੀ ਜੋਸਿਫ ਦਾ ਪਿਛਲਾ ਪਿੰਡ ਵੀ ਬੇਥਲੈਹੇਮ ਸੀ ਅਤੇ ਜੇ ਉਹ ਚਾਹੁੰਦਾ ਤਾਂ ਉਹ ਆਪਣੇ ਵੱਡੇ ਵਡੇਰਿਆਂ ਦੇ ਘਰ ਜਾ ਸਕਦਾ ਸੀ ਅਤੇ ਆਪਣੇ ਕਬੀਲੇ ਦੇ ਘਰ ਵਿਚ ਮਸੀਹ ਈਸਾ ਜੀ ਪੈਦਾ ਹੋ ਸਕਦਾ ਸੀ ਪਰ ਇੰਜ ਨਹੀਂ ਸੀ ਹੋਣਾ। ਕਿਉਂਕਿ ਮਰੀਅਮ ਈਸਾ ਜੀ ਦੀ ਜਿਸਮਾਨੀ "ਮਾਂ" ਨਹੀਂ ਸੀ ਬਲਕਿ ਇਕ ਚੁਣੀ ਹੋਈ "ਔਰਤ" ਸੀ ਜਿਸ ਰਾਹੀਂ "ਨਾਮ" ਨੇ ਜਿਸਮ ਇਖ਼ਤਿਆਰ ਕਰਨਾ ਸੀ। ਏਸੇ ਲਈ ਈਸਾ ਜੀ ਨੇ ਮਰੀਅਮ ਨੂੰ ਇਕ "ਔਰਤ" ਕਿਹਾ ਕੇ ਸੱਦਿਆ ਅਤੇ "ਮਾਂ" ਨਹੀਂ ਕਿਹਾ ਸੀ। ਫਿਰ ਜੇ ਮਰੀਅਮ ਈਸਾ ਜੀ ਦੀ ਜਿਸਮਾਨੀ ਮਾਂ ਹੁੰਦੀ ਤਾਂ ਫਿਰ ਇਹਨਾਂ ਦਾ ਪਿਓ ਵੀ ਜਿਸਮਾਨੀ ਹੀ ਹੋਣਾ ਸੀ ਨਾ ਕਿ ਅਕਾਲ ਪੁਰਖ? ਪਰ ਈਸਾ ਜੀ ਦਾ ਪਿਓ ਅਕਾਲ ਪੁਰਖ ਸੀ ਅਤੇ ਜਿਸ ਦੀ ਸ਼ਕਤੀ ਨਾਲ ਪੈਦਾ ਹੋਏ ਸਨ ਉਹ ਹੈ "ਹੋਲੀ ਸਪਿਰਿਟ, ਸਾਹਿਬ ਦੇਵਾਂ ਜਾਂ ਮਹਾਂ ਦੇਵਨ", ਜਿਹੜੀ ਕਿ ਖ਼ਾਲਸਿਆਂ ਦੀ ਵੀ ਮਾਂ

ਹੈ। ਇਸ ਬਾਰੇ ਵਿਸਾਖੀ ਵਿਚ ਦੱਸਿਆ ਜਾਵੇਗਾ। ਤਾਂ ਫਿਰ ਅਕਾਲ ਪੁਰਖ ਦੀ ਫੇਮਲੀ ਹੈ:-

ਪਿਓ = ਅਕਾਲ ਪੁਰਖ
ਮਾਂ = ਹੋਲੀ ਸਪਿਰਿਟ, ਮਹਾਂ ਜਾਂ ਸਾਹਿਬ ਦੇਵਨ
ਅਤੇ ਨਿਸ਼ਾਨ
ਪੁੱਤਰ, ਸੰਨ = ਮਸੀਹ ਈਸਾ ਜੀ, ਸੇਂਟ, ਭਗਤ, ਆਦਿ

ਇਸ ਲਈ ਮਸੀਹ ਈਸਾ ਜੀ ਦਾ ਸਰਾਂ, "ਰੱਬ ਦੇ ਘਰ", ਵਿਚ ਪੈਦਾ ਹੋਣਾ ਅਤੇ ਮਰੀਅਮ ਨੂੰ ਆਪਣੀ ਮਾਂ ਨਾ ਕਹਿਣਾ ਉਸ ਦੇ ਪਿਓ ਅਕਾਲ ਪੁਰਖ ਅਤੇ ਮਾਂ ਜਾਂ ਸ਼ਕਤੀ "ਹੋਲੀ ਸਪਿਰਿਟ" ਹੋਣ ਦਾ ਇਕ ਬਹੁਤ ਹੀ ਵੱਡਾ ਸਬੂਤ ਹੈ।

ਫਿਰ ਮਸੀਹ ਈਸਾ ਜੀ ਜਦੋਂ 12 ਸਾਲਾਂ ਦਾ ਸੀ ਤਾਂ ਇਹ ਜੈਰੂਸ਼ਿਲਮ ਆਪਣੇ ਪਿਓ ਦੇ ਘਰ ਟੈਂਪਲ ਵਿਚ ਠਹਿਰ ਪਿਆ ਸੀ ਅਤੇ ਮਰੀਅਮ ਅਤੇ ਜੋਸਿਫ ਕਾਫਲਾ ਛੱਡ ਕੇ ਤਿੰਨ ਦਿਨ ਬਾਦ ਮਸੀਹ ਈਸਾ ਜੀ ਨੂੰ ਢੂੰਡਦੇ ਟੈਂਪਲ ਵਿਚ ਆਏ ਅਤੇ ਦੇਖਿਆ ਕਿ ਉਹ ਟੈਂਪਲ ਦੇ ਗਿਆਨੀਆਂ ਨਾਲ ਡੂੰਘੇ ਵਿਚਾਰ ਕਰ ਰਿਹਾ ਸੀ। ਜਦੋਂ ਜੋਸਿਫ ਗੁੱਸੇ ਹੋਇਆ ਕਿ ਅਸੀਂ ਤੈਨੂੰ ਢੂੰਡਦੇ ਫਿਰਦੇ ਹਾਂ ਅਤੇ ਤੂੰ ਏਥੇ ਪਿਛੇ ਹੀ ਰਹਿ ਗਿਆ। ਤਾਂ ਮਸੀਹ ਈਸਾ ਜੀ ਨੇ ਉਹਨਾਂ ਨੂੰ ਕਿਹਾ ਕਿ ਤੁਹਾਨੂੰ ਇਹ ਨਹੀਂ ਪਤਾ ਕਿ ਇਹ ਮੇਰੇ ਪਿਓ ਦਾ ਘਰ ਹੈ? ਹੁਣ ਜਿਵੇਂ ਕਿ ਹੱਜ ਵਿਚ ਦੱਸਿਆ ਹੈ 12 ਸਾਲਾਂ ਦੇ ਮੁੰਡਿਆਂ ਨੂੰ ਆਪਣੇ ਪਿਓ ਦੀ ਪੱਕੀ ਪਛਾਣ ਹੋ ਜਾਂਦੀ ਹੈ ਅਤੇ ਇਹ ਵੀ ਇਕ ਵੱਡਾ ਸਬੂਤ ਹੈ।

ਯਾਦ ਰੱਖੋ ਕਿ ਹੱਜ ਦੀ ਰਸਮ ਵੀ 12 ਤੋਂ 16 ਸਾਲਾਂ ਦੇ ਮੁੰਡਿਆਂ ਲਈ ਹੁੰਦੀ ਹੈ ਨਾ ਕਿ ਔਰਤਾਂ ਜਾਂ ਆਦਮੀਆਂ ਲਈ। ਕਾਬਾ ਮਹਾਂ ਦੇਵ ਜਾਂ ਆਦਮ ਦਾ ਅਸਥਾਨ ਹੈ ਅਤੇ ਏਥੇ ਮੁੰਡਿਆਂ ਨੂੰ ਆਪਣੇ ਕਬੀਲਿਆਂ ਜਾਂ ਕੌਮਾਂ ਦੇ ਪੁੱਤਰ ਬਣਾਉਣ ਦੀ ਰਸਮ ਕੀਤੀ ਜਾਂਦੀ ਹੈ ਅਤੇ ਉਹਨਾਂ ਨੂੰ ਚਾਰ ਕਿਸਮ ਦੇ ਸ਼ੈਤਾਨਾਂ, ਅੱਲ ਜਮਾਰ ਅੱਲ ਦੁਨੀਆ, ਅੱਲ ਜਮਾਰ ਅੱਲ ਵੁਸਤਾ, ਅੱਲ ਜਮਾਰ ਅੱਲ ਕੁਬਰਾ ਅਤੇ ਸਭਨਾਂ ਤੋਂ ਵੱਡਾ ਅੱਲ ਜਮਾਰ ਅੱਲ ਅਕਸਾ, ਤੋਂ ਬਚਣ ਲਈ ਸਬਕ ਦਿੱਤੇ ਜਾਂਦੇ ਹਨ। ਇਸ ਬਾਰੇ ਇਕ ਹੋਰ ਆਰਟੀਕਲ ਵਿਚ ਪੂਰਾ ਦੱਸਿਆ ਹੈ।

ਫਿਰ ਸੇਂਟ ਪਾਲ ਜਿਹੜਾ ਕਿ ਟ੍ਰੋਰਾ ਆਦਿ ਵਿਚ ਮਾਹਰ ਸੀ, ਨੇ ਵੀ ਮਸੀਹ ਈਸਾ ਜੀ ਨੂੰ "ਦੂਸਰਾ ਆਦਮ" ਦੱਸਿਆ। ਭਾਵ ਕਿ ਮਸੀਹ ਈਸਾ ਜੀ ਦਾ ਪਿਓ ਕੋਈ ਦੁਨਿਆਵੀ ਆਦਮੀ ਨਹੀਂ ਸੀ ਪਰ ਇਹ ਅਕਾਲ ਪੁਰਖ ਦੇ ਵਰ ਨਾਲ ਹੀ ਪੈਦਾ ਹੋਇਆ ਸੀ। ਇਹ ਦੂਜੇ ਖਾਸ "ਆਦਮ" ਹੋਣ ਕਰਕੇ ਹੀ ਆਦਮ ਜਾਂ ਮਹਾਦੇਵ ਦੇ ਅਵਤਾਰ ਜੌਨ ਦਿ ਬਾਪਟਿਸਟ ਨੇ ਕਿਹਾ ਕਿ ਮੈਂ ਤਾਂ ਇਹਨਾਂ ਦੀ ਜੁੱਤੀ ਦੇ ਤਸਮੇ ਖੋਲ੍ਹਣ ਦੇ ਵੀ ਕਾਬਲ ਨਹੀਂ ਅਤੇ ਇਹ ਮੈ ਨੂੰ ਪਾਣੀ ਵਿਚ ਡੁਬਕੀ ਦੇਣ ਲਈ ਕਹਿੰਦੇ ਹਨ!!!

ਹੁਣ ਮਸੀਹ ਈਸਾ ਜੀ ਲੋਕਾਂ ਨੂੰ "ਰਾਮ ਰਾਜੇ" ਦਾ ਸੰਦੇਸ਼ ਦਿੰਦੇ ਸਨ ਅਤੇ ਇਸ ਨੂੰ ਮੁੱਖ ਰੱਖਦਿਆਂ ਟੈਂਪਲ ਦੇ ਚਤਰ ਚਲਾਕ "ਦਵੀਜੇ" ਰੁਬਾਈਆਂ ਨੇ ਰੋਮ ਦੇ "ਇਕੀਜਾ" ਹਾਕਮ ਪਾਈਲੈਟ ਨੂੰ ਭੜਕਾਇਆ ਕਿ ਇਹ ਆਪਣੀ ਇਕ ਹੋਰ ਹਕੂਮਤ ਚਲਾਉਣਾ ਚਾਹੁੰਦਾ ਹੈ। ਅਤੇ ਇਸ ਕਰਕੇ ਮਸੀਹ ਈਸਾ ਜੀ ਨੂੰ "ਰਾਮ ਰਾਜਿਆਂ" ਵਾਲਾ ਹੀ ਕੰਡਿਆਂ ਦਾ ਤਾਜ ਪਾ ਕੇ ਇਕ ਭਿਆਨਕ ਜਗ੍ਹਾ ਦੋ ਚੋਰਾਂ ਨਾਲ ਕਰਾਸ 'ਤੇ ਟੰਗ ਕੇ ਮਾਰਿਆ ਸੀ। ਇਹ ਇੰਜ ਕਿਉਂ ਹੋਇਆ ਇਸ ਦਾ ਉੱਤਰ ਇਹ ਹੈ ਕਿ ਜਿਹੜਾ ਜਿਸਮ 'ਤੇ ਲਗਦਾ ਹੈ, ਰੂਹ 'ਤੇ ਉਸ ਦੇ ਉਲਟ। ਜਿਸਮ ਦੇ ਬਾਦਸ਼ਾਹ (ਅਬਾਦੀ ਦੇ ਸ਼ਾਹ) ਅਰਾਮ ਵਾਲੇ ਸੋਨੇ ਚਾਂਦੀ ਦੇ ਤਾਜ ਪਾਉਂਦੇ ਹਨ ਅਤੇ ਰੂਹਾਂ ਦੇ ਪਾਤਸ਼ਾਹ ਕੰਡਿਆਂ ਵਾਲਾ ਹੀ ਤਾਜ ਪਾਉਣਗੇ?

ਨਾਲ ਟੰਗੇ ਚੋਰਾਂ ਵਿਚੋਂ ਇਕ "ਇਕੀਜਾ" ਸੀ ਅਤੇ ਉਸ ਨੇ ਮਸੀਹ ਈਸਾ ਜੀ ਨੂੰ ਬਚਾਉਣ ਲਈ ਕਿਹਾ ਪਰ ਦੂਜਾ "ਦਵੀਜਾ" ਸੁਰਤੀ ਵਾਲਾ (ਰੋਬਿਨ ਹੁੱਡ) ਸੀ ਅਤੇ ਕਹਿੰਦਾ ਕਿ ਅਸੀਂ ਤਾਂ ਕਸੂਰਵਾਰ ਹਾਂ ਪਰ ਮਸੀਹ ਈਸਾ ਜੀ ਤਾਂ ਬੇਕਸੂਰਾ ਹੀ ਮਾਰਿਆ ਜਾਂਦਾ ਹੈ। ਭਾਵ ਇਹ ਕਿ ਚੋਰ ਵੀ ਅਕਾਲ ਪੁਰਖ ਤੋਂ ਡਰਦੇ ਹਨ ਅਤੇ ਝੂਠ ਨਹੀਂ ਬੋਲਦੇ ਪਰ ਸ਼ੈਤਾਨਾਂ ਦੇ ਪੁੱਤਰ ਝੂਠ ਹੀ ਬੋਲਦੇ ਹਨ।

ਹੁਣ ਏਥੇ ਇਹ ਵੀ ਦੱਸਣਾ ਠੀਕ ਹੋਵੇਗਾ ਕਿ ਜਦੋਂ ਦੂਸਰੇ ਕ੍ਰਾਈਸਟ ਜਾਂ ਸਤਿਗੁਰੂ ਨਾਨਕ ਦੇਵ ਜੀ ਆਏ ਤਾਂ ਉਹਨਾਂ ਨੇ ਆਪਣੇ ਖੱਤਰੀ ਪਿਓ ਦੇ ਹੀ ਘਰ ਜਨਮ ਲਿਆ ਨਾ ਕਿਤੇ ਹੋਰ ਥਾਂ ਕਿਉਂਕਿ ਪੰਜਾਬ ਵਿਚ ਜੰਟਾਇਲ ਵਾਂਗ ਲੋਕ ਆਪਣੀ ਜਾਤੀ ਦੱਸਦੇ ਸਨ ਨਾ ਕਿ ਯਹੂਦੀਆਂ ਵਾਂਗ ਹਿੰਦੂ ਆਦਿ। ਪਰ ਇਰਾਨ ਵਿਚ ਇਹਨਾਂ ਖੱਤਰੀਆਂ ਨੇ

ਆਪਣੀ ਕੌਮ ਹਿੰਦੂ ਦੱਸੀ ਅਤੇ ਸ਼ੈਤਾਨਾਂ ਵਾਲੇ ਠੱਗੀ ਦੇ ਕੰਮ ਕਰਕੇ ਇਹ ਖ਼ੂਬ ਲਾਲਚੀ ਕਰਾੜ ਦੇ ਨਾਂ ’ਤੇ ਬਦਨਾਮ ਹੋਏ ਸਨ। ਫਿਰ ਸਾਊਥ (ਦੱਖਣੀ) ਭਾਰਤ ਵਿਚ ਹਰ ਇਕ ਆਦਮੀ ਦੀ ਪਛਾਣ ਲਈ ਉਸ ਦੇ ਪਿਓ ਅਤੇ ਪਿੰਡ, ਜਾਤੀ ਔਰ ਬਾਸੀ, ਦਾ ਨਾਂ ਉਹਨਾਂ ਦੇ ਨਾਂਵਾਂ ਵਿਚ ਸ਼ਾਮਿਲ ਹਨ। ਇਸ ਲਈ ਸੇਂਟ ਥੋਮਿਸ ਨੇ ਕਿਸੇ ਨੂੰ ਜੌਨ ਵਾਂਗ ਪਾਣੀ ਵਿਚ ਡੁਬਕੀ ਨਹੀਂ ਦਿੱਤੀ ਸੀ ਅਤੇ ਨਾ ਹੀ ਕਿਸੇ ਬਿਸ਼ਪ ਨੇ, ਪਰ ਪੋਪਾਂ ਨੇ ਆਨ ਕੇ ਆਪਣੀਆਂ ਜਾਲ੍ਹੀ ਰਸਮਾਂ ਜਿਨ੍ਹਾਂ ਨੂੰ ਈਸਾ ਜੀ ਨੇ "ਗਲ ਵਿਚ ਪੁੜ ਪਾਉਣਾ" ਦਿਸਿਆ ਸੀ ਸ਼ੁਰੂ ਕਰ ਦਿੱਤੀਆਂ ਸਨ।

ਬਹੁਤ ਕੁਝ ਲਿਖਿਆ ਗਿਆ ਹੈ ਬਾਕੀ ਲੈਕਚਰਾਂ ਰਾਹੀਂ ਖੋਲ੍ਹ ਕੇ ਸਹੀ।

ਰਾਮ ਰਾਮ ਰਾਮ ਜੀਓ।

# ਦਸ ਜੋਤਾਂ ਕਿਉਂ?

ਪਵਨ ਅਰੰਭੁ ਸੱਤਿਗੁਰ ਮਤਿ ਵੇਲਾ॥
ਸ਼ਬਦੁ ਗੁਰੂ ਸੁਰਤਿ ਧੁਨਿ ਚੇਲਾ॥

ਕਲਜੁਗ ਸਤਿਗੁਰੂ ਮਤ ਵੇਲਾ ਹੁੰਦਾ ਹੈ ਅਤੇ ਇਸ ਯੁਗ ਵਿਚ ਹਰ ਇਕ ਨੇ ਆਪਣਾ ਹਿਸਾਬ ਕਿਤਾਬ ਅਕਾਲ ਪੁਰਖ ਨੂੰ ਖ਼ੁਦ ਹੀ ਦੇਣਾ ਹੁੰਦਾ ਹੈ। ਇਸ ਲਈ ਹਰ ਇਕ ਨੇ ਆਪਣੀ ਹੀ "ਸੁਰਤੀ", ਹੋਲੀ ਸਪਿਰਿਟ, ਕਾਮਨ ਸਿੰਸ ਨਾਲ ਚੱਲਣਾ ਹੁੰਦਾ ਹੈ ਨਾ ਕਿ ਕਿਸੇ ਹੋਰ ਦੇ ਪਿੱਛੇ ਮਨ ਦੇ ਅੰਨ੍ਹਿਆਂ ਵਾਂਗ ਲੱਗਣਾ ਹੁੰਦਾ ਹੈ। ਜਿਹੜਾ ਸਾਧ ਸੰਤ ਮਾਇਆ ਲੈਂਦਾ ਹੈ ਉਹ "ਕੁ ਸਾਧ ਤੇ ਕੁ ਸੰਤ" ਹੁੰਦਾ ਹੈ ਕਿਉਂਕਿ ਅਕਾਲ ਪੁਰਖ ਦੇ ਕੰਮ ਵਿਚ ਮਾਇਆ ਭਾਵ ਕਿ ਮਨ ਚਿੰਦਿਆ ਫਲ "ਨਾਮ" ਵੀ ਅਕਾਲ ਪੁਰਖ ਦਾ ਹੀ ਮਿਲਦਾ ਹੈ ਜਿਵੇਂ ਕਿ ਦੁਨਿਆਵੀ ਕੰਮ ਕਰਨ ਨਾਲ ਮਾਇਆ ਵੀ ਓਸੇ ਹੀ ਮੁਲਕ ਦੀ ਮਿਲਦੀ ਹੈ। ਭਾਵ ਕਿ ਅਸਲੀ ਸਾਧ ਸੰਤ ਅਕਾਲ ਪੁਰਖ ਦੇ ਭਗਤਾਂ ਵਾਂਗ ਦੁਬਿਧਾ ਤੋਂ ਰਹਿਤ ਹੁੰਦੇ ਹਨ। ਇਸ ਲਈ ਜਿਹੜੇ ਗ੍ਰੰਥੀ ਪੈਸੇ ਲੈ ਕੇ ਅਰਦਾਸ ਆਦਿ ਕਰਦੇ ਹਨ ਉਹ ਬ੍ਰਾਹਮਣਾਂ ਨਾਲੋਂ ਵੀ ਕਿਤੇ ਟੱਪੇ ਹੋਏ ਲਾਲਚੀ ਠੱਗ ਹੁੰਦੇ ਹਨ ਅਤੇ ਅਰਦਾਸਾਂ ਕਰਾਉਣ ਵਾਲੇ ਮਨ ਦੇ ਅੰਨ੍ਹੇ ਹੁੰਦੇ ਹਨ ਕਿ ਅਕਾਲ ਪੁਰਖ ਤਾਂ ਤੁਹਾਡੇ ਦਿਲਾਂ ਦੀਆਂ ਗੱਲਾਂ ਅੱਗੇ ਹੀ ਜਾਣਦਾ ਹੈ ਤਾਂ ਫਿਰ ਅਰਦਾਸ ਆਦਿ ਕੀਹਨੂੰ ਕਰਦੇ ਹੋ? ਲਾਲਚੀ ਗ੍ਰੰਥੀ ਆਪ ਤਾਂ ਮਾਇਆ ਦੇ ਦਰ ਮੋਹਰੇ ਖੜ੍ਹੇ ਹੁੰਦੇ ਹਨ ਤਾਂ ਫਿਰ ਇਹ ਤੁਹਾਡੀ ਅਰਦਾਸ ਅਕਾਲ ਪੁਰਖ ਨੂੰ ਕਿਵੇਂ ਕਰਨਗੇ?

ਇਸ ਲਈ ਕਲਜੁਗ ਵਿਚ ਸੱਚ ਦਾ ਕਾਲ ਹੋਣ ਕਰਕੇ ਆਮ ਬ੍ਰਾਹਮਣ ਝੂਠੇ ਅਤੇ ਲਾਲਚੀ ਹੁੰਦੇ ਹਨ। ਤਾਂ ਫਿਰ ਇਹ ਮਸ਼ਹੂਰ ਹੋ ਜਾਂਦਾ ਹੈ ਕਿ "ਬ੍ਰਾਹਮਣ ਆਪ ਵੀ ਡੁੱਬੇ ਅਤੇ ਜਜਮਾਨ ਵੀ ਡੋਬੇ"। ਇਸ ਲਈ ਪਿਛਲੇ ਯੁਗ "ਕਰਮ ਮਾਰਗ", ਜੋ ਬ੍ਰਾਹਮਣ ਕਹੇ ਸੋ ਹੀ ਕਰਨਾ, ਦੇ ਸਨ ਅਤੇ ਕਲਜੁਗ ਹੋ ਜਾਂਦਾ ਹੈ "ਭਗਤੀ ਮਾਰਗ", ਜੋ ਅਕਾਲ ਪੁਰਖ ਨੂੰ ਭਾ ਵੇ ਸੋ ਕਰਨੇ ਦਾ ਭਾਵ ਕਿ ਉਹਦੀ ਹੁਕਮ ਰਜਾਈਂ ਚਲਣਾ ਹੁੰਦਾ ਹੈ ਨਾ ਕਿ ਆਪਣੀ ਮਨ ਮਰਜ਼ੀ ਜਾਂ ਕਿਸੇ ਕੁ ਸਾਧ ਕੁ ਸੰਤ ਦੀ। ਅਸਲੀ ਸਾਧ

ਅਤੇ ਸੰਤ ਤੁਹਾਡੀ ਸੋਚ ਵਿਚਾਰ ਵਾਲੀ ‘‘ਤੀਜੀ ਮਨ ਦੀ ਅੱਖ’’ ਖੋਲ੍ਹਦੇ ਹਨ ਨਾ ਕਿ ਤੁਹਾਨੂੰ ਇਕ ਅੰਨ੍ਹਾ ਬਣਾ ਕੇ ਆਪਣੀ ਚੇਲਿਆਂ ਦੀ ਹੇੜ੍ਹ ਬਣਾਉਂਦੇ ਹਨ?

ਇਸ ਲਈ ਭਗਤ ਨਾਮ ਦੇਵ ਜੀ ਨੇ ਕਿਹਾ ਹੈ:-

ਹਿੰਦੂ ਅੰਨ੍ਹਾ ਤੁਰਕੂ (ਲਾਲਚੀ ਮਨਮੁਖ ਗ੍ਰੰਥੀ) ਕਾਣਾ॥
ਦੁਹਾਂ ਤੇ ਗਿਆਨੀ (ਗੁਰਮੁਖ) ਸਿਆਣਾ॥

ਹੁਣ ਸੱਚ ਤੇ ਝੂਠ ਦਾ ਜੋੜਾ ਹੈ ਅਤੇ ਸੱਤਿ ਤੇ ਕੂੜ ਦਾ ਜੋੜਾ ਹੁੰਦਾ ਹੈ। ਇਸ ਲਈ ਪਹਿਲਾਂ ਸੱਤਿ ਯੁਗ ਦੇ ਵਾਸ ਦੇਵਿਆਂ ਵਿਚ ਸੀ ਸੱਚ, ਸੰਤੋਖ ਅਤੇ ਦਇਆ ਅਤੇ ਕਲਜੁਗ ਦੇ ਭਗਤਾਂ ਵਿਚ ਹੋ ਜਾਂਦਾ ਹੈ ਸੱਤਿ, ਸੰਤੋਖ ਅਤੇ ਦਇਆ ਜਿਵੇਂ ਕਿ ਮੁੰਦਾਵਣੀ ਮਹਲਾ 5 ਵਿਚ ਹੈ ਇਕ ਬੁਝਾਰਤ:-

ਥਾਲ ਵਿਚਿ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥

ਹੁਣ ਇਹ ਮਨ ਦੇ ਤੁਰਕੂ ਗ੍ਰੰਥੀ ਅਤੇ ਕੁ ਸੰਤ ਆਦਿ ਸਾਰਾ ਪਾਠ ਕਰਦੇ ਹਨ ਪਰ ਇਹ ਤੀਜੀ ਵਸਤੂ ਨਹੀਂ ਬੁਝ ਸਕਦੇ। ਜਿਹੜਾ ਇਹ ਤੀਜੀ ਵਸਤੂ ‘‘ਦਇਆ’’ ਬੁਝ ਸਕਦਾ ਹੈ ਉਸ ਨੂੰ ਤੁਸੀਂ ਇਕ ਗਿਆਨੀ ਸਮਝੋ।

ਜਿਤੁ ਕਾਰਜਿ ਸਤੁ ਸੰਤੋਖੁ ਧਰਮੁ ਹੈ ਗੁਰਮੁਖਿ ਬੂਝੈ ਕੋਈ॥

ਫਿਰ ਸੱਚ ਅਸਥੂਲ ਰੂਪੀ ਹੋਣ ਕਰਕੇ ਇਸ ਦੀ ਪਛਾਣ ਦੋਂਹ ਅੱਖਾਂ ਨਾਲ ਹੋ ਜਾਂਦੀ ਹੈ ਅਤੇ ਮੂਰਖ ਗਵਾਰ ਲੋਕ ਵੀ ਕਰ ਸਕਦੇ ਹਨ ਪਰ ਸੱਤਿ ਸੂਖਮ (ਸੂਖ਼ਸ਼ਮ) ਹੋਣ ਕਰਕੇ ਇਸ ਦੀ ਪਰਖ ਸੂਖਮ ਮਨ ਦੀ ‘‘ਤੀਜੀ’’ ਪੇਖਣ ਵਾਲੀ ਅੱਖ ਨਾਲ ਹੀ ਹੁੰਦੀ ਹੈ ਜਿਵੇਂ ਕਿ ਮੱਖਣ ਸ਼ਾਹ ਲਬਾਣੇ ਨੇ ਕੀਤੀ ਸੀ। ਭਾਵ ਇਹ ਕਿ ਜੇ ਮਨ ਅੰਨ੍ਹਾ ਹੋਵੇ ਤਾਂ ਉਹ ਆਦਮੀ ਨਾ ਹੀ ਸੱਤਿ ਦੀ ਪਰਖ ਕਰ ਸਕਦਾ ਹੈ ਅਤੇ ਨਾ ਹੀ ਉਸ ਦੇ ਸਤਿਗੁਰੂ ਦੀ ਸੂਖਮ ਬਾਣੀ ਸਮਝ ਵਿਚ ਪੈਂਦੀ ਹੈ। ਮਨ ਦੇ ਅੰਨ੍ਹੇ ਕਹਿੰਦੇ ਹਨ ਕਿ ਸਿੱਖ ਦਾ ਨਾ

ਕੋਈ ਵੈਰੀ ਨਾ ਹੀ ਬੇਗਾਨਾ ਪਰ ਰੱਖੀਆਂ ਹੋਈਆਂ ਹਨ ਗੁਰਦਵਾਰਿਆਂ ਵਿਚ ਖ਼ਾਲਸਿਆਂ ਵਾਲੀਆਂ ਕਿਰਪਾਨਾਂ ਅਤੇ ਸ਼ਸਤਰ!!! ਫਿਰ ਪੂਜਾ ਸ਼ਬਦ ਦੀ ਹੁੰਦੀ ਹੈ ਪਰ ਕੜਾਹ ਪ੍ਰਸ਼ਾਦ ਭੇਂਟ ਕਰਦੇ ਹਨ ਕਿਰਪਾਨ ਦੇ ਨਾਲ ਜਿਵੇਂ ਕਿ ਖ਼ਾਲਸੇ ਤਖ਼ਤਾਂ ’ਤੇ ਕਰਦੇ ਹਨ ਜਿਥੇ ਪੂਜਾ ਵੀ ਸ਼ਸਤਰਾਂ ਦੀ ਹੀ ਹੁੰਦੀ ਹੈ। ਭਾਵ ਇਹ ਕਿ ਬਹੁਤ ਸਾਰਿਆਂ ਨੂੰ ਸਿੱਖ (ਸਤਿਗੁਰੂ ਦੇ ਸਿੱਖ ਭਾਈ ਘਨਈਆ ਜੀ ਸੇਵਾਦਾਰ) ਅਤੇ ਖ਼ਾਲਸੇ (ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਲੜਾਕੇ) ਵਿਚ ਭੇਦ ਸਮਝ ਨਹੀਂ ਆਉਂਦਾ ਨਾ ਹੀ ਇਹਨਾਂ ਮਨ ਦੇ ਅੰਨ੍ਹਿਆਂ ਨੂੰ ਗੁਰੂ, ਸਤਿਗੁਰੂ ਅਤੇ ਸੱਚੇ ਪਾਤਸ਼ਾਹ ਵਿਚ। ਇਹ ਆਰਟੀਕਲ ਇਹਨਾਂ ਵਿਚ ਨਿਖੇੜਾ ਕਰੇਗਾ।

ਹੁਣ ਛੇ ਕਿਸਮਾਂ ਦੇ ਆਦਮੀ ਦੁਨੀਆਵੀ ਹੁੰਦੇ ਹਨ ਅਤੇ ਸੱਤਵੇਂ ਹੁੰਦੇ ਹਨ ਦੁਬਿਧਾ ਤੋਂ ਰਹਿਤ ਭਗਤ ਜਾਂ ਅਕਾਲ ਪੁਰਖ ਦੇ ਕੰਮ ਕਰਨ ਵਾਲੇ ਜਿਵੇਂ ਕਿ ਹੁੰਦੇ ਸੀ ਪਿਛਲੇ ਯੁੱਗਾਂ ਵਿਚ ਬ੍ਰਾਹਮਣ ਵੀ। ਇਹਨਾਂ ਨੂੰ ਯਹੂਦੀਆਂ ਦੇ ਮਨੌਂਰ੍ਹੇ ਦੀਆਂ ਸੱਤ ਬੱਤੀਆਂ ਰਾਹੀਂ ਸਮਝਾਇਆ ਹੈ। ਡੇਵਿਡ ਦੇ ਛੇ ਕੋਣੀ ਨਿਸ਼ਾਨ ਦੁਨਿਆਵੀ ਛੇ ਕਿਸਮ ਦੇ ਕਰਮਾਂ ਅਨੁਸਾਰ ਆਦਮੀਆਂ ਬਾਰੇ ਹਨ। ਇਸ ਲਈ ਛੇ ਹੀ ਸਤਿਗੁਰੂ ਹੋਏ ਹਨ ਅਤੇ ਚੌਂਹ ਵਰਨਾਂ ਦੇ ਅਨੁਸਾਰ ਚਾਰ ਸੱਚੇ ਪਾਤਸ਼ਾਹ:-

ਛਿਅ ਘਰ ਛਿਅ ਗੁਰ ਛਿਅ ਉਪਦੇਸ॥
ਗੁਰੁ ਗੁਰੁ ਏਕੋ ਵੇਸ ਅਨੇਕ॥

ਫਿਰ ਭਗਤ ਚੌਥੇ ਪਦ ਦੇ ਆਦਮੀ ਹੁੰਦੇ ਹਨ ਅਤੇ ਇਸ ਪਦ ’ਤੇ ਕਿਵੇਂ ਪੁੱਜਣਾ ਹੈ ਉਹ ਚੌਂਹ ਲਾਵਾਂ ਵਿਚ ਵਰਨਨ ਕੀਤਾ ਹੋਇਆ ਹੈ। ਇਹ ਚਾਰ ਪਦ ਹਨ ਹਉਮੈਂ, ਮਨ, ਬੁੱਧੀ ਅਤੇ ਚਿਤ ਬਿਰਤੀਆਂ ਅਤੇ ਇਹਨਾਂ ਦਾ ਇਕ ਬਿਰਤੀ ਤੋਂ ਦੂਜੀ ਬਿਰਤੀ ’ਤੇ ਤਕ ਲੈ ਜਾਣ ਲਈ ਹਨ ਚਾਰ ਲਾਵਾਂ। ਭਾਵ ਕਿ ਜਿਵੇਂ ਖੂਹ ਵਿਚੋਂ ਪਾਣੀ ਕੱਢਣ ਲਈ “ਲਾਂ” ਦੀ ਵਰਤੋਂ ਕਰੀਦੀ ਹੈ ਇਵੇਂ ਹੀ ਸਤਿਗੁਰੂ ਨਾਨਕ ਦੇਵ ਜੀ ਤੋਂ ਅਗਲੇ ਚਾਰ ਸਤਿਗੁਰੂ ਤੁਹਾਨੂੰ ਇਕ ਬਿਰਤੀ ਤੋਂ ਦੂਜੀ ਬਿਰਤੀ ’ਤੇ ਤਕ ਜਾਣ ਲਈ ਬਾਣੀ ਉਚਾਰਦੇ ਹਨ ਅਤੇ ਅਗਲੀ ਬਿਰਤੀ ਦਾ ਤੋਆਰਫ ਵੀ ਕਰਾਉਂਦੇ ਹਨ। ਯਾਦ ਰੱਖੋ ਕਿ ਸਤਿਗੁਰੂ ਨਾਨਕ ਦੇਵ ਜੀ ਮਾਂ ਦੇ ਗਰਭ ਵਿਚ ਹੀ ਚੌਥੇ ਪਦ ਦੇ ਸਨ। ਇਸ ਕਰਕੇ ਇਹ ਦੂਜੇ ਅਤੇ ਸਭ ਤੋਂ ਵੱਡੇ “ਅਨਾਉਂਟਿੱਡ ਕ੍ਰਾਈਸਟ” ਹੋਏ ਹਨ।

ਪਉੜੀ, ਸਿਰੀਰਾਗੁ ਕੀ ਵਾਰ, ਮਹਲਾ ੧

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥
ਕਾਰਜੁ ਦੇਇ ਸਵਾਰਿ ਸੱਤਿਗੁਰ ਸਚੁ ਸਾਖੀਐ॥
ਸੰਤਾ ਸੰਗਿ ਨਿਧਾਨੁ ਅੰਮ੍ਰਿਤੁ ਚਾਖੀਐ॥
ਭੈ ਭੰਜਨ ਮਿਹਰਵਾਨ ਦਾਸ ਕੀ ਰਾਖੀਐ॥
ਨਾਨਕ ਹਰਿ ਗੁਣ ਗਾਇ ਅਲਖੁ ਪ੍ਰਭੁ ਲਾਖੀਐ॥

ਹੁਣ ਸੁਣੋ ਤੁਸੀਂ ਦਸਾਂ ਜੋਤਾਂ ਦਾ ਵੇਰਵਾ:-

1. ਸਤਿਗੁਰੂ ਨਾਨਕ ਦੇਵ ਜੀ:- ਇਹ ਕਲਜੁਗ ਦੇ ਦੂਜੇ ਅਨਾਉਂਟਿਡ ਕ੍ਰਾਈਸਟ ਜਾਂ ਸਤਿਗੁਰੂ ਹੋਏ ਹਨ ਅਤੇ ਜਿਵੇਂ ਕਿ ਛੋਟੀ ਬਿਮਾਰੀ ਦੇ ਇਲਾਜ ਲਈ ਪਹਿਲਾਂ ਛੋਟਾ ਹੀ ਡਾਕਟਰ ਹੁੰਦਾ ਹੈ ਅਤੇ ਵੱਡੀ ਬਿਮਾਰੀ ਲਈ ਡਾਕਟਰ ਵੀ ਵੱਡਾ ਹੀ ਚਾਹੀਦਾ ਹੈ ਇਵੇਂ ਮਸੀਹ ਈਸਾ ਜੀ ਦੇ ਮਰੀਜ਼ ਵੀ ਏਨੇ ਖ਼ਰਾਬ ਨਹੀਂ ਸਨ ਜਿੰਨੇ ਕਿ ਸਤਿਗੁਰੂ ਨਾਨਕ ਦੇਵ ਜੀ ਦੇ ਸਨ।

ਉਸ ਵੇਲੇ ਰੋਮ ਦਾ ਪੋਪ ਧੰਨ ਅਤੇ ਦੁਨਿਆਵੀ ਰਾਜ ਵਿਚ ਰੁੱਝਿਆ ਹੋਇਆ ਸੀ (ਸ਼ੈਤਾਨ ਦਾ ਮਸੀਹ ਈਸਾ ਜੀ ਨੂੰ ਤੀਸਰਾ ਲਾਲਚ ਕਿ ਤੂੰ ਅਕਾਲ ਪੁਰਖ ਦੇ ਨਾਮ ਨੂੰ ਛੱਡ ਤੇ ਦੁਨਿਆਵੀ ਰਾਜ ਭਾਗ ਲੈ) ਅਤੇ ਜਿਹੜਾ ਉਹਦੇ ਨਾਲ ਸਹਿਮਤ ਨਹੀਂ ਸੀ ਹੁੰਦਾ ਤਾਂ ਉਸ ਨੂੰ ਉਹ ਮਰਵਾ ਦਿੰਦਾ ਸੀ। ਇਹੋ ਹੀ ਹਜ਼ਰਤ ਮੁਹੰਮਦ ਜੀ ਦੇ ਮੁੱਲਾਂ ਕਰਦੇ ਸਨ। ਮਸੀਹ ਈਸਾ ਜੀ ਤਾਂ ਇਕ ਮਹਾਨ ਸੇਵਾਦਾਰ ਸਨ ਪਰ ਪੋਪ ਇਕ ਮਹਾਨ ਹੁਕਮਰਾਨ ਬਣ ਗਏ। ਮੁੱਲਾਂ ਕਹਿੰਦੇ ਨੇ "ਇੰਸ਼ ਅੱਲ੍ਹਾ" ਪਰ ਆਪਣੇ ਫ਼ਤਵਿਆਂ ਨਾਲ ਕਰਦੇ ਹਨ "ਇੰਸ਼ ਮੁੱਲਾਂ"। ਭਾਵ ਕਿ ਦੁਨੀਆ ਵਿਚ ਕੂੜ ਅਤੇ ਮੱਕਾਰੀ ਜ਼ੋਰਾਂ ਵਿਚ ਸੀ। ਇਸ ਲਈ ਇਸ ਕੂੜ ਦੀ ਧੁੰਦ, ਜਿਹੜੀ ਕਿ ਰਾਤ (ਕਲਜੁਗ) ਨੂੰ ਬਣਦੀ ਹੈ, ਦੇ ਅੰਧੇਰੇ ਨੂੰ ਦੂਰ ਕਰਨ ਲਈ "ਸੱਤਿ ਦੇ ਸੂਰਜ ਸਤਿਗੁਰੂ" ਦੀ ਬੜੀ ਜ਼ਰੂਰਤ ਹੁੰਦੀ ਹੈ।

ਸਤਿਗੁਰੂ ਨਾਨਕ ਦੇਵ ਜੀ ਨੇ ਆਪਣੇ ਆਉਣ ਦਾ ਮਕਸਦ ਸਿੱਧ ਗੋਸ਼ਟ ਵਿਚ ਸਪੱਸ਼ਟ ਕੀਤਾ ਹੈ ਅਤੇ ਹੋ ਰਹੇ ਉਲਟੇ ਕੰਮਾਂ ’ਤੇ ਖ਼ੂਬ ਜ਼ੋਰ ਦਿੱਤਾ ਹੈ। ਭਾਵ ਕਿ ਆਪਣੇ ਆਪ ਨੂੰ ਕਹਿੰਦੇ ਸਨ ਮੁਸਲਮਾਨ ਪਰ ਰਹਿਮ ਦਿਲੀ ਦਾ ਨਾਮੋ ਨਿਸ਼ਾਨ ਵੀ ਨਹੀਂ ਸੀ ਹੁੰਦਾ?

ਹੁਣ ਹਕੀਕਤ ਜਾਣਨ ਲਈ ਤੁਹਾਨੂੰ ਸੱਤਿ ਦਾ ਗਿਆਨ ਹੋਣਾ ਜ਼ਰੂਰੀ ਹੈ ਅਤੇ ਇਹ ਸੱਤਿ ਪੁਰਖ ਤੋਂ ਮਿਲਦਾ ਹੈ:-

ਸੱਤ ਪੁਰੱਖੁ ਜਿਨਿ ਜਾਨਿਆ ਸਤਿਗੁਰੂ ਤਿਸ ਕਾ ਨਾਉ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥

ਸੱਤਿ ਪੁਰਖ ਕਿਵੇਂ ਜਾਣੀਏ ਉਸ ਦਾ ਤਰੀਕਾ ਦੂਜੇ ਸਤਿਗੁਰੂ ਅੰਗਦ ਦੇਵ ਜੀ ਨੇ ਇੰਜ ਦੱਸਿਆ ਹੈ।

ਸੂਹੀ ਮਹਲਾ ੪॥
ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ॥
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ ਪਾਪ ਤਜਾਇਆ ਬਲਿ ਰਾਮ ਜੀਉ॥
ਧਰਮੁ ਦ੍ਰਿੜਹੁ ਹਰਿ ਨਾਮੁ ਧਿਆਵਹੁ ਸਿਮ੍ਰਿਤਿ ਨਾਮੁ ਦ੍ਰਿੜਾਇਆ॥
ਸਤਿਗੁਰੂ ਗੁਰੁ ਪੂਰਾ ਆਰਾਧਹੁ ਸਭਿ ਕਿਲਵਿਖ ਪਾਪ ਗਵਾਇਆ॥
ਸਹਜ ਅਨੰਦੁ ਹੋਆ ਵਡਭਾਗੀ ਮਨਿ ਹਰਿ ਹਰਿ ਮੀਠਾ ਲਾਇਆ॥
ਜਨੁ ਕਹੈ ਨਾਨਕੁ ਲਾਵ ਪਹਿਲੀ ਆਰੰਭੁ ਕਾਜੁ ਰਚਾਇਆ॥

2. ਸਤਿਗੁਰੂ ਅੰਗਦ ਦੇਵ ਜੀ:- ਇਹ "ਸੂਦਰ ਵਰਨ" ਸਬੰਧੀ ਸਤਿਗੁਰੂ ਹੋਏ ਹਨ ਅਤੇ ਸੂਦਰ ਵਰਨ ਦਾ ਕੰਮ ਸੇਵਾ ਆਮ ਤੌਰ ਤੇ ਸਿੱਧੇ ਸਾਦੇ ਹਉਮੈਂ ਬਿਰਤੀ ਦੇ "ਮੂਰਖ ਲੋਕ" ਹੀ ਕਰਦੇ ਹਨ। ਇਹਨਾਂ ਨੇ ਸੇਵਾ ਭਾਵ ਅਤੇ ਭਗਤਾਂ ਦੀ ਕਸਵੱਟੀ ’ਤੇ ਪੂਰੇ ਉਤਰਣ ਨਾਲ ਸਤਿਗੁਰੂ ਦੀ ਗੱਦੀ ਪਾਈ ਸੀ। ਕਸਵੱਟੀ ਵਿਚ ਸਤਿਗੁਰੂ ਨਾਨਕ ਦੇਵ ਜੀ ਨੇ ਇਹਨਾਂ ਨੂੰ ਪਹਿਲਾਂ ਮਾਇਆ ਦਾ ਲਾਲਚ ਦਿੱਤਾ ਅਤੇ ਫਿਰ ਇਕ ਮੁਰਦੇ ਨੂੰ ਖਾਣ ਲਈ ਕਿਹਾ। ਇਸ ਦਾ ਭਾਵ ਇਹ ਹੈ ਕਿ ਜੇ ਤੁਸੀਂ ਅਕਾਲ ਪੁਰਖ ਨੂੰ ਪਾਉਣਾ

ਹੈ ਤਾਂ ਉਹ ਆਦਮੀ ਪਹਿਲਾਂ ਦੁਬਿਧਾ ਤੋਂ ਰਹਿਤ ਹੋਵੇ ਅਤੇ ਉਸ ਨੇ ਆਪਣੇ ਸਰੀਰ ਸਬੰਧੀ ਹਉਮੈਂ ਵੀ ਤਿਆਗਣੀ ਹੁੰਦੀ ਹੈ।

ਭਾਵ ਕਿ ਜਿਸ ਵੇਲੇ ਆਦਮੀ ਪੈਦਾ ਹੁੰਦਾ ਹੈ ਤਾਂ ਉਹ ਆਪਣੀ ਮਰਜ਼ੀ ਨਾਲ ਜਨਮ ਨਹੀਂ ਲੈਂਦਾ ਬਲਕਿ ਅਕਾਲ ਪੁਰਖ ਦੀ ਮਰਜ਼ੀ ਨਾਲ ਹੀ। ਇਹ ਜਾਣਨ ਨਾਲ ਉਸ ਦਾ ਉੱਚੀ ਨੀਵੀਂ ਜਾਤ ਦਾ ਭੇਦ ਟੁੱਟਦਾ ਰਹਿੰਦਾ ਹੈ ਅਤੇ ਉਹ ਅਕਾਲ ਪੁਰਖ ਦੇ ਪੁੱਤਰ ਬਣ ਕੇ ਇਕ ਦੂਜੇ ਦੇ ਸੱਤੇ “ਅੰਗੀ ਸੰਗੀ” ਬਣਦੇ ਹਨ। ਇਸ ਨੂੰ ਮੁੱਖ ਰੱਖਦਿਆਂ ਹੋਇਆਂ ਗੱਦੀ ਦੇਣ ਤੋਂ ਪਹਿਲਾਂ ਸਤਿਗੁਰੂ ਨਾਨਕ ਦੇਵ ਜੀ ਨੇ “ਲਹਿਣੇ” ਤੋਂ “ਅੰਗਦ ਦੇਵ” ਨਾਉਂ ਬਦਲਿਆ ਸੀ। ਯਾਦ ਰੱਖੋ ਕਿ ਅਕਾਲ ਪੁਰਖ ਸੱਤਾ (ਪੱਕਾ) ਪਿਓ ਹੁੰਦਾ ਹੈ ਅਤੇ ਜਾਤਾਂ ਦੇ ਪਿਓ ਸੱਚੇ (ਕੱਚੇ) ਹੁੰਦੇ ਹਨ। ਇਸ ਕਰਕੇ ਅਕਾਲ ਪੁਰਖ ਵਿਚ ਆਪਾਂ ਇਕ ਦੂਸਰੇ ਦੇ ਸੱਤਿ ਸੰਗੀ (ਭੈਣ) ਭਰਾ ਹੁੰਦੇ ਹਾਂ। ਅਤੇ ਜਿਵੇਂ ਤ੍ਰੇਤਾ ਯੁਗ ਵਿਚ ਖੱਤਰੀ ਦੇਵਤੇ ਮਸ਼ਹੂਰ ਸਨ ਇਸ ਕਰਕੇ ਇਹ ਇਕ ਦੁਨਿਆਵੀ ਕੰਮਾਂ ਵਿਚ ਦੇਵਤੇ ਵੀ ਹੁੰਦੇ ਸਨ ਜਿਵੇਂ ਕਿ ਅੱਜ-ਕੱਲ੍ਹ ਕੋਈ ਵਿਰਲਾ ਦੇਵਤਾ ਖੱਤਰੀ ਮਿਲ ਜਾਂਦਾ ਹੈ। ਇਸ ਲਈ ਸਿੱਖ ਬਣਨ ਲਈ ਇਕ “ਦੇਵਤਾ” (ਇਸ ਕਰਕੇ ਨਾਂ ਪਿੱਛੇ “ਦੇਵ” ਲਾਇਆ ਸੀ) ਬਣਨਾ ਵੀ ਜ਼ਰੂਰੀ ਹੈ।

ਏਥੇ ਇਹ ਵੀ ਮੈਂ ਦੱਸਾਂ ਕਿ ਹੱਜ ਦੀ ਰਸਮ 12 ਤੋਂ 16 ਸਾਲਾਂ ਦੇ ਮੁੰਡਿਆਂ ਨੂੰ ਆਪਣੇ ਕਬੀਲਿਆਂ ਦੇ ਵਡੇਰਿਆਂ ਨਾਲ ਸਬੰਧ ਰੱਖਣ ਲਈ ਹੁੰਦੀ ਹੈ ਅਤੇ ਇਸ ਦੀ ਕਿੰਨੀ ਕੁ ਅਹਿਮੀਅਤ ਹੈ ਕਿ ਲੋਕ ਮੱਕੇ, ਜਿਹੜਾ ਕਿ ਆਦਮ ਜਾਂ ਸ਼ਿਵ ਦਾ ਮੰਦਰ ਹੈ, ਵਲ ਮੂੰਹ ਕਰਕੇ ਝੁਕ ਝੁਕ ਸਲਾਮਾਂ ਕਰਦੇ ਹਨ ਅਤੇ ਕਬੀਲਿਆਂ ਦੇ ਲੋਕ ਸ਼ਰਮਸਾਰ ਹੋਣ ਕਰਕੇ ਇਹ ਇਸਲਾਮ ਦੇ ਧਰਮ ਦੀ ਬੁਨਿਆਦ ਵੀ ਹੈ। ਇਸ ਲਈ ਨਾ ਹੀ ਆਪਣੇ ਕਬੀਲੇ ਦਾ ਪੁੱਤਰ ਅਤੇ ਨਾ ਹੀ ਇਸਲਾਮ। ਭਾਵ ਕਿ ਇਸਲਾਮ ਜਾਂ ਸਿੱਖੀ ਉਹਨਾਂ ਲਈ ਹੈ ਜਿਹੜੇ ਲੋਕ ਆਪਣੀਆਂ ਕੌਮਾਂ ਦੱਸਦੇ ਹਨ ਨਾ ਕਿ ਛੁਪਾਉਂਦੇ ਹਨ। ਪਰ ਅੱਜ-ਕੱਲ੍ਹ ਤਾਂ ਸ਼ੈਤਾਨਾਂ ਨੇ ਜਾਤ ਛੁਪਾਉਣ ਦਾ ਰਿਵਾਜ ਹੀ ਪਾ ਦਿੱਤਾ ਹੈ। ਕੌਮਾਂ ਜਾਂ ਆਪਣੀ ਪਛਾਣ ਛੁਪਾਉਂਦੇ ਹਨ ਸ਼ੈਤਾਨ ਦੇ ਪੁੱਤਰ ਨਾ ਕਿ ਇਨਸਾਨ ਦੇ!!!

ਇਸ ਲਈ ਹੈ:-

ਬਹੁ ਇੱਲਾ (ਕੌਮਾਂ ਦੇ ਦੇਵਤੇ); ਵਾਹਦ ਅੱਲ੍ਹਾ (ਇਕੋ ਹੀ ਦੇਵਾ)।

ਫਿਰ "ਸੁਰਤੀ ਉਪਦੇਸ਼" ਸੁਣਨ ਅਤੇ ਸਮਝਣ ਲਈ ਪਹਿਲਾਂ ਤਨ ਸਬੰਧੀ ਹਉਮੈਂ ਮਾਰਨੀ ਪੈਂਦੀ ਹੈ। ਇਸ ਹਉਮੈਂ ਦਾ ਪਹਿਲਾ ਕਾਰਣ ਜਨਮ ਦੀ ਜਾਤ ਜਾਂ ਜਨਮ ਵਾਲਾ ਘਰ ਹੁੰਦਾ ਹੈ ਅਤੇ ਦੂਜਾ ਤਨ ਦੀ ਫੁਰਤੀ ਜਾਂ ਚੰਗੀ ਸਿਹਤ ਜਿਵੇਂ ਕਿ ਪਹਿਲਵਾਨਾਂ ਦੀ ਆਮ ਹੁੰਦੀ ਹੈ। ਸੁਰਤੀ ਨਾਲ ਨਾਮ ਹਾਸਲ ਕਰਨ ਲਈ ਠੰਢਾ ਸੁਭਾਅ ਅਤੇ ਸਹਿਜ ਦਾ ਹੋਣਾ ਵੀ ਜ਼ਰੂਰੀ ਹੁੰਦਾ ਹੈ। ਕਿੰਨਾ ਕੁ ਠੰਢੇ ਸੁਭਾਅ ਦਾ ਮਨੁੱਖ ਨੂੰ ਹੋਣਾ ਚਾਹੀਦਾ ਹੈ ਜਿਵੇਂ ਕਿ ਧੁੱਪ ਵਿਚ ਖੇਤੀ ਆਦਿ ਕਰਦਿਆਂ ਆਦਮੀ ਬੌਂਦਲ ਜਾਂਦਾ ਹੈ ਅਤੇ ਠੰਢੇ ਪਾਣੀ ਦੇ ਚੁਬੱਚੇ ਵਿਚ ਬਹਿ ਕਿ ਕਹਿੰਦਾ ਹੈ ਕਿ ਹੁਣ ਸੁਰਤ ਆਈ। ਸਹਿਜ ਵੀ ਜ਼ਰੂਰੀ ਹੈ ਜਿਵੇਂ ਕਿ ਦੋ ਲੜਦਿਆਂ ਨੂੰ ਕਹੀਦਾ ਹੈ ਕਿ ਠੰਢਾ ਪਾਣੀ ਪੀਓ ਅਤੇ ਫਿਰ ਠੰਢੇ ਹੋ ਕੇ "ਸਹਿਜ" ਨਾਲ ਨਿੱਬੜ ਲਵੋ। ਪਰ ਜੇ ਕੋਈ ਠੰਢਾ ਪਾਣੀ ਪੀ ਕੇ ਫਿਰ ਵੀ ਆਪਣੀ ਚਤਰਾਈ ਤੋਂ ਬਾਜ਼ ਨਾ ਆਏ ਤਾਂ ਫਿਰ ਫੈਸਲਾ ਹੋਣ ਦੀ ਕੋਈ ਉਮੀਦ ਨਹੀਂ ਹੁੰਦੀ। ਭਾਵ ਕਿ ਬਾਣੀ ਦੇ ਸਮਝਣ ਲਈ ਠੰਢਾ ਸੁਭਾਅ ਅਤੇ ਸਹਿਜ ਦਾ ਹੋਣਾ ਜ਼ਰੂਰੀ ਹੈ। ਸਹਿਜ ਬੱਚਿਆਂ ਵਾਂਗ ਸਾਫ ਦਿਲ ਗੁਰਮੁਖਾਂ ਵਿਚ ਹੁੰਦਾ ਹੈ ਨਾ ਕਿ ਮਨਮੁਖ ਚਤਰ ਚਲਾਕਾਂ ਵਿਚ। ਇਸ ਲਈ ਹੀ ਈਸਾ ਜੀ ਨੇ ਵੀ ਕਿਹਾ
ਹੈ ਕਿ ਰਾਮ ਰਾਜੇ ਬੱਚਿਆਂ ਵਾਂਗ ਸਭਾ ਦੇ ਗੁਰਮੁਖਾਂ ਲਈ ਹੈ।

ਠੰਢੇ ਸੁਭਾਅ ਅਤੇ ਸਾਦਾ ਲੋਹ ਰਹਿਣ 'ਤੇ ਜ਼ੋਰ ਦੇਣ ਲਈ ਸਤਿਗੁਰੂ ਅੰਗਦ ਦੇਵ ਜੀ ਉਹੀ ਚੋਲ਼ਾ ਧੋ ਕੇ ਗਿੱਲਾ ਹੀ ਪਾ ਲੈਂਦੇ ਸਨ ਅਤੇ ਇਸੇ ਹੀ ਲਈ ਹਰਿਮੰਦਰ ਸਾਹਿਬ ਵੀ ਪਾਣੀ ਦੇ ਗੱਭੇ ਬਣਾਇਆ ਹੋਇਆ ਹੈ। ਪਰ ਇਸ ਤੋਂ ਪਹਿਲਾ ਹਰਿਮੰਦਰ ਸਾਹਿਬ ਜਿਹੜਾ ਕਿ ਜੈਰੂਸ਼ਿਲਮ ਵਿਚ ਹੁੰਦਾ ਸੀ ਅਤੇ 70 ਸੰਨ ਵਿਚ ਢਾਹ ਦਿੱਤਾ ਗਿਆ ਸੀ ਪੱਧਰੇ ਹੀ ਬਣਿਆ ਹੋਇਆ ਸੀ ਕਿਉਂਕਿ ਏਥੇ ਦੇ ਲੋਕ ਐਨੇ ਤੱਤੇ ਸੁਭਾਅ ਦੇ ਜਨੂਨੀ ਨਹੀਂ ਸਨ। ਪੱਛਮ ਵਿਚ ਲੋਕ ਐਨੇ ਠੰਢੇ ਸੁਭਾਅ ਅਤੇ ਸਾਫ ਦਿਲਾਂ ਦੇ ਹਨ ਕਿ ਨਾ ਹੀ ਏਥੇ ਕਿਸੇ ਸਤਿਗੁਰੂ ਦੀ ਜਾਂ ਹਰਿਮੰਦਰ ਦੀ ਜ਼ਰੂਰਤ ਪਈ ਹੈ। ਦੁਨੀਆ ਵਿਚ ਦੁਨਿਆਵੀ (ਮੌਰਲ) ਸਿੱਖਿਆ ਲਈ ਜਾਂ "ਹਰੀ ਦੇ ਮੰਦਰ ਹਜ਼ਾਰਾਂ" ਹੁੰਦੇ ਹਨ ਪਰ ਆਤਮਿਕ ਗਿਆਨ ਲਈ "ਹਰਿ ਦਾ ਹਰਿਮੰਦਰ ਇਕ" ਹੀ ਹੁੰਦਾ ਹੈ ਜਿਵੇਂ ਕਿ ਇਹ ਸਰੀਰ "ਹਰਿਮੰਦਰ" ਹਰ ਇਕ ਦਾ ਇਕੋ ਹੀ ਹੁੰਦਾ ਹੈ। ਸਤਿਗੁਰੂ ਅੰਗਦ ਦੇਵ ਜੀ ਹਉਮੈਂ ਤੋੜਨ ਲਈ ਆਪਣੇ ਸਿੱਖਾਂ ਨੂੰ ਪਹਿਲਵਾਨੀ ਅਤੇ ਕੁਸ਼ਤੀਆਂ ਕਰਾਉਂਦੇ ਸਨ ਤਾਂ

ਕਿ ਇਹਨਾਂ ਦਾ ਹਰਿਮੰਦਰ ਆਲੀਸ਼ਾਨ, ‘‘ਜਤੀ’’, ਬਣੇ ਅਤੇ ਹਉਮੈਂ ਦੀ ਬੀਮਾਰੀ ਕਰੋਧ (ਗੁੱਸਾ ਅਤੇ ਈਰਖਾ) ਛੋੜ ਸਹਿਜ ਤੋਂ ਕੰਮ ਲੈਣ ਅਤੇ ਸੁਰਤੀ ਨਾਲ ਬਾਣੀ ਸਮਝਦਿਆਂ ਇਹ ‘‘ਸੱਤੀ’’ ਵੀ ਬਣ ਜਾਣ। ਭਾਵ ਕਿ ‘‘ਖਾਲਸਾ’’ ਜਤੀ ਅਤੇ ਸੱਤੀ ਹੁੰਦਾ ਹੈ।

ਸਹਿਜ ਦੀ ਮਿਸਾਲ ਸ਼ੈਤਾਨ ਮੁਹੰਮੱਦੀਆਂ ਦੇ ਮੁੰਡਿਆਂ ਦਾ ਸਿੱਖਾਂ ਦੇ ਮਿੱਟੀ ਦੇ ਪਾਣੀ ਲਿਆਉਣ ਵਾਲੇ ਘੜੇ ਤੋੜਨ ਦੀ ਹੈ। ਪਰ ਇਹ ਇਕ ਬਲੀ ਪਹਿਲਵਾਨ ਹੁੰਦਿਆਂ-ਸੁੰਦਿਆਂ ਵੀ ਉਹਨਾਂ ਮੁੰਡਿਆਂ ਨੂੰ ਕਦੀ ਕੌੜਾ ਬਚਨ ਨਹੀਂ ਸੀ ਬੋਲਦੇ ਸਨ ਕਿਉਂਕਿ ਸਿੱਖ ਦਾ ਨਾ ਕੋਈ ਵੈਰੀ ਅਤੇ ਨਾ ਹੀ ਕੋਈ ਬੇਗਾਨਾ ਹੁੰਦਾ ਹੈ। ਅਤੇ ਸਹਿਜ ਨਾਲ ਸਤਿਗੁਰੂ ਅੰਗਦ ਦੇਵ ਜੀ ਨੂੰ ਦੱਸਦੇ ਅਤੇ ਉਹਨਾਂ ਨੇ ਆਪਣੇ ਸਿੱਖਾਂ ਨੂੰ ਪਿੱਤਲ ਦੀਆਂ ਗਾਗਰਾਂ ਵਰਤਣ ਲਈ ਕਿਹਾ। ਅਕਾਲ ਪੁਰਖ ਦੇ ਭਾਣੇ ਨੂੰ ਮੰਨਣ ਲਈ ਹੀ ਕਈ ਸਾਲ ਮੀਂਹ ਨਹੀਂ ਸੀ ਪਿਆ ਅਤੇ ਪਿੰਡ ਦੇ ਮੂਰਖ ਲੋਕ ਇਹਨਾਂ ਨਾਲ ਔਖੇ ਹੋ ਪਏ ਸਨ। ਭਾਵ ਕਿ ਸਿੱਖੀ ਮੂਰਖਾਂ ਲਈ ਨਹੀਂ ਪਰ ਉਹ ਜਿਹੜੇ ਕਿ ਅਕਾਲ ਪੁਰਖ ਦਾ ਭਾਣਾ ਹੱਸਦੇ ਮੱਥੇ ਮੰਨਣ।

ਫਿਰ ਇਹਨਾਂ ਨੇ ਗੁਰਮੁਖੀ ਲਿਪੀ ਦੇ ਅੱਖਰ ਚਲਾਏ ਅਤੇ ਉਹ ਪੈਂਤੀ ਇਸ ਕਰਕੇ ਸਨ ਕਿ ਜੋ ਦੁਨਿਆਵੀ ਕਰਮ ਅਤੇ ਰੂਹਾਨੀ ਗਿਆਨ ਲਿਖਣ ਦੇ ਕੰਮ ਕਰਨੇ ਹਨ ਉਹ ਸਾਫ-ਦਿਲੀ ਨਾਲ ਕਰੋ। ਪੰਜਾਂ ਦਾ ਸਬੰਧ ਹੈ ਦਿਲ ਦੀ ਕਾਮ, ਕਰੋਧ, ਆਦਿ ਤੋਂ ਸਫਾਈ ਨਾਲ ਜਿਹਦੇ ਬਿਨਾਂ ਨਾਮ ਦਿਲ ਵਿਚ ਨਹੀਂ ਟਿਕਦਾ ਅਤੇ ਸੱਤ ਹਨ ਕਿਸਮਾਂ ਦੇ ਕੰਮ ਜਿਨ੍ਹਾਂ ਵਿਚੋਂ ਛੇ ਹਨ ਦੁਨਿਆਵੀ (ਖੱਟ) ਅਤੇ ਸਤਵਾਂ ਹੈ ਅਕਾਲ ਪੁਰਖ ਦਾ ਰੂਹਾਨੀ (ਸੱਤਿ)। ਇਸ ਲਈ ਬਾਣੀ ਸਾਫ ਦਿਲਾਂ ਵਾਲਿਆਂ ਦੀ ਹੀ ਲਿਖੀ ਹੋਈ ਹੈ ਨਾ ਕਿ ਮੱਕਾਰ ਫੁਕਰਿਆਂ ਦੀ ਅਤੇ ਇਹ ਸਮਝ ਵੀ ਸਾਫ ਹੀ ਦਿਲਾਂ ਦੇ ਮਨੁੱਖਾਂ ਨੂੰ ਆਉਂਦੀ ਹੈ ਨਾ ਕਿ ਰਿਸ਼ਵਤ ਖੋਰਾਂ ਅਤੇ ਮੱਕਾਰਾਂ ਨੂੰ!!!!

ਇਹ ਸੂਦਰਾਂ ਵਾਲਾ ਸੇਵਾ ਦਾ ਕੰਮ ਭਾਵ ਕਿ "ਬਾਣ ਵਟ" ਕੇ ਆਪਣੀ ਕਮਾਈ ਕਰਦੇ ਹੁੰਦੇ ਸਨ ਅਤੇ ਆਪ ਖੀਰ ਘਿਓ ਵਾਲਾ ਲੰਗਰ ਤਿਆਰ ਕਰਾਉਂਦੇ ਸਨ ਪਰ ਸਾਦਾ ਰੋਟੀ ਖਾਂਦੇ ਆਪਣੇ ਹੀ ਘਰ ਸਨ। ਭਾਵ ਕਿ ਇਹਨਾਂ ਨੇ ਪੂਜਾ ਧਾਨ ਨਹੀਂ ਖਾਧਾ ਅਤੇ ਆਪਣੀ ਔਲਾਦ ਨੂੰ ਵੀ ਇਸ ਤੋਂ ਵਰਜਿਆ ਸੀ। ਪੂਜਾ ਦਾ ਧਾਨ ਖਾਣਾ ਹਰਾਮ ਹੁੰਦਾ

ਹੈ ਕਿ ਕਿਤੇ ਮੂਰਖ ਲੋਕ ਮੁਫ਼ਤ ਦੀ ਰੋਟੀ ਸਮਝ ਕੇ ਏਥੇ ਹੀ ਖਾਈ ਜਾਣ ਅਤੇ ਘਰੀਂ ਬਣਾਉਣ ਦੀ ਖੇਚਲ ਵੀ ਨਾ ਕਰਨ। ਲੰਗਰ ਗਰੀਬਾਂ ਜਾਂ ਦੂਰੋਂ ਆਈ ਸੰਗਤ ਲਈ ਹੁੰਦਾ ਹੈ। ਆਦਮੀ ਖਾ ਕੇ ਹੀ ਸਹਿਜ ਨਾਲ ਸੁਣ ਸਕਦਾ ਹੈ ਨਾਂ ਕਿ ਭੁੱਖਾ।

ਇਹਨਾਂ ਨੇ ਬਹੁਤ ਥੋੜੇ ਸਲੋਕ ਲਿਖੇ ਸਨ ਅਤੇ ਉਹ ਵੀ ਹਉਮੈਂ ਨੂੰ ਮਾਰਨ ਬਾਰੇ ਅਤੇ ਪਹਿਲੀ ਲਾਂਵ ਨੂੰ ਮੁੱਖ ਰੱਖਦਿਆਂ। ਇਹ ਸਿੱਖੀ ਦੇ ਪਹਿਲੇ ਸਬਕ ਵੀ ਹਨ ਅਤੇ ਇਸ ਲਈ ਸਤਿਗੁਰੂ ਅੰਗਦ ਦੇਵ ਜੀ ਨੂੰ "ਸਿੱਖੀ ਦਾ ਧੁਰਾ" ਵੀ ਆਖੀ ਦਾ ਹੈ।

ਇਹਨਾਂ ਦੇ ਦਰਸ਼ਨ ਹਰ ਕੋਈ ਕਰ ਸਕਦਾ ਸੀ ਭਾਵੇਂ ਉਹ ਇਕ ਥਾਂ ਬੈਠ ਕੇ ਲੰਗਰ ਛੱਕੇ ਜਾਂ ਨਾ। ਇਹਨਾਂ ਦੇ ਸਿੱਖ "ਕਾਮ ਅਤੇ ਕਰੋਧ" ਤੋਂ ਰਹਿਤ ਸੁਰਤੀ ਵਾਲੇ ਅਕਾਲ ਪੁਰਖ ਦਾ ਭਾਣਾ ਮੰਨਣ ਵਾਲੇ ਹੁੰਦੇ ਸਨ।

ਇਹਨੂੰ ਕਹਿੰਦੇ ਹਨ "ਕੋਰੇ ਕਪੜੇ ਨੂੰ ਪਾਹ ਦੇਣਾ" ਤਾਂ ਕਿ ਇਸ ਨੂੰ ਪਿਆਰ ਦੇ ਪੱਕੇ "ਮਜੀਠ ਰੰਗ" ਨਾਲ ਰੰਗਿਆ ਜਾ ਸਕੇ।

ਹਰਿ ਦੂਜੜੀ ਲਾਵ ਸੱਤਿਗੁਰੁ ਪੁਰੱਖੁ ਮਿਲਾਇਆ ਬਲਿ ਰਾਮ ਜੀਉ॥
ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ॥
ਨਿਰਮਲੁ ਭਉ ਪਾਇਆ ਹਰਿ ਗੁਣ ਗਾਇਆ ਹਰਿ ਵੇਖੈ ਰਾਮੁ ਹੱਦੂਰੇ॥
ਹਰਿ ਆਤਮ ਰਾਮੁ ਪਸਾਰਿਆ ਸੁਆਮੀ ਸਰਬ ਰਹਿਆ ਭਰਪੂਰੇ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ ਮੰਗਲ ਗਾਏ॥
ਜਨ ਨਾਨਕ ਦੂਜੀ ਲਾਵ ਚਲਾਈ ਅਨਹੱਦ ਸਬਦ ਵਜਾਏ॥

3. ਸਤਿਗੁਰੂ ਅਮਰ ਦੇਵ ਜੀ:- ਇਹ "ਵੈਸ਼ ਵਰਨ" ਸਬੰਧੀ ਸਤਿਗੁਰੂ ਹਨ ਅਤੇ ਇਹਨਾਂ ਨੇ ਸਿੱਖਾਂ ਨੂੰ "ਦੁਬਿਧਾ" ਤੋਂ ਰਹਿਤ ਹੋਣ ਦੇ ਗੁਰ ਦੱਸੇ। ਇਹ ਸਤਿਗੁਰੂ ਅੰਗਦ ਦੇਵ ਜੀ ਦੀ ਸਿੱਖੀ ਦੀ ਕਸਵੱਟੀ 'ਤੇ ਪੂਰੇ ਉੱਤਰੇ ਸਨ ਅਤੇ ਇਹਨਾਂ ਨੇ ਸੱਤ ਪੁਰਖ ਨੂੰ ਜਾਣ ਕੇ "ਸਤਿਗੁਰੂ" ਹਿਰਦੇ ਪਾਇਆ ਅਤੇ "ਅਨਹਦ ਸ਼ਬਦ ਵਜਾਏ"। ਸਤਿਗੁਰੂ ਨੂੰ ਆਪਣੇ ਪਿਓ ਅਕਾਲ ਪੁਰਖ ਦੇ ਖਜਾਨਿਆਂ ਦੀ ਕੁੰਜੀ ਮਿਲ ਜਾਣ ਕਰਕੇ ਉਹ ਭਰਪੂਰ ਹੁੰਦਾ ਹੈ। ਜਿਵੇਂ ਦਾ ਪਿਓ ਹੁੰਦਾ ਹੈ ਉਵੇਂ ਹੀ ਉਹਦੇ ਪੁੱਤਰ ਹੋਣ ਕਰਕੇ

ਆਦਮੀ "ਅਮਰ" ਹੋ ਜਾਂਦਾ ਹੈ ਅਤੇ ਇਸੇ ਲਈ ਇਹਨਾਂ ਦਾ ਨਾਂ ਵੀ "ਅਮਰ ਦੇਵ" ਸੀ।

ਸੱਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥
ਮਨਿ ਚਿੰਦਿਆ ਫਲੁ ਪਾਵਣਾ, ਹਉਮੈ ਵਿਚਹੁ ਜਾਇ॥

ਇਹ ਰੋਜ਼ ਨਹਾਉਣ ਤੋਂ ਬਾਦ ਇਕ ਨਵਾਂ ਹੀ "ਚੋਲ਼ਾ" ਪਾਉਂਦੇ ਸਨ। ਭਾਵ ਕਿ ਜੇ ਤੁਸਾਂ ਨੇ ਅਕਾਲ ਪੁਰਖ ਦਾ ਖਜਾਨਾ "ਰਾਮ ਨਾਮ" ਦਾ ਲੁੱਟਣਾ ਹੈ ਤਾਂ ਰੋਜ਼ ਆਪਣੇ ਖਿਆਲਾਤ ਭੀ ਨਵੇਂ ਹੀ ਰੱਖੋ ਅਤੇ ਬੱਚਿਆਂ ਦੇ ਵਾਂਗ ਸਾਫ਼ ਦਿਲ ਰਹੋ ਅਤੇ ਕਿਸੇ ਨਾਲ ਵਿਤਕਰਾ ਨਾ ਕਰੋ। ਸੇਂਟ ਪਾਲ ਨੇ ਇੰਜ ਕਿਹਾ:-

"ਆਪਣੇ ਦਿਲ ਦੇ ਖਿਆਲਾਤ "ਇਨਰਮੈਨ" ਰੋਜ਼ ਨਵੇਂ ਕਰੋ"

ਇਹਨਾਂ ਨੇ ਖ਼ੂਬ ਬਾਣੀ ਉਚਾਰੀ ਅਤੇ ਅਕਾਲ ਪੁਰਖ ਦੇ ਭੇਦ ਪ੍ਰਗਟ ਕੀਤੇ।

ਇਹ ਹਰ ਇਕ ਨੂੰ ਆਪਣੇ ਦਰਸ਼ਨ ਨਹੀਂ ਸਨ ਦਿੰਦੇ ਸਿਰਫ਼ ਉਹੀ ਜਿਨ੍ਹਾਂ ਨੇ ਸਤਿਗੁਰੂ ਅੰਗਦ ਦੇਵ ਜੀ ਦੀ ਪਹਿਲੀ ਜਮਾਤ ਪਾਸ ਕਰ ਲਈ ਹੋਵੇ ਭਾਵ ਕਿ ਆਪਣੀ ਹਉਮੈਂ 'ਤੇ ਪੂਰਾ ਕਾਬਜ਼ ਹੋਵੇ। ਭਾਵੇਂ ਉਹ ਬਾਦਸ਼ਾਹ ਹੋਵੇ ਉਸ ਨੂੰ ਵੀ ਦੂਸਰਿਆਂ ਸਿੱਖਾਂ ਨਾਲ ਬੈਠ ਕੇ ਲੰਗਰ ਛਕਣਾ ਪੈਂਦਾ ਸੀ ਤਾਂ ਕਿ ਉਸ ਨੂੰ ਵੀ ਉਹਨਾਂ ਦੇ ਦਰਸ਼ਨਾਂ ਤੋਂ ਪਹਿਲਾਂ ਇਹ ਪਤਾ ਹੋਵੇ ਕਿ ਅਕਾਲ ਪੁਰਖ ਦੇ ਘਰ ਦੁਨਿਆਵੀ ਜਨਮ ਜਾਂ ਰੁਤਬਾ ਕੋਈ ਮਾਅਨੇ ਨਹੀਂ ਰੱਖਦਾ। ਇਹਨਾਂ ਨੇ ਦੂਜੀ ਲਾਂਵ ਦੇ ਸਬੰਧੀ ਸਤਿਗੁਰੂ ਪਾ ਕੇ ਬਾਣੀ ਉਚਾਰੀ ਅਤੇ ਆਪਣੇ ਸਿੱਖਾਂ ਨੂੰ ਬਾਣੀ ਰਾਹੀਂ "ਲੋਭ" ਤੋਂ ਵੀ ਰਹਿਤ ਕਰਵਾਇਆ।

ਇਸ ਕਰਕੇ ਇਹਨਾਂ ਨੇ ਈਮਾਨਦਾਰੀ ਨਾਲ, "ਦੇਵਤਿਆਂ ਦੇ ਵਾਂਗ", ਵਪਾਰ ਕਰਕੇ ਸੁਰਤੀ ਵਾਲਿਆਂ ਨੂੰ ਲਾਲਚ ਤੋਂ ਬਚਣ ਲਈ ਸਬਕ ਦਿੱਤੇ ਅਤੇ ਹੱਕ ਹਲਾਲ ਦੀ ਕਮਾਈ ਖਾਣ ਲਈ ਜੋਰ ਦਿੱਤਾ ਜਿਵੇਂ ਕਿ ਭਗਤ ਕਬੀਰ ਜੀ ਨੇ ਕਿਹਾ ਹੈ:-

ਕਬੀਰ ਭਾਗ ਮਹਾਂਫੁਲ (ਬੇਈਮਾਨੀ ਅਤੇ ਰਿਸ਼ਵਤਖੋਰੀ ਨਾਲ ਕਮਾਈ ਕਰਨੀ) ਪੂਜਾ ਧਾਨਿ (ਪੂਜਾ ਦਾ ਧੰਨ ਖਾਣਾ ਜਿਵੇਂ ਅੱਜ-ਕੱਲ੍ਹ ਚਲ ਰਿਹਾ ਹੈ। ਯਾਦ ਰੱਖੋ ਕੀਰਤਨੀਏ ਭਾਈ ਮਣਸਾ ਜੀ ਜਿਹੜੇ ਚੜ੍ਹੀ ਮਾਇਆ ਗਰੀਬਾਂ ਵਿਚ ਵੰਡ ਦਿੰਦੇ ਸਨ) ਜੋ ਜੋ ਪ੍ਰਾਨੀ ਖਾਂਹਿ॥

ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲਿ ਜਾਂਹਿ॥

ਇਹ ਤੁਕ ਗੁਰੂ ਗ੍ਰੰਥ ਸਾਹਿਬ ਵਿਚ ਬਦਲੀ ਹੋਈ ਹੈ ਅਤੇ ਸੂਖਮ ਬਾਣੀ ਨਹੀਂ ਰਹੀ ਬਲਕਿ ਅਸਥੂਲ ਰੂਪੀ ਸਰੀਰਕ ਕੱਚੀ ਬਾਣੀ ਬਣਾ ਦਿੱਤੀ ਹੈ।

ਲਾਲਚ ਬਾਰੇ ਇਕ ਹੋਰ ਵੀ ਤੁਕ ਹੈ:-

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥

(ਇਹ ਹਿੱਸਾ ਜਿਸਮ 'ਤੇ ਢੁੱਕਦਾ ਹੈ ਅਤੇ ਰੱਤ ਲੱਗਣ ਨਾਲ ਕਪੜਾ ਨਾਪਾਕ ਹੋ ਜਾਂਦਾ ਹੈ ਅਤੇ ਇਸ ਨੂੰ ਸਾਬਣ ਪਾਣੀ ਨਾਲ ਧੋਣ 'ਤੇ ਸਾਫ ਹੋ ਜਾਂਦਾ ਹੈ)

ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥

(ਪਰ ਜੇ ਆਦਮੀ ਦੂਸਰਿਆਂ ਦਾ ਖ਼ੂਨ ਰਿਸ਼ਵਤ, ਬੇਈਮਾਨੀ, ਆਦਿ ਨਾਲ ਪੀਵੇ ਭਾਵ ਕਿ ਹਰਾਮ ਖਾਏ ਤਾਂ ਉਹਦਾ ਚਿੱਤ ਨਿਰਮਲ ਨਹੀਂ ਹੋ ਸਕਦਾ)

ਇਹਨਾਂ ਨੇ ਸਤਿਗੁਰੂ ਦੇ ਬਿਰਦ ਮੁਤਾਬਿਕ ਖ਼ੂਬ ਮਨ ਚਿੰਦਿਆ ਫਲ, "ਰਾਮ ਨਾਮ", ਭਾਵ ਗੌਸਪਲ ਪਾਇਆ ਅਤੇ ਫਿਰ ਅਗਲੀ ਲਾਂਵ ਅਗਲੇ ਸਤਿਗੁਰੂ ਲਈ ਇੰਜ ਹੈ:-

ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ॥
ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ॥
ਨਿਰਮਲੁ ਹਰਿ ਪਾਇਆ ਹਰਿ ਗੁਣ ਗਾਇਆ ਮੁਖਿ ਬੋਲੀ ਹਰਿ ਬਾਣੀ॥
ਸੰਤ ਜਨਾ ਵਡਭਾਗੀ ਪਾਇਆ ਹਰਿ ਕਥੀਐ ਅਕਥ ਕਹਾਣੀ॥
ਹਿਰਦੈ ਹਰਿ ਹਰਿ ਹਰਿ ਧੁਨਿ ਉਪਜੀ ਹਰਿ ਜਪੀਐ ਮਸਤਕਿ ਭਾਗ ਜੀਉ॥
ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ ਮਨਿ ਬੈਰਾਗੁ ਜੀਉ॥

4. ਸਤਿਗੁਰੂ ਰਾਮ ਦਾਸ ਜੀ:- ਇਹ "ਖ਼ਸ਼ੱਤਰੀ ਵਰਨ" ਸਬੰਧੀ ਸਤਿਗੁਰੂ ਹੋਏ ਹਨ ਕਿ ਰਾਜੇ ਲੋਕਾਂ ਦੀ ਦੇਖ ਭਾਲ ਅਤੇ ਸੇਵਾ ਲਈ ਹੁੰਦੇ ਹਨ ਨਾ ਕਿ ਉਹਨਾਂ ਨੂੰ ਲੁੱਟਣ ਮਾਰਨ ਲਈ। ਰਾਮਦਾਸ ਦੇ ਨਾਉਂ ਬਾਰੇ ਤੁਕ ਹੈ:-

ਜਿਸ ਕੈ ਮਨਿ ਪਾਰਬ੍ਰਹਮ ਕਾ ਨਿਵਾਸੁ॥
ਤਿਸ ਕਾ ਨਾਮੁ ਸੱਤਿ ਰਾਮ ਦਾਸੁ॥
ਆਤਮ ਰਾਮੁ ਤਿਸੁ ਨਦਰੀ ਆਇਆ॥
ਦਾਸ ਦਸੰਤਣ ਭਾਇ ਤਿਨਿ ਪਾਇਆ॥

ਹੁਣ ਜਦੋਂ ਰਾਮ ਦੇ ਨਾਮ ਦੀ ਪੂਰੀ ਸਮਝ ਆ ਜਾਵੇ ਤਾਂ ਆਦਮੀ ਰਾਮ ਦੀ ਪੂਜਾ ਰਾਮ ਦਾ ਸੇਵਕ ਜਾਂ “ਦਾਸ” ਬਣ ਕੇ ਚੰਗੀ ਤਰ੍ਹਾਂ ਕਰਦਾ ਹੈ ਜਿਵੇਂ ਕਿ (ਸਤਿਗੁਰੂ) ਮਸੀਹ ਈਸਾ ਜੀ ਨੇ ਆਪਣਿਆਂ ਚੇਲਿਆਂ ਦੇ ਪੈਰ ਧੋਤੇ ਸਨ। ਦੁਨੀਆ ਦੀ ਮਾਇਆ ਦਾ “ਮੋਹ” ਵੀ ਜਾਂਦਾ ਰਹਿੰਦਾ ਹੈ ਜਿਵੇਂ ਕਿ ਤੀਸਰੇ ਆਸ਼ਰਮ (ਖ਼ਸ਼ੱਤਰੀ ਵਰਨ) ਦੇ ਆਦਮੀਆਂ ਵਿਚ ਹੋਣਾ ਚਾਹੀਦਾ ਹੈ।

ਹੁਣ ਜਿਹੜੀ ਚੀਜ਼ ਜਿਸਮ ’ਤੇ ਲਗਦੀ ਹੈ ਰੂਹ ’ਤੇ ਉਸ ਦੇ ਉਲਟ। ਜਿਸਮ ਦਾ ਬ੍ਰਾਹਮਣ ਜਗਤ ਗੁਰੂ ਲੋਕਾਂ ’ਤੇ ਇਕ ਹੁਕਮਰਾਨ ਬਣ ਕੇ ਲੋਕਾਂ ਨੂੰ ਸਿੱਧੇ ਰਾਹ ਪਾਉਂਦਾ ਹੈ, ਇਸ ਦੇ ਉਲਟ ਰੂਹਾਂ ਦਾ ਸਤਿਗੁਰੂ ਲੋਕਾਂ ਦੀ ਸੇਵਾ ਕਰਕੇ ਉਹਨਾਂ ਨੂੰ ਸਿੱਧੇ ਰਾਹ ਪੈਣ ਲਈ ਬੇਨਤੀ ਕਰਦਾ ਹੈ। ਜਿਵੇਂ ਕਿ ਪਿੰਡਾਂ ਦੇ ਸਿਆਣੇ ਧਰਮ ਲਈ ਧਰਮ ਸਾਲਾਂ ਬਣਾਉਂਦੇ ਹਨ ਇਵੇਂ ਹੀ ਇਹਨਾਂ ਨੇ ਲੋਕਾਂ ਨੂੰ ਸਿੱਧੇ ਰਾਹ ਪਾਉਣ ਲਈ “ਹਰਿਮੰਦਰ ਸਾਹਿਬ” ਬਣਾਉਣ ਦਾ ਕੰਮ "ਬ੍ਰਾਹਮਣ ਵਰਨ" ਸਬੰਧੀ ਸਤਿਗੁਰੂ ਅਰਜਨ ਦੇਵ ਜੀ ਨੂੰ ਸੌਂਪਿਆ ਸੀ। ਯਾਦ ਰੱਖੋ ਕਿ ਇਹ “ਹਰਿਮੰਦਰ ਸਾਹਿਬ” ਪਹਿਲਾਂ ਜੈਰੂਸ਼ਿਲਮ ਵਿਚ ਹੁੰਦਾ ਸੀ ਅਤੇ 70 ਸੰਨ ਵਿਚ ਇਹ ਠਿੱਠ ਗਿਆ ਸੀ। ਯਹੂਦੀਆਂ ਨੇ ਇਸ ਨੂੰ ਕੋਈ ੩੬੩ ਸੰਨ ਵਿਚ ਬਣਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਇਹ ਇਕ ਕੁਦਰਤੀ ਅੱਗ ਲੱਗ ਜਾਣ ਕਾਰਣ ਬਣ ਨਹੀਂ ਸਕਿਆ ਸੀ। ਇਸ ਅੱਗ ਨੇ ਕੁਝ ਬੰਦੇ ਵੀ ਸਾੜੇ ਸਨ। ਭਾਵ ਇਹ ਕਿ ਦੂਸਰਾ ਹਰਿਮੰਦਰ ਵੀ ਓਥੇ ਹੀ ਬਣਨਾ ਸੀ ਜਿਥੇ ਦੂਸਰਾ ਸਤਿਗੁਰੂ ਆਉਣਾ ਸੀ।

ਇਹਨਾਂ ਨੇ ਤੀਸਰੀ ਲਾਂਵ ਦੇ ਅਨੁਸਾਰ ਸਬਕ ਦਿੱਤੇ ਸਨ ਅਤੇ ਦੁਨਿਆਵੀ ‘‘ਮੋਹ’’ ਭੰਨਣ ਲਈ ਅਤੇ ਸੇਵਾ ਦਾ ਫਲ "ਪ੍ਰਭ ਅਵਿਨਾਸ਼ੀ" ਪਾਉਣ ਲਈ ਆਪਣੇ ਸਿੱਖਾਂ ਨੂੰ ਤਿਆਰ ਕੀਤਾ।

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ ਹਰਿ ਪਾਇਆ ਬਲਿ ਰਾਮ ਜੀਉ॥
ਗੁਰਮੁਖਿ ਮਿਲਿਆ ਸੁਭਾਇ ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ॥
ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ ਅਨਦਿਨੁ ਹਰਿ ਲਿਵ ਲਾਈ॥
ਮਨ ਚਿੰਦਿਆ ਫਲੁ ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ॥
ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ ਧਨ ਹਿਰਦੈ ਨਾਮਿ ਵਿਗਾਸੀ॥
ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ॥

5. ਸਤਿਗੁਰੂ ਅਰਜਨ ਦੇਵ ਜੀ:- ਇਹ "ਬ੍ਰਾਹਮਣ ਵਰਨ" ਸਬੰਧੀ ਮਾਇਆ ਤੋਂ ਇੰਜ ਰਹਿਤ ਸਨ ਜਿਵੇਂ ਕਿ ਚਾਂਦੀ (ਅਰਜਨ) ਕਾਲਖ ਤੋਂ ਰਹਿਤ ਹੁੰਦੀ ਹੈ। ਇਹਨਾਂ ਨੇ ‘‘ਰਾਮ ਦੀ ਸੇਵਾ’’ ਦੇ ਮਨ ਚਿੰਦਿਆ ਫਲ ਅਨੁਸਾਰ ਪਾਰਬ੍ਰਹਮ ਅਵਿਨਾਸ਼ੀ ਪਾਇਆ ਅਤੇ ਦਿਲ ਖੋਲ੍ਹ ਕੇ ਸਤਿਗੁਰੂ ਨਾਨਕ ਦੇਵ ਜੀ ਵਾਂਗ ਚੌਥੇ ਪਦ ਦੀ ਬਾਣੀ ਉਚਾਰੀ। ਇਹਨਾਂ ਦਾ ਦਰਜਾ ਜੇ ਤੁਸੀਂ ਸਤਿਗੁਰੂ ਨਾਨਕ ਦੇਵ ਜੀ ਵਾਲਾ ਰੱਖੋ ਤਾਂ ਤੁਹਾਨੂੰ ਇਹ ਪਤਾ ਲਗ ਜਾਵੇਗਾ ਕਿ ਇਹਨਾਂ ਨੂੰ ਤੱਤੀ ਲੋਹ ’ਤੇ ਕਿਉਂ ਬਿਠਾਇਆ ਗਿਆ ਸੀ।

ਜਿਵੇਂ ਕਿ ਪਹਿਲਾਂ ਦੱਸਿਆ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਦੂਜੇ ਅਨਾਉਂਟਿੱਡ ਕ੍ਰਾਈਸਟ ਸਨ ਅਤੇ ਜਿੱਡਾ ਵੱਡਾ ਸਤਿਗੁਰੂ ਹੁੰਦਾ ਹੈ ਤਾਂ ਓਡੇ ਵੱਡੇ ਹੀ ਤਸੀਹੇ ਮਿਲਦੇ ਹਨ। ਮਸੀਹ ਈਸਾ ਜੀ ਨੂੰ ਤਾਂ ਛੇਆਂ ਘੰਟਿਆਂ ਬਾਦ ਹੀ ਮੌਤ ਆ ਗਈ ਸੀ ਪਰ ਨਾਨਕ ਦੇ ਸਰੂਪ ਸਤਿਗੁਰੂ ਅਰਜਨ ਦੇਵ ਜੀ ਨੂੰ ਤਾਂ ਤਸੀਹੇ ਦਿੰਦਿਆਂ ਸ਼ੈਤਾਨ ਖੱਤਰੀਆਂ ਨੇ ਦੁਨੀਆ ਦੇ ਸਾਰੇ ਰਿਕਾਰਡ ਤੋੜ ਦਿੱਤੇ ਸਨ। ਸਭਨਾਂ ਮਹੀਨਿਆਂ ਵਿਚੋਂ ਗਰਮ ਜੂਨ ਦੇ ਮਹੀਨੇ ਜਦੋਂ ਕਿ ਕੋਈ ਆਦਮੀ ਨੰਗੇ ਸਿਰ ਵੀ ਧੁੱਪ ਵਿਚ ਬਾਹਰ ਨਹੀਂ ਜਾ ਸਕਦਾ, ਉਦੋਂ ਉਹਨਾਂ ਨੂੰ ਉੱਬਲਦੇ ਪਾਣੀ ਅਤੇ ਨੰਗੇ ਸਿਰ ਇਕ ਤਪਦੀ ਲੋਹ ’ਤੇ ਬਿਠਾ ਕੇ ਥੱਲੇ ਅੱਗ ਅਤੇ ਸਿਰ ’ਤੇ ਤੱਤੀ ਰੇਤ ਇਕ ‘‘ਚੰਦੂ ਨਾਂ ਦੇ ਖੱਤਰੀ’’ ਨੇ ਜਲਾਦਾਂ ਤੋਂ ਪਵਾਈ ਸੀ ਅਤੇ ਉਹ ਵੀ ਕਹਿੰਦੇ ਹਨ ਕਿ ਪੰਜ ਦਿਨ ਲਗਾਤਾਰ। ਇਸ ਚੰਦੂ ਖੱਤਰੀ ਦਾ ਗੋਤ ਕੋਈ ਵੀ ਦੱਸਣ ਨੂੰ ਤਿਆਰ ਨਹੀਂ ਹੈ? ਅਤੇ ਖੱਤਰੀ ਕੌਮ ਦੇ

ਲੋਕ ਬਾਦਸ਼ਾਹ ਜਹਾਂਗੀਰ ਦੇ ਸਿਰ ਦੋਸ਼ ਲਾਉਂਦੇ ਹਨ ਪਰ ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਨੇ ਫਿਰ ਚੰਦੂ ਨੂੰ ਕਿਉਂ ਫੜਿਆ ਸੀ? ਹੋਰ ਇਹਨਾਂ ਕੋਲ ਮਾਇਆ ਨਹੀਂ ਸੀ ਹੁੰਦੀ ਤਾਂ ਫਿਰ ਇਹਨਾਂ ਨੇ ਖੁਸਰੋ ਨੂੰ ਕੀ ਦੇਣੀ ਸੀ? ਅਤੇ ਨਾ ਹੀ ਕੋਈ ਤਿਲਕ ਆਦਿ ਲਾਇਆ ਸੀ। ਸਿੱਖਾਂ ਵਿਚ ਸਿਰੋਪੇ ਹੁੰਦੇ ਹਨ ਨਾ ਕਿ ਤਿਲਕ? ਇਹ ਸਾਰੀਆਂ ਚਤਰ ਚਲਾਕਾਂ ਖੱਤਰੀਆਂ ਦੀਆਂ ਹੀ ਗੱਲਾਂ ਹਨ।

ਇਹ ਫਿਰ ਆਪਣੀ ਇੱਛਾ ਨਾਲ "ਰਵ" ਰਹੇ ਰਾਵੀ ਦਰਿਆ ਵਿਚ ਆਪਣੇ "ਰਾਮ" ਨਾਲ ਰਵ ਗਏ। ਓਸ ਵੇਲੇ ਉਹਨਾਂ ਦੀ ਉਮਰ 43 ਸਾਲਾਂ ਦੀ ਸੀ।

ਇਹ ਲਾਹੌਰ ਜਾਣ ਤੋਂ ਪਹਿਲਾਂ ਭਾਈ ਬੁੱਢਾ ਜੀ ਨੂੰ ਹਰਿ ਗੋਬਿੰਦ ਜੀ ਨੂੰ ਸ਼ਕਤੀ ਮਾਰਗ ਚਲਾਉਣ ਬਾਰੇ ਹਿਦਾਇਤਾਂ ਦੇ ਗਏ ਸਨ ਅਤੇ ਉਹਨਾਂ ਹਿਦਾਇਤਾਂ ਵਿਚ ਹਿੰਦੂ ਧਰਮ-ਮਰਿਆਦਾ ਅਨੁਸਾਰ "ਸਿਰ ਦਾ ਘਰੜ" ਕਰਨ ਬਾਰੇ ਵੀ ਸਨ। ਇਹ ਹਿਦਾਇਤਾਂ ਰਾਮ ਕਲੀ ਮ.5 ਪੌੜੀ ਤੀਜੀ (?) ਵਿਚ ਸਨ ਪਰ ਅੱਜ-ਕੱਲ੍ਹ ਇਹ ਮਿਟਾ ਦਿੱਤੀਆਂ ਗਈਆਂ ਹਨ ਕਿਉਂਕਿ ਇਹਨਾਂ ਸ਼ੈਤਾਨ ਖੱਤਰੀਆਂ ਨੇ ਨਕਲੀ ਸਿੱਖ ਜਿਸਮਾਨੀ (ਬਿੰਦੀ ਰੂਪ ਦੇ) ਦਾੜ੍ਹੀ, ਕੇਸ ਅਤੇ ਪਗੜੀ ਵਾਲੇ ਬਣਾਉਣੇ ਸਨ ਨਾ ਕਿ ਰੂਹਾਨੀ (ਨਾਦੀ ਰੂਪੀ) ਅਤੇ ਇਹਨਾਂ ਬਾਰੇ ਮੇਕਲਾਓਡ ਨੇ ਆਪਣੀ ਕਿਤਾਬ ਵਿਚ ਲਿਖਿਆ ਹੋਇਆ ਹੈ। ਜ਼ਿਆਦਾ ਜਾਣਕਾਰੀ ਲਈ ਪ੍ਰੋਫੈਸਰ ਜੋਧ ਸਿੰਘ ਜੀ ਦੀ ਕਰਤਾਰਪੁਰੀ ਬੀੜ ਬਾਰੇ ਕਿਤਾਬ "ਸ਼੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ" ਵੀ ਪੜ੍ਹੋ।

ਇਹ ਸਤਿਗੁਰੂ ਨਾਨਕ ਦੇਵ ਜੀ ਦਾ ਚੌਥੇ ਪਦ ਵਾਲਾ ਰੂਪ ਹੋਣ ਕਰਕੇ ਕਹਿੰਦੇ ਹਨ:-

ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥

ਜਾਂ ਇੰਜ ਸਮਝੋ ਕਿ ਸਪੈਸ਼ਲਿਸਟ ਹੀ ਸਪੈਸ਼ਲਿਸਟ ਦੀ ਕਦਰ ਜਾਂ ਪਹਿਚਾਣ ਕਰਦਾ ਹੈ।

6. ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ:- ਇਹ "ਬ੍ਰਾਹਮਣ ਵਰਨ" ਸਬੰਧੀ ਪਾਤਸ਼ਾਹ ਹੋਏ ਹਨ ਅਤੇ ਜਿਵੇਂ ਕਿ ਪਹਿਲਾਂ ਆਦਮੀ ਨੂੰ ਮੂੰਹ ਨਾਲ ਸਮਝਾਈਦਾ ਹੈ ਅਤੇ ਜੇ ਉਹ

ਨਾ ਹੀ ਸਮਝੇ ਤਾਂ ਫਿਰ ਡੰਡੇ ਨਾਲ। ਹੁਣ ਪਹਿਲੇ ਪੰਜਾਂ ਸੱਤਿ ਗੁਰੂਆਂ ਨੇ ਸ਼ੈਤਾਨ ਦੇ ਪੁੱਤਰਾਂ ਨੂੰ ਬਾਣੀ ਰਾਹੀਂ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਸਮਝ ਕੇ ਹੋਰ ਜ਼ਬਰਦਸਤ ਸ਼ੈਤਾਨਾਂ ਦੇ ਪੁੱਤਰ ਬਣ ਗਏ। ਯਾਦ ਰੱਖੋ ਕਿ ਸ਼ੈਤਾਨ ਖੱਤਰੀਆਂ ਨੂੰ ਭਗਤੀ ਮਾਰਗ ਦਾ ਪੂਰਾ ਗਿਆਨ ਹੋਣ ਕਰਕੇ ਇਹ ਖੁਲ੍ਹੇ ਦਿਲ ਨਾਲ ਸਿੱਖਾਂ ਅਤੇ ਸੱਤਿ ਗੁਰੂਆਂ 'ਤੇ ਜ਼ੁਲਮ ਕਰਦੇ ਸਨ ਕਿ ਕਿਸੇ ਨੇ ਸਾਨੂੰ ਕੁਝ ਵੀ ਨਹੀਂ ਕਹਿਣਾ ਅਤੇ ਇਹਨਾਂ ਭਗਤਾਂ ਨੇ ਜ਼ੁਲਮ ਨੂੰ ਵੀ ਅਕਾਲ ਪੁਰਖ ਦਾ ਹੀ ਭਾਣਾ ਮੰਨਣਾ ਹੈ ਨਾ ਕਿ ਸ਼ੈਤਾਨ ਦਾ ਜ਼ੁਲਮ। ਪਰ ਸ਼ਕਤੀ ਮਾਰਗ ਭਗਤੀ ਮਾਰਗ ਦੇ ਉਲਟ ਹੁੰਦਾ ਹੈ ਅਤੇ ਇਸ ਵਿਚ ਇਕੱਲਾ ਮੂੰਹ (ਹਰਿ) ਹੀ ਨਹੀਂ ਪਰ ਡੰਡੇ (ਗੋਬਿੰਦ) ਦੀ ਵੀ ਵਰਤੋਂ ਹੁੰਦੀ ਹੈ। ਭਾਵ ਕਿ "ਲਾਤੋਂ ਕੇ ਭੂਤ ਬਾਤੋਂ ਸੇ ਨਹੀਂ ਮਾਨਤੇ" ਦੇ ਅਨੁਸਾਰ ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਨੇ ਕਿਰਪਾਨ ਦੀ ਵਰਤੋਂ ਵੀ ਕੀਤੀ ਅਤੇ ਸੰਗਤਾਂ ਨੂੰ ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ ਦੀ ਪਰਉਪਕਾਰੀ ਖਾਲਸਾ ਫੌਜ ਲਈ ਵੀ ਤਿਆਰ ਕੀਤਾ।

ਹੁਣ ਜਿਵੇਂ ਹਿੰਦੂ ਮਰਿਆਦਾ ਵਿਚ ਇਕ ਆਸ਼ਰਮ ਤੋਂ ਦੂਸਰੇ ਆਸ਼ਰਮ ਜਾਣ ਵੇਲੇ ਸਿਰ ਦਾ ਮੁੰਨਣ ਕੀਤਾ ਜਾਂਦਾ ਹੈ ਇਵੇਂ ਹੀ ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਨੂੰ ਭਗਤੀ ਤੋਂ ਸ਼ਕਤੀ ਮਾਰਗ ਲਈ ਤਿਆਰ ਕਰਨ ਲਈ ਇਹਨਾਂ ਦੇ ਸਿਰ ਦੇ ਵਾਲ ਮੁੰਨਣੇ ਸਨ। ਫਿਰ ਇਹਨਾਂ ਦੇ ਦੋ ਸ਼ਸਤਰ ਪਾਏ ਸਨ। ਪਹਿਲਾਂ "ਹਰਿ" ਜਾਂ "ਪੀਰੀ" ਦੇ ਨਾਂ ਪਾਇਆ ਸੀ ਨਾਮ ਦਾ ਦੋ ਧਾਰੀ "ਖੰਡਾ" ਜਿਹੜਾ ਕਿ ਖੱਬਿਓਂ ਸੱਜੇ ਪਾਇਆ ਸੀ ਅਤੇ ਫਿਰ "ਗੋਬਿੰਦ" ਜਾਂ "ਮੀਰੀ" ਦੇ ਨਾਂ ਪਾਈ ਸੀ "ਪਾਰ ਸ਼ਿਵ" ਦੀ ਸੋਧਣ ਵਾਲੀ "ਕਿਰਪਾਨ"! ਫਿਰ ਜਿਵੇਂ ਸ਼ਿਵ ਦੀਆਂ ਮੱਥੇ 'ਤੇ ਤਿੰਨ ਲਕੀਰਾਂ ਹੁੰਦੀਆਂ ਹਨ ਅਤੇ ਖੜ੍ਹਵੀਂ "ਵਿਸ਼ਨੂੰ" ਦੀ ਤੀਜੀ ਅੱਖ ਜਿਸ ਨੂੰ ਮੱਦੇ ਨਜ਼ਰ ਰੱਖ ਕੇ ਸ਼ਿਵ ਆਪਣੀ ਤ੍ਰਿਸ਼ੂਲ ਵਾਹੁੰਦਾ ਹੈ ਇੰਜ ਹੀ ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਨੇ "ਪਾਰ ਵਿਸ਼ਨੂੰ" ਦੇ "ਨਾਮ ਦੇ ਖੰਡੇ" ਨੂੰ ਮੱਦੇ ਨਜ਼ਰ ਰੱਖਦਿਆਂ "ਪਾਰ ਸ਼ਿਵ" ਦੀ ਕਿਰਪਾਨ ਵਾਹੀ ਸੀ।

ਫਿਰ ਇਹਨਾਂ ਨੇ "ਹਰਿ" ਦੇ ਨਾਂ 'ਤੇ ਚੌਥੇ ਬ੍ਰਾਹਮਣ ਵਰਨ ਦੇ "ਨਿਰਮਲੇ ਸੰਤਾਂ" ਲਈ "ਅਕਾਲ ਤਖ਼ਤ" ਬਣਵਾਇਆ ਅਤੇ "ਗੋਬਿੰਦ" ਦੇ ਨਾਂ 'ਤੇ ਲੋਹ ਗੜ੍ਹ ਸਾਹਿਬ ਦਾ ਕਿਲਾ ਬਣਵਾਇਆ ਸੀ। ਇਹਨਾਂ ਨੇ ਚਾਰ ਲੜਾਈਆਂ ਲੜੀਆਂ ਸਨ ਅਤੇ ਫਿਰ ਸ਼ਿਵ ਦੀ ਗੋਦ ਸ਼ਿਵਾਲਕ ਪਹਾੜੀਆਂ ਸਤਲੁਜ ਦਰਿਆ ਦੇ ਕੰਢੇ ਕੀਰਤ ਪੁਰ ਆਰਾਮ ਨਾਲ ਜਾ ਵਸੇ। ਜਿਵੇਂ ਕਿ ਪਹਿਲਾਂ ਚੌਂਹ ਯੁੱਗਾਂ ਦੇ ਚਾਰ ਅਵਤਾਰ ਦੇ ਆਰਟੀਕਲ ਵਿਚ

ਦੱਸਿਆ ਸੀ ਇਹ ਸ਼੍ਰੀ ਕ੍ਰਿਸ਼ਨ ਬੱਲ ਦੇਵ (ਸ਼ਿਵ) ਜੀ ਦੇ ਰੂਹਾਨੀ (ਪਾਰ ਸ਼ਿਵ) ਰੂਪ ਸਨ ਅਤੇ ਯਾਦਵ ਪਾਂਡਵਾਂ ਦੇ ਜੱਟਾਂ (ਗੰਗਾ ਦਰਿਆ ਦੇ ਭਾਈ ਸ਼ਿਵ ਸੈਨਾ) ਨੇ ਇਹਨਾਂ ਦੀ ਬੜੀ ਮਦਦ ਕੀਤੀ ਸੀ। ਭਾਈ ਬੁੱਢਾ ਜੀ ਰੰਧਾਵਾ ਜੱਟ ਗੰਗਾ ਮਾਤਾ ਦੇ ਰੂਹਾਨੀ ਭਰਾ ਸਨ ਅਤੇ ਇਸ ਕਰਕੇ ਭਾਈ ਬੁੱਢਾ ਜੀ ਦੀ ਚਿਤਾ ਨੂੰ ਅੱਗ ਵੀ ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਨੇ ਲਾਈ ਸੀ, ਕਿ ਜਾਤ ਨਾਲੋਂ ਧਰਮ ਦੇ ਰਿਸ਼ਤੇਦਾਰ ਨੇੜੇ ਹੁੰਦੇ ਹਨ। ਫਿਰ ਇਹਨਾਂ ਨੇ ਪਾਤਸ਼ਾਹ ਦੇ ਨਾਤੇ ਬੇਕਸੂਰੇ ਬਾਦਸ਼ਾਹਾਂ ਦੀ ਵੀ ਪੱਤ ਰੱਖੀ ਸੀ। ਇਸ ਬਾਰੇ ਵਿਸਾਖੀ ਦੇ ਵਿਸ਼ੇਸ਼ ਲੇਖ ਵਿਚ ਦੱਸਿਆ ਜਾਏਗਾ।

7. ਸੱਚੇ ਪਾਤਸ਼ਾਹ ਹਰਿ ਰਾਏ ਜੀ:- ਇਹ "ਸੂਦਰ ਵਰਨ" ਸਬੰਧੀ ਪਾਤਸ਼ਾਹ ਹੋਏ ਹਨ ਅਤੇ ਇਹਨਾਂ ਨੇ ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਦੇ ਕੰਮ ਨੂੰ ਜਾਰੀ ਰੱਖਿਆ ਅਤੇ ਆਪਣੇ ਬਿਰਦ ਦੇ ਅਨੁਸਾਰ ਸੱਚੇ ਪਾਤਸ਼ਾਹ ਜੀ ਹਸਪਤਾਲ ਬਣਵਾ ਕੇ ਰੂਹਾਂ ਦੇ ਸੰਕਟ ਕੱਟਦੇ ਰਹੇ। ਯਾਦ ਰੱਖੋ ਕਿ ‘‘ਧਰਮ ਰਾਏ’’ ਕਰਮ ਮਾਰਗ ਦਾ ਸ਼ਾਹ ਹੁੰਦਾ ਹੈ ਅਤੇ ‘‘ਹਰਿ’’ ਦੇ ਭਗਤਾਂ ਦਾ ਧਰਮ ਰਾਏ ਦਾ ਹਿਸਾਬ ਕਿਤਾਬ ਖਤਮ ਹੋ ਜਾਂਦਾ ਹੈ ਅਤੇ ਅਕਾਲ ਪੁਰਖ ਦਾ ਹਿਸਾਬ ਕਿਤਾਬ ਲੈਣ ਵਾਲਾ ‘‘ਹਰਿ ਰਾਏ’’ ਹੋ ਜਾਂਦਾ ਹੈ। ਇਸ ਕਰਕੇ ਸੱਚੇ ਪਾਤਸ਼ਾਹ ਦੀ ਸੇਵਾ ਅਤੇ ਨੌਕਰੀ ਕਰਕੇ ਆਦਮੀ ‘‘ਮੁਕਤ ਦਾਨ’’ ਪਾਉਂਦਾ ਹੈ। ਫਿਰ ਸੱਚੇ ਪਾਤਸ਼ਾਹ ਪੀਰਾਂ ਦਾ ਪੀਰ ਹੋਣ ਕਰਕੇ ਇਹ ਬਾਣੀ ਦੀ ਵਿਆਖਿਆ ਖੂਬ ਕਰਕੇ ਸੰਗਤਾਂ ਨੂੰ ਨੌਂ ਨਿਹਾਲ ਕਰਦੇ ਹਨ। ਕਿਉਂਕਿ ‘‘ਹਰਿ ਰਾਏ’’ ‘‘ਧਰਮ ਰਾਏ’’ ਤੋਂ ਵੱਡਾ ਹੁੰਦਾ ਹੈ ਜਿਵੇਂ ਕਿ ‘‘ਹਰਿ’’ ਹਰੀ ਤੋਂ ਤਾਂ ਇਹਨਾਂ ਨੇ ਜਿਸਮ ਦੇ ਰੋਗੀਆਂ ਲਈ ਹਸਪਤਾਲ ਵੀ ਖੋਲ੍ਹੇ।

ਹੁਣ ਹਰਿ ਰਾਏ ਜੀ ਦੇ ਦੋ ਲੜਕੇ ਸਨ ਅਤੇ ਵੱਡੇ ਦਾ ਨਾਂ ਸੀ ‘‘ਰਾਮ ਰਾਏ’’ ਭਾਵ ਕਿ ਉਹਦਾ ‘‘ਰਾਏ’’ ਜਿਹੜਾ ਕਿ ਘੱਟ ਘੱਟ ਵਿਚ ਵਸ ਰਿਹਾ ‘‘ਰਾਮ’’ ਹੈ। ਇਸ ਪੁੱਤਰ ਵਿਚ ਵੀ ਪੂਰੀ ਸ਼ਕਤੀ ਸੀ ਜਿਵੇਂ ਕਿ ਰਾਮ ਵਿਚ ਬੱਲ ਹੁੰਦਾ ਹੈ। ਪਰ ਇਸ ਨੇ ਉਹਨਾਂ ਨੂੰ ਕਰਾਮਾਤਾਂ ਦਿਖਾਈਆਂ ਜਿਹੜੇ ਕਿ ਦੁਨੀਆ ਭਰ ਵਿਚੋਂ ਇਕ ਨੰਬਰ ਦੇ ਮੱਕਾਰ ਬਹੁਤੇ ਕਸ਼ਮੀਰੀ ਸ਼ੈਤਾਨ ਸਨ। ਹੁਣ ਕਰਾਮਾਤਾਂ ਸਿਰਫ਼ ਸਾਦਾ ਲੋਹ ਆਦਮੀਆਂ ਵਿਚ ਹੀ ਦਿਖਾਈ ਦੀਆਂ ਹਨ ਨਾ ਕਿ ਕਸ਼ਮੀਰ ਦੇ ਇਕ ਨੰਬਰ ਦੇ ਸ਼ੈਤਾਨ ਮੁੱਲਾਂ ਜਿਹੜੇ ਕਿ ਉਸ ਦਰਬਾਰ ਵਿਚ ਬੈਠੇ ਹੋਏ ਸਨ। ਯਾਦ ਰੱਖੋ ਕਿ ਮਸੀਹ ਈਸਾ ਜੀ ਨੇ ਜੈਰੂਸ਼ਿਲਮ ਦੇ ਚਤਰ ਚਲਾਕ ਰੱਬਾਈਆਂ ਨੂੰ ਕਰਾਮਾਤ ਦਿਖਾਉਣ ਤੋਂ ਨਾਂਹ ਕਰ ਦਿੱਤੀ ਸੀ

ਕਿਉਂਕਿ ਉਹ ਆਪ ਅੱਖੀਂ ਦੇਖੀਆਂ ਅਤੇ ਲੋਕਾਂ ਦੀਆਂ ਦੱਸੀਆਂ ਹੋਈਆਂ ਕਰਾਮਾਤਾਂ ਵੀ ਨਹੀਂ ਸਨ ਮੰਨਦੇ। ਇਸ ਲਈ ਦੁਨੀਆ ਦੇ ਸਰਤਾਜ ਕਸ਼ਮੀਰੀ ਸ਼ੈਤਾਨ ਮੁੱਲਾਂ ਨੂੰ ਕਰਾਮਾਤਾਂ ਦਿਖਾਉਣਾ ਤਾਂ ਇਕ ਮਹਾਂ ਗਲਤੀ ਸੀ। ਅਤੇ ਫਿਰ ਘਬਰਾ ਕੇ ਬਾਣੀ ਵੀ ਉਹਨਾਂ ਸ਼ੈਤਾਨਾਂ ਨੂੰ ਖੁਸ਼ ਕਰਨ ਲਈ ਬਦਲ ਦਿੱਤੀ। ਇਸ 'ਤੇ ਸ਼ੈਤਾਨਾਂ ਨੇ ਇਸ ਖਿੜਕੇ ਹੋਏ ਸਿੱਖ ਨੂੰ ਦੁਨਿਆਵੀ ਸਿਰੋਪੇ ਦੇ ਕੇ ਨਿਹਾਲ ਕੀਤਾ।

ਜਦ ਸੱਚੇ ਪਾਤਸ਼ਾਹ ਹਰਿ ਰਾਏ ਜੀ ਨੂੰ ਪਤਾ ਲੱਗਾ ਤਾਂ ਉਹਨਾਂ ਨੇ ਇਸ ਖਿੜਕੇ ਹੋਏ ਸਿੱਖ ਦਾ ਮੂੰਹ ਦੇਖਣਾ ਨਾ ਚਾਹਿਆ ਪਰ ਯਾਦ ਰੱਖੋ ਕਿ ਅੱਜ-ਕੱਲ੍ਹ ਦੀਆਂ ਬੀੜਾਂ ਵਿਚ ਵੀ ਬਹੁਤ ਗਲਤੀਆਂ ਹਨ।

ਇਸ ਕਰਕੇ ਸੱਚੇ ਪਾਤਸ਼ਾਹ ਹਰਿ ਰਾਏ ਜੀ ਨੇ ਆਪਣੀ ਗੱਦੀ “ਹਰਿ ਕ੍ਰਿਸ਼ਨ” ਜੀ ਨੂੰ ਦੇ ਦਿੱਤੀ ਸੀ। ਪਰ ਉਹ ਖਿੜਕਿਆ ਹੋਇਆ ਰਾਮ ਰਾਏ ਇਸ ਵਿਚ ਖੁਸ਼ ਨਹੀਂ ਸੀ ਅਤੇ ਆਪਣੇ ਪਿਓ ਨੂੰ ਮਿਹਣਾ ਮਾਰਦਾ ਕਹਿੰਦਾ “ਕਿ ਕੀ ਇਕ ਮਾਤਾ ਦੇ ਮਾਲ ਨੂੰ ਤੁਸੀਂ ਗੱਦੀ ਦੇ ਦਿੱਤੀ ਹੈ?” ਅਤੇ ਸੱਚੇ ਪਾਤਸ਼ਾਹ ਹਰਿ ਕ੍ਰਿਸ਼ਨ ਜੀ ਨੇ ਸਰਾਪ ਦਿੱਤਾ “ਕਿ ਤੂੰ ਨਾ ਜੋਂਦਿਆਂ ਵਿਚੋਂ ਅਤੇ ਨਾਂ ਹੀ ਤੂੰ ਮਰਿਆਂ ਵਿਚੋਂ” ਭਾਵ ਕਿ ਭੂਤ ਪ੍ਰੇਤਾਂ ਦਾ ਸਰਤਾਜ। ਦੋਵੇਂ ਪੁੱਜੇ ਹੋਏ ਹੋਣ ਕਰਕੇ ਦੋਹਾਂ ਦੀਆਂ ਗੱਲਾਂ ਪੂਰੀਆਂ ਹੋ ਗਈਆਂ ਸਨ।

8. ਸੱਚੇ ਪਾਤਸ਼ਾਹ ਹਰਿ ਕ੍ਰਿਸ਼ਨ ਜੀ:- ਇਹ "ਵੈਸ਼ ਵਰਨ" ਸਬੰਧੀ ਸੱਚੇ ਪਾਤਸ਼ਾਹ ਹੋਏ ਹਨ ਅਤੇ ਹੁਣ ਜਿਵੇਂ ਹਰਿ ਰਾਏ ਧਰਮ ਰਾਏ ਤੋਂ ਵੱਡਾ ਹੁੰਦਾ ਹੈ ਇਵੇਂ ਹੀ ਹਰਿ ਕ੍ਰਿਸ਼ਨ ਵੀ ਦੁਆਪਰ ਯੁਗ ਦੇ ਕ੍ਰਿਸ਼ਨ ਬਲਦੇਵ ਜੀ ਤੋਂ ਵੱਡਾ ਹੁੰਦਾ ਹੈ। ਕ੍ਰਿਸ਼ਨ, ਜਿਹੜਾ ਕਿ ਮਹਾਂ ਦੇਵ ਜਾਂ “ਸ਼ਿਵ” ਦਾ ਰੂਪ ਸਨ, ਨੇ ਤਾਂ ਪਾਂਡਵਾਂ ਨੂੰ ਦੁਨਿਆਵੀ ਦ੍ਰਿਸ਼ ਹੀ ਵਿਖਾਲੇ ਸਨ ਅਤੇ ਦੁਨਿਆਵੀ ਗਿਆਨ ਦੇ ਸਬਕ ਭਗਵਤ ਗੀਤਾ ਰਾਹੀਂ ਦਿੱਤੇ ਸਨ ਇਵੇਂ ਹੀ ਸੱਚੇ ਪਾਤਸ਼ਾਹ ਹਰਿ ਕ੍ਰਿਸ਼ਨ ਜੀ ਨੇ ਰੂਹਾਨੀ ਗਿਆਨ ਦੀ ਸਮਝ ਸੁਰਤੀ ਵਾਲਿਆਂ ਨੂੰ ਬਾਣੀ ਦੀ ਅੱਤ ਵਿਆਖਿਆ ਕਰਕੇ ਸਮਝਾਈ ਕਿ ਲੋਕ ਹੈਰਾਨ ਹੋ ਜਾਂਦੇ ਸਨ।

ਫਿਰ ਸੱਚੇ ਪਾਤਸ਼ਾਹ (ਦਿਲਾਂ ਦਾ ਪਾਤਸ਼ਾਹ) ਦਾ ਦਰਜਾ ਬਾਦਸ਼ਾਹ (ਅਬਾਦੀ ਦਾ ਸ਼ਾਹ) ਤੋਂ ਉੱਪਰ ਹੁੰਦਾ ਹੈ ਇਸ ਕਰਕੇ ਕੋਈ ਵੀ ਸੱਚੇ ਪਾਤਸ਼ਾਹ ਕਿਸੇ ਵੀ ਬਾਦਸ਼ਾਹ

ਮੋਹਰੇ ਪੇਸ਼ ਨਹੀਂ ਸੀ ਹੋਏ। ਇਸ ਲਈ ਸੱਚੇ ਪਾਤਸ਼ਾਹ ਹਰ ਇਕ ਸੱਚੇ ਆਦਮੀ ਦੀ ਪੱਤ ਰੱਖਦੇ ਹਨ ਭਾਵੇਂ ਉਹ ਇਕ ਗ਼ਰੀਬ ਹੋਵੇ ਜਾਂ ਇਕ ਬਾਦਸ਼ਾਹ।

ਹੁਣ ਜਿਵੇਂ ਹਿੰਦੂ ਲੋਕ ਕ੍ਰਿਸ਼ਨ ਦੇ ਬਾਲ ਰੂਪ ਨੂੰ ਬਹੁਤਾ ਪਸੰਦ ਕਰਦੇ ਹਨ ਇਵੇਂ ਹੀ ਇਹਨਾਂ ਨੇ ਬਾਲ (ਪੰਜ ਤੋਂ ਅੱਠ ਸਾਲਾਂ ਦੀ ਉਮਰ) ਵਿਚ ਬਹੁਤ ਸਾਰਿਆਂ ਦੇ ਦਿਲ ਸਹਿਜ ਨਾਲ ਬਾਣੀ ਦੀ ਵਿਆਖਿਆ ਕਰਕੇ ਮੋਹ ਲਏ ਸਨ।

ਹੁਣ ਪੰਜਾਂ ਸੱਤਿ ਗੁਰੂਆਂ ਨੇ ਬਾਣੀ ਦੀ ਬਹਾਰ ਲਾ ਦਿੱਤੀ ਸੀ ਅਤੇ ਤਿੰਨ ਸੱਚੇ ਪਾਤਸ਼ਾਹਾਂ ਨੇ ਡੰਡੇ ਅਤੇ ਪ੍ਰੇਮ ਭਾਵ ਨਾਲ ਬਾਣੀ ਦੀ ਵਿਆਖਿਆ ਕਰਕੇ ਆਪਣਾ ਪੂਰਾ ਜ਼ੋਰ ਲਾਇਆ ਸੀ ਪਰ ਪੂਰਬ (ਈਸਟ) ਦਾ ਖੱਤਰੀ ਸ਼ੈਤਾਨ ਫਿਰ ਵੀ ਬਾਜ਼ ਨਾ ਆਇਆ ਤਾਂ ਫਿਰ ਆਖਰੀ ਛੇਵੇਂ ਸਤਿਗੁਰੂ ਤੇਗ਼ ਬਹਾਦਰ ਜੀ ਨੇ ਅੰਤਲਾ ਸਿਰੇ ਦਾ ਪੈਗ਼ਾਮ ਦਿੱਤਾ ਕਿ ਸ਼ੈਤਾਨ ਦੇ ਪੁੱਤਰੋ ਹੁਣ ਵੀ ਬੰਦੇ ਬਣ ਜਾਓ ਅਤੇ ਰਾਮ ਦੇ ਜੱਸ ਗਾਓ। ਇਹ ਖੱਤਰੀ ਕਿੰਨੇ ਕੁ ਸ਼ੈਤਾਨ ਸਨ ਇਸ ਦਾ ਆਪ ਨੂੰ ਛੇਵੇਂ ਸਤਿਗੁਰੂ ਤੇਗ਼ ਬਹਾਦਰ ਜੀ ਦੇ ਲੱਭਣ ਤੋਂ ਅੰਦਾਜ਼ਾ ਲੱਗ ਜਾਏਗਾ।

9. ਸਤਿਗੁਰੂ ਤੇਗ਼ ਬਹਾਦਰ ਜੀ:- ਹੁਣ ਸੱਚੇ ਪਾਤਸ਼ਾਹ ਹਰਿ ਕ੍ਰਿਸ਼ਨ ਜੀ ਰਾਮ ਰਾਏ ਦੇ ਸਰਾਪ ਅਨੁਸਾਰ ਚੇਚਕ ਦੀ ਬੀਮਾਰੀ ਨਾਲ ਸੁਰਗਵਾਸ ਹੋ ਗਏ ਅਤੇ ਸੰਗਤਾਂ ਨੂੰ ਅਗਲੀ ਜੋਤ "ਬਾਬਾ ਬਕਾਲੇ" ਦੇ ਇਲਾਵਾ ਪੂਰੀ ਖ਼ਬਰ ਜਾਣ ਕੇ ਨਾ ਦਿੱਤੀ। ਯਾਦ ਰੱਖੋ ਕਿ ਰਾਮ ਰਾਏ ਵੀ ਸਮਾਧੀ ਵਿਚ ਮਗਨ ਸਨ ਜਿਸ ਵੇਲੇ ਲੋਕਾਂ ਨੇ ਉਹਨਾਂ ਨੂੰ ਮਰਿਆ ਸਮਝਦਿਆਂ ਅੱਗ ਵਿਚ ਸਾੜ ਦਿੱਤਾ ਸੀ। ਭਾਵ ਕਿ ਸੱਚੇ ਪਾਤਸ਼ਾਹ ਹਰਿ ਕ੍ਰਿਸ਼ਨ ਜੀ ਦੇ ਵਾਕ ਵੀ ਪੂਰੇ ਹੋ ਗਏ ਕਿ ਤੂੰ ਨਾ ਜੋਂਦਿਆਂ ਵਿਚੋਂ ਅਤੇ ਨਾ ਹੀ ਮਰਿਆਂ ਵਿਚੋਂ।

ਜਦੋਂ ਇਹ ਖ਼ਬਰ ਕਿ ਅਗਲਾ ਛੇਵਾਂ ਸਤਿਗੁਰੂ ਬਕਾਲੇ ਵਿਚ ਇਕ "ਬਾਬਾ" ਹੋਵੇਗਾ ਤਾਂ ਜਿਹੜੇ ਸੱਚੇ ਪਾਤਸ਼ਾਹ ਹਰਿ ਕ੍ਰਿਸ਼ਨ ਜੀ ਦੇ ਬਾਬੇ ਨੇੜਿਓਂ ਤੇੜਿਓਂ ਲੱਗਦੇ ਸਨ ਉਹਨਾਂ ਨੇ ਆਪਣੀਆਂ ਦੁਕਾਨਾਂ ਖੋਲ੍ਹ ਲਈਆਂ ਅਤੇ ਲੋਕਾਂ ਤੋਂ ਦਿੱਖਣਾ ਲੈ ਕੇ ਲੁੱਟਣਾ ਸ਼ੁਰੂ ਕਰ ਦਿੱਤਾ। ਮੰਨ ਦੇ ਅੰਨ੍ਹੇ ਲੋਕ ਆਉਣ ਤਾਂ ਜਿਹੜਾ ਪਖੰਡੀ ਉਹਨਾਂ ਨੂੰ ਜ਼ਿਆਦਾ ਮਿੱਠੀਆਂ

(ਕੂੜ) ਗੱਲਾਂ ਨਾਲ ਭਰਮਾ ਲਵੇ ਉਹਦੇ ਤੋਂ ਹੀ ਲੁੱਟ ਪੁੱਟ ਹੋ ਕੇ ਖੁਸ਼ੀ ਖੁਸ਼ੀ ਘਰਾਂ ਨੂੰ ਚਲੇ ਜਾਂਦੇ।

ਹੁਣ ਇਕ ਸੁਰਤੀ ਵਾਲਾ ਸਿੱਖ ਮੱਖਣ ਸ਼ਾਹ ਲੁਬਾਣਾ ਵਪਾਰੀ ਸੀ ਅਤੇ ਉਹਦਾ ਮਾਲ ਵਾਲਾ ਜਹਾਜ਼ ਤੂਫਾਨ ਦੇ ਘੇਰੇ ਵਿਚ ਆ ਗਿਆ ਸੀ ਅਤੇ ਉਸ ਨੇ 500 ਮੋਹਰਾਂ ਦੇਣੀਆਂ ਧਿਆਈਆਂ ਜੇ ਉਹ ਸਹੀ ਸਲਾਮਤ ਕੰਢੇ ਲੱਗ ਜਾਏ। ਉਹਦਾ ਜਹਾਜ਼ ਕੰਢੇ ਲੱਗ ਗਿਆ ਤਾਂ ਫਿਰ ਇਹ ਸਿੱਖ ਇੱਛਾ ਪੂਰੀ ਕਰਨ ਲਈ ਆਪਣੇ ਸਾਥੀਆਂ ਸਮੇਤ ਸਤਿਗੁਰੂ ਜੀ ਦੀ ਭਾਲ ਵਿਚ ਆਇਆ ਅਤੇ ਦੇਖਦਾ ਕਿ ਉਥੇ ਤਾਂ ੨੨ ਖੱਤਰੀ ਸਤਿਗੁਰੂ ਬਣੀ ਬੈਠੇ ਹਨ। ਭਾਵ ਇਹ ਕਿ ਉਸ ਵੇਲੇ ਇਹ ਬੇਸ਼ਰਮ ਖੱਤਰੀ ਗਿਆਨ ਵਿਚ ਏਨੇ ਮਾਹਰ ਸਨ ਕਿ ਅਸਲੀ ਸਤਿਗੁਰੂ ਦਾ ਵੀ ਮੁਕਾਬਲਾ ਕਰ ਸਕਦੇ ਸਨ।

ਇਸੇ ਹੀ ਕਰਕੇ ਸਿੱਖਾਂ ਨੇ ਸਤਿਗੁਰੂ ਅਰਜਨ ਦੇਵ ਜੀ ਨੂੰ ਸਮੁੱਚੀ ਬਾਣੀ, ਜਿਹੜੀ ਕਿ ਧੁਰ ਕੀ ਬਾਣੀ ਦੇ ਨਾਤੇ ਵਿਚ ਲਿਖੀ ਨਹੀਂ ਜਾ ਸਕਦੀ, ਨੂੰ ਲਿਖਣ ਲਈ ਮਜਬੂਰ ਕੀਤਾ ਸੀ। ਇਸ ਬਾਰੇ ਫਿਰ ਦੱਸਿਆ ਜਾਵੇਗਾ। ਪਰ ਇਹ ਸ਼ੈਤਾਨ ਕੂੜਿਆਰ ਖੱਤਰੀ ਚੌਥੇ ਪਦ ਦੇ ਨਾ ਹੋਣ ਕਰਕੇ ਕਿਸੇ ਦੇ ਦਿਲ ਦੀ ਗੱਲ ਬੁੱਝ ਨਹੀਂ ਸਕਦੇ ਸਨ। ਥੱਕੇ ਟੁੱਟੇ ਮੱਖਣ ਸ਼ਾਹ ਲਬਾਣੇ ਨੇ ਹੋਰ ਜਾਣਕਾਰੀ ਕੀਤੀ ਤਾਂ ਉਹ ਸਤਿਗੁਰੂ ਤੇਗ਼ ਬਹਾਦਰ ਜੀ ਦੇ ਭੋਰੇ ਗਿਆ ਤਾਂ ਫਿਰ ਪਰਤੱਖ ਨਾਲ ਉਹਨਾਂ ਨੂੰ ਪਾ ਲਿਆ ਅਤੇ ਸਾਰੀਆਂ ਮੋਹਰਾਂ ਅੱਗੇ ਰੱਖ ਕੇ ਕੋਠੇ ’ਤੇ ਚੜ੍ਹ ਕੇ ਢੰਡੋਰਾ ਦਿੱਤਾ ਕਿ ਮੈਂ ਅਸਲੀ ਸੱਚਾ ਸਤਿਗੁਰੂ ਢੂੰਡ ਲਿਆ। ਤਾਂ ਉਹਦੇ ਸਾਥੀਆਂ ਅਤੇ ਗੁਰਮੁਖ ਸਿੱਖਾਂ ਨੇ ਸਤਿਗੁਰੂ ਤੇਗ਼ ਬਹਾਦਰ ਜੀ ਦੇ ਬਾਹਰ ਹੋਰਾਂ ਨੂੰ ਦਰਸ਼ਨ ਕਰਵਾਏ। ਪਰ ਫਿਰ ਵੀ ਇਹ ਸ਼ੈਤਾਨ ਖੱਤਰੀ ਉਹਨਾਂ ਦੀ ਜਾਨ ’ਤੇ ਵਾਰ ਇਕ ਮੂਰਖ ਤੋਂ ਕਰਾਉਣੋਂ ਨਾ ਟਲੇ ਅਤੇ ਬਾਂਹ ਗੋਲੀ ਨਾਲ ਜ਼ਖਮੀ ਕਰ ਦਿੱਤੀ। ਜਦੋਂ ਮੱਖਣ ਸ਼ਾਹ ਦੇ ਆਦਮੀਆਂ ਨੇ ਸ਼ੈਤਾਨ ਪਖੰਡੀ ਖੱਤਰੀ ਅਤੇ ਗੋਲੀ ਮਾਰਣ ਵਾਲਾ ਮੂਰਖ ਫੜ ਕੇ ਮੋਹਰੇ ਪੇਸ਼ ਕੀਤੇ ਤਾਂ ਉਹਨਾਂ ਨੇ ਭਗਤੀ ਮਾਰਗ ਦੇ ਅਨੁਸਾਰ ਉਹਨਾਂ ਨੂੰ ਕੋਈ ਕੌੜਾ ਬਚਨ ਨਹੀਂ ਬੋਲਿਆ ਅਤੇ ਉਹਨਾਂ ਨੂੰ ਛੱਡ ਦੇਣ ਲਈ ਕਿਹਾ।

ਫਿਰ ਇਹ ਜਦੋਂ ਆਪਣੇ ਘਰ ਹਰਿਮੰਦਰ ਸਾਹਿਬ ਆਏ ਤਾਂ ਮਾਇਆਧਾਰੀ ਖੱਤਰੀਆਂ ਨੇ ਇਹਨਾਂ ਨੂੰ ਅੰਦਰ ਨਹੀਂ ਵੜਨ ਦਿੱਤਾ ਅਤੇ ਇਹ ਬਾਹਰ ਹੀ ਬਹਿ ਕੇ ਚਲੇ ਗਏ।

ਜਦੋਂ ਇਹਨਾਂ ਨੇ ਵੇਖਿਆ ਕਿ ਪੰਜਾਬ ਦੇ ਲੋਕ ਇਹਨਾਂ ਦਾ ਗਿਆਨ ਸੁਣਨ ਨੂੰ ਤਿਆਰ ਨਹੀਂ ਹਨ ਤਾਂ "ਸੂਰਾਂ ਮੋਹਰੇ ਮੋਤੀ ਨਹੀਂ ਸੁੱਟੀਦੇ" ਦੇ ਅਨੁਸਾਰ ਇਹ ਪਟਨਾ ਚਲੇ ਗਏ ਜਿਥੇ ਇਹਨਾਂ ਨੇ ਖੂਬ ਪ੍ਰਚਾਰ ਕੀਤਾ ਜਿਵੇਂ ਕਿ ਅੱਜ-ਕੱਲ੍ਹ ਪੱਛਮ ਵਿਚ ਰੂਹਾਨੀ ਗਿਆਨ ਦੇ ਜ਼ਿਆਦਾ ਚਾਹਵਾਨ ਹਨ ਨਾ ਕਿ ਭਾਰਤ ਵਿਚ ਜਿੱਥੇ ਲੋਕਾਂ ਨੇ ਝੂਠ ਅਤੇ ਕੂੜ ਬੋਲਣ ਦੇ ਠੇਕੇ ਹੀ ਲਏ ਹੋਏ ਹਨ ਅਤੇ ਰਿਸ਼ਵਤਖੋਰੀ ਆਮ ਹੈ। ਭਾਰਤ, ਖਾਸ ਕਰ ਪੰਜਾਬ ਵਿਚ ਸਾਰਿਆਂ ਨਾਲੋਂ ਬੇਈਮਾਨ ਲੋਕ ਧਾਰਮਿਕ ਅਸਥਾਨਾਂ ਦੇ ਪ੍ਰਧਾਨ ਬਣੇ ਬੈਠੇ ਹਨ।

ਇਹ ਜਦੋਂ ਬਿਹਾਰ ਦੇ ਇਲਾਕਿਆਂ ਵਿਚ ਪ੍ਰਚਾਰ ਕਰਕੇ ਵਾਪਸ ਪੰਜਾਬ ਵਿਚ ਆਏ ਤਾਂ ਖੱਤਰੀਆਂ ਖਾਸ ਕਰਕੇ ਕਸ਼ਮੀਰ ਦਿਆਂ ਨੇ ਲੋਕਾਂ ਨੂੰ ਖੂਬ ਜ਼ੁਲਮਾਂ ਨਾਲ ਤੰਗ ਕੀਤਾ ਹੋਇਆ ਸੀ ਅਤੇ ਇਹਨਾਂ ਨੇ ਆਪਣੀ ਕੁਰਬਾਨੀ ਸ਼ੈਤਾਨ ਖੱਤਰੀ ਖਾਸ ਕਰ ਕਸ਼ਮੀਰ ਦੇ ਮੁੱਲਾਂ ਬਣੇ ਹੋਇਆਂ ਨੂੰ ਦਿੱਤੀ ਸੀ ਨਾ ਕਿ ਹਿੰਦੂਆਂ ਨੂੰ ਜਿਵੇਂ ਕਿ ਇਹਨਾਂ ਨੇ ਕੂੜ ਭਰੀਆਂ ਕਿਤਾਬਾਂ ਲਿਖ ਲਿਖ ਕੇ ਮਸ਼ਹੂਰ ਕੀਤਾ ਹੋਇਆ ਹੈ। ਅਸਲੀ ਹਿੰਦੂ ਤਾਂ ਇਕ ਦੇਵਤਾ ਹੁੰਦਾ ਹੈ ਜਿਵੇਂ ਕਿ ਸਾਰੇ ਭਗਤ ਅਤੇ ਸੱਤਿਗੁਰੂ ਸਨ।

ਜਿਸ ਆਦਮੀ ਨੇ ਇਹ ਸਮਝਦਿਆਂ ਹੋਇਆਂ ਵੀ ਇਹਨਾਂ ਸ਼ੈਤਾਨ ਖੱਤਰੀਆਂ ਦਾ ਓਸ ਵੇਲੇ ਦਾ ਅੰਦਾਜ਼ ਨਹੀਂ ਲਾਇਆ ਤਾਂ ਉਹ ਇਕ ਮਹਾਂ ਮੂਰਖ ਗਵਾਰ ਹੀ ਹੈ।

ਹੁਣ ਬਾਈਬਲ ਵਿਚ ਇਹ ਲਿਖਿਆ ਹੋਇਆ ਹੈ ਕਿ ਧਾਰਮਿਕ ਰੌਸ਼ਨੀ ਪੂਰਬ ਵਲੋਂ ਨਿਕਲੇਗੀ ਪਰ ਇਹ ਚਮਕੇਗੀ ਪੱਛਮ ਵਿਚ ਕਿਉਂਕਿ ਪੂਰਬ (ਭਾਰਤ) ਦੇ ਲੋਕਾਂ ਦੇ ਦਿਲ ਇੰਜ ਦੁਬਿਧਾ ਰੱਤੇ ਮੈਲ਼ੇ ਹੋਣਗੇ ਕਿ ਓਥੇ ਦੇ ਲੋਕ ਇਸ ਨੂੰ ਨਹੀਂ ਅਪਣਾਉਣਗੇ ਜਿੰਨਾ ਕਿ ਪੱਛਮ ਦੇ ਸਾਫ ਦਿਲਾਂ ਵਾਲੇ ਲੋਕ। ਇਸੇ ਹੀ ਲਈ ਸਤਿਗੁਰੂ ਤੇਗ਼ ਬਹਾਦਰ ਜੀ ਪੱਛਮ ਵੱਲ ਮਿਹਰ ਦੀ ਨਜ਼ਰ ਨਾਲ ਦੇਖਦੇ ਸਨ ਕਿ ਜਦੋਂ ਇਹ ਲੋਕ ਪੂਰਬ ਵਿਚ ਰਾਜ ਕਰਨਗੇ ਤਾਂ ਫਿਰ ਭਾਰਤ ਦੇ ਲੋਕ ਸ਼ਾਂਤੀ ਨਾਲ ਸਾਹ ਲੈਣਗੇ। ਇਸੇ ਕਰਕੇ ਜੱਟਾਂ ਆਦਿ ਕੌਮਾਂ ਨੇ ਅੰਗਰੇਜ਼ਾਂ ਦੀ ਮਦਦ ਕੀਤੀ ਨਾਂ ਕਿ ਖੱਤਰੀਆਂ ਦੇ ਬੇਰਹਿਮ ਮੁਗ਼ਲਾਂ ਦੀ!!!!!

ਜਦੋਂ ਆਖਰੀ ਉਪਦੇਸ਼ ਦੇਣ ਵਾਲੇ ਨੂੰ ਵੀ ਸਤਿਗੁਰੂ ਅਰਜਨ ਦੇਵ ਜੀ ਦੇ ਵਾਂਗ ਇਹਨਾਂ ਸ਼ੈਤਾਨ ਖੱਤਰੀਆਂ, ਸਾਰਸੁੱਤਾਂ ਆਦਿ ਨੇ ਮੁੱਲਾਂ ਬਣ ਕੇ ਮਰਵਾ ਦਿੱਤਾ ਤਾਂ ਫਿਰ ਇਕ ਜ਼ਬਰਦਸਤ ਸੱਚੇ ਪਾਤਸ਼ਾਹ ਦੀ ਲੋੜ ਸੀ ਜਿਹੜਾ ਕਿ ਇਹਨਾਂ ਤੁਰਕੂਆਂ ਦੇ ਦੰਦ ਖੱਟੇ ਕਰੇ ਅਤੇ ਉਹ ਹੋਏ ਸਨ ਕਲਜੁਗ ਦੇ ਆਖਰੀ ਚੌਥੇ ਅਵਤਾਰ ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ।

ਇਹਨਾਂ ਨੇ ਆਪਣੇ ਨਾਂ, ਤੇਗ਼ ਬਹਾਦਰ, ਦੇ ਅਨੁਸਾਰ ਨਾਮੁ ਦਾ ਦੋ ਧਾਰੀ ਖੰਡਾ, ਤੇਗ਼, ਖ਼ੂਬ ਵਾਹਿਆ ਅਤੇ ਇਹਨਾਂ ਦੇ ਸਿੱਖ ਸੱਤਿ ਪੁਰਖ ਦੇ ਨਾਲ ਪੱਕੀ ਤਰ੍ਹਾਂ ਜੁੜੇ ਹੋਏ ਹੋਣ ਕਰਕੇ, (Sealed to serve God), ਨਿਡਰਤਾ ਨਾਲ ਸਿੱਖੀ ਦਾ ਪ੍ਰਚਾਰ ਕਰਦੇ ਸਨ ਅਤੇ ਤਸੀਹੇ ਵੀ ਝੱਲੇ। ਜਿਵੇਂ ਕਿ ਇਹਨਾਂ ਤੁਕਾਂ ਵਿਚ ਦੱਸਿਆ ਹੈ:-

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥

10. ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ:- ਇਹ ਸੱਚੇ ਪਾਤਸ਼ਾਹ "ਖ਼ਸ਼ੱਤਰੀ ਵਰਨ" ਸਬੰਧੀ ਹੋਏ ਹਨ ਅਤੇ ਇਹ ਦਸਵੀਂ ਜੋਤ ਕਲਜੁਗ ਦੇ ਚਾਰ ਅਵਤਾਰਾਂ ਦੀ ਆਖਰੀ ਜੋਤ ਸਨ। ਜਿਵੇਂ ਮਿਡਲ ਈਸਟ ਵਿਚ ਜੌਨ ਦਿ ਬਾਪਟਿਸਟ, ਇਕ ਕਾਮਲ ਰੱਬਾਈ, ਬ੍ਰਾਹਮਣ ਗੁਰੂ ਜਾਂ ਪ੍ਰਾਫਿਟ ਈਲਾਜਾਹ ਅਤੇ ਕ੍ਰਾਈਸਟ (ਸਤਿਗੁਰੂ) ਈਸਾ ਜੀ ਦਾ ਜੋੜਾ ਆਏ ਸਨ ਇਵੇਂ ਹੀ ਪੂਰਬ ਵਿਚ ਸਤਿਗੁਰੂ ਨਾਨਕ ਦੇਵ ਜੀ ਅਤੇ ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ ਦਾ ਇਕ ਜੋੜਾ ਆਇਆ ਸੀ ਅਤੇ ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ ਨੇ ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਦੇ ਸ਼ੁਰੂ ਕੀਤੇ ਦੋ ਪੰਥਾਂ ਨੂੰ ਸਿਰੇ ਚਾੜ੍ਹਿਆ।

ਜਿਵੇਂ ਕਿ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਨੇ ਦੱਸਿਆ ਹੈ ਕਿ ਮੈਂ ਪਹਿਲੇ ਜਾਮੇ ਵਿਚ ਬਹੁਤ ਭਗਤੀ ਕੀਤੀ ਸੀ ਅਤੇ ਅਕਾਲ ਪੁਰਖ ਨੇ ਦੁਨੀਆ ਦਾ ਤਮਾਸ਼ਾ ਵੇਖਣ ਲਈ ਮੈਨੂੰ ਇਸ ਧਰਤੀ 'ਤੇ ਭੇਜਿਆ ਹੈ। ਹੁਣ ਇਹ "ਪਾਰ ਸ਼ਿਵ" ਦਾ ਰੂਪ ਹੋਣ ਕਰਕੇ ਇਹ ਪਹਿਲੇ ਜਾਮੇ ਵਿਚ ਸ਼ਿਵ ਸਨ। ਹੁਣ ਸ਼ਿਵ ਦੇ ਸਿਰ ਵਿਚੋਂ ਗੰਗਾ ਨਿਕਲਣ ਕਰਕੇ

ਇਹਨਾਂ ਦਾ ਭਗਤੀ ਅਸਥਾਨ ਵੀ ਹੇਮਕੁੰਡ ਹੀ ਹੋਣਾ ਸੀ। ਯਾਦ ਰੱਖੋ ਕਿ ਜੱਟ ਕੌਮ ਦੇ ਲੋਕ ਗੰਗਾ ਦੇ ਭਾਈ ਹਨ ਅਤੇ ਗੰਗਾ, ਜੱਟਾਂ ਦੀ ਭੈਣ ਅਤੇ ਲੋਕਾਂ ਦੀ ਮਾਤਾ, ਦੀ ਰੱਖਿਆ ਲਈ ਜੱਟਾਂ ਨੂੰ ਸ਼ਿਵ ਸੈਨਾ ਵੀ ਆਖੀਦਾ ਹੈ। ਇਸ ਕਰਕੇ ਜੱਟਾਂ ਨੇ ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਜਿਨ੍ਹਾਂ ਨੇ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਦੇ ਖ਼ਾਲਸਿਆਂ ਦੀ ਨੀਂਹ ਰੱਖੀ ਸੀ, ਦੀ ਸ਼ਿਵ ਸੈਨਾ ਬਣ ਕੇ ਵੱਧ ਚੜ੍ਹ ਕੇ ਲੜਾਈਆਂ ਵਿਚ ਭਾਗ ਲਿਆ ਸੀ।

ਮੁੱਲਾਂ ਅਤੇ ਖੱਤਰੀ ਸ਼ੈਤਾਨ ਏਨੇ ਭੂਤਰ ਗਏ ਸਨ ਕਿ ਇਹਨਾਂ ਨੇ ਜ਼ੁਲਮ ਅਤੇ ਜ਼ਬਰਦਸਤੀ ਦੀਆਂ ਹੱਦਾਂ ਤੋੜ ਦਿੱਤੀਆਂ ਸਨ। ਇਸ ਕਰਕੇ ਪਹਿਲਾਂ ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ ਨੇ ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਵਾਂਗ ਮੂਰਖਾਂ ਅਤੇ ਤੁਰਕੂਆਂ ਨਾਲ ਲੜਾਈਆਂ ਲੜੀਆਂ ਅਤੇ ਫਿਰ ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਦੇ ਸ਼ੁਰੂ ਕੀਤੇ ਤੀਜੇ ਅਤੇ ਚੌਥੇ ਪੰਥਾਂ ਨੂੰ ਸਿਰੇ ਵੀ ਚੜ੍ਹਾਇਆ।

ਹੁਣ ਸੰਤਾਂ ਦਾ ਕੰਮ ਕਰਨ ਵਾਲੇ (ਚੌਥੇ ਬ੍ਰਾਹਮਣ ਵਰਨ) ਅਤੇ ਜ਼ੁਲਮ ਦੇ ਵਿਰੁਧ ਲੜਨ ਵਾਲੇ (ਤੀਸਰੇ ਖ਼ਸ਼ੱਤਰੀ ਵਰਨ) ਦੋਵੇਂ ਦੁਬਿਧਾ ਤੋਂ ਰਹਿਤ ਹੋਣੇ ਜ਼ਰੂਰੀ ਹਨ ਕਿਉਂਕਿ ਇਹ ਦੋਵੇਂ ਅਕਾਲ ਪੁਰਖ ਦੇ ਕਾਮੇ ਹੁੰਦੇ ਹਨ। ਇਸ ਕਰਕੇ ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ ਨੇ ਇਹਨਾਂ ਦੋਹਾਂ ਵਰਨਾਂ ਦੇ ਕਾਮਿਆਂ ਨੂੰ ਅੰਮ੍ਰਿਤ ਛਕਾ ਕੇ ਆਪਣੇ ਆਪਣੇ ਪੈਰਾਂ ’ਤੇ ਖੜ੍ਹਾ ਕੀਤਾ। ਅਕਾਲ ਪੁਰਖ ਲੋਕਾਂ ਦੇ ਮੁਲਕਾਂ ਅਤੇ ਕੌਮਾਂ ਤੋਂ ਰਹਿਤ ਹੁੰਦਾ ਹੈ। ਇਸ ਕਰਕੇ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਅਕਾਲ ਪੁਰਖ ਦੀ ਫੌਜ ਹੁੰਦੇ ਹਨ ਨਾ ਕਿ ਕਿਸੇ ਦੁਨਿਆਵੀ ਬਾਦਸ਼ਾਹ ਦੀ। ਇਸ ਲਈ ਖ਼ਾਲਸੇ “ਪਰਉਪਕਾਰੀ” ਹੁੰਦੇ ਹਨ ਨਾ ਕਿ “ਉਪਕਾਰੀ” ਅਤੇ ਬ੍ਰਾਹਮਣ ਵਰਨ ਦੇ ਅਸਲੀ ਲੋਕ ਤਾਂ ਪਹਿਲਾਂ ਹੀ ਮਾਇਆ ਤੋਂ ਰਹਿਤ, ਜਿਵੇਂ ਕਿ ਜੌਨ ਦਿ ਬਾਪਟਿਸਟ ਸੀ, ਹੁੰਦੇ ਹਨ ਨਹੀਂ ਤਾਂ ਉਹਨਾਂ ਨੂੰ ਅਕਾਲ ਪੁਰਖ ਦਾ “ਨਾਮ”, ਮਨ ਚਿੰਦਿਆ ਫਲ, ਹੀ ਨਹੀਂ ਮਿਲਦਾ।

ਇਸ ਲਈ ਇਹਨਾਂ ਦੋ ਪੰਥਾਂ ਨੂੰ ਸਜਾਉਣ ਲਈ ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ ਨੇ ਅੰਮ੍ਰਿਤ ਦੀ ਰਸਮ ਕੀਤੀ ਅਤੇ ਜਿਵੇਂ ਕਿ ਸੱਚੇ ਪਾਤਸ਼ਾਹ ਤੋਂ “ਮੁਕਤ ਦਾਨ” ਲੈਣ ਲਈ ਆਪਣੇ ਤਨ ਦੀ ਭੇਟ ਦੇਣੀ ਪੈਂਦੀ ਹੈ ਇਸ ਲਈ ਇਹਨਾਂ ਦੋਹਾਂ ਪੰਥਾਂ ਵਿਚ ਭਾਗ

ਲੈਣ ਵਾਲੇ ਆਪਣੇ ‘‘ਤਨਾਂ ਦੀ ਭੇਂਟ’’ ਦੇਣ ਲਈ ਤਿਆਰ ਹੋਣ। ਜਿਨ੍ਹਾਂ ਨੇ ਆਪਣੇ ਤਨ ਭੇਂਟ ਕੀਤੇ ਉਹਨਾਂ ਨੂੰ ਇਹਨਾਂ ਪੰਥਾਂ ਵਿਚ ਦਾਖਲ ਕਰ ਲਿਆ ਅਤੇ ਇਹ ਦੱਸਣ ਲਈ ਕਿ ਇਸ ਮਾਰਗ ’ਤੇ ਸਿਰਫ਼ ਦਿਲ ਦੇ ਸਾਫ ‘‘ਗੁਰਮੁਖ’’ ਹੀ ਚਲ ਸਕਦੇ ਹਨ ਅਤੇ ਉਹ ‘‘ਨਿਰਾਲੇ’’ ਆਪਣੇ ਅੰਤਰ ਸਤਿਗੁਰੂ ਭਾਵ ‘‘ਵਾਹਿਗੁਰੂ’’ ਦੀ ਸੂਰਤੀ ਨਾਲ ਚੱਲਣ ਕਰਕੇ ਉਹਨਾਂ ਨੂੰ ਕਿਸੇ ਵੀ ਸਿੱਖਿਆ ਦੀ ਲੋੜ ਨਹੀਂ ਹੁੰਦੀ ਤਾਂ ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ ਨੇ ਖ਼ਾਲਸਿਆਂ ਤੋਂ ਆਪ ਅੰਮ੍ਰਿਤ ਛੱਕ ਕੇ ਆਪ ਵੀ ਉਹਨਾਂ ਵਾਂਗ ਇਕ ‘‘ਸਿੰਘ’’ ਬਣ ਗਏ ਤਾਂ ਕਿ ਖ਼ਾਲਸਿਆਂ (ਪੁੱਤਰਾਂ) ਅਤੇ ਪਿਓ (ਅਕਾਲ ਪੁਰਖ ਦੇ ਸਰੂਪ ‘‘ਗੋਬਿੰਦ’’) ਵਿਚ ਕੋਈ ਭੇਦ ਨਾ ਰਹੇ। ਤੁਸੀਂ ਵਿਸਾਖੀ ਦੇ ਵਿਸ਼ੇਸ਼ ਅੰਕ ਵਿਚ ਹੋਰ ਜਾਣਕਾਰੀ ਪਾਓਗੇ।

ਹੁਣ ਚੌਂਹ ਵਰਨਾਂ ਦੇ ਅਨੁਸਾਰ ਚਾਰ ਹੀ ਪੰਥ ਹਨ। ਪਹਿਲਾ ਹੈ ਹਿੰਦੂ – ਸ਼ੂਦਰ, ਦੂਜਾ ਸਿੱਖ – ਵੈਸ਼, ਤੀਜਾ ਖਾਲਸਾ – ਖ਼ਸ਼ੱਤਰੀ ਅਤੇ ਚੌਥਾ ਨਿਰਮਲੇ ਸੰਤਾਂ – ਬ੍ਰਾਹਮਣ ਵਰਨ ਦਾ। ਇਹਨਾਂ ਚੌਂਹ ਵਰਨਾਂ ਅਨੁਸਾਰ ਹੀ ਹਨ ਚਾਰ ਸੱਚੇ ਤਖ਼ਤ। ਹਜ਼ੂਰ ਸਾਹਿਬ ਹੈ ਸ਼ੂਦਰ ਵਰਨ, ਪਟਨਾ ਸਾਹਿਬ ਵੈਸ਼, ਕੇਸ ਗੜ੍ਹ ਖ਼ਸ਼ੱਤਰੀ ਅਤੇ ਅਕਾਲ ਤਖਤ ਬ੍ਰਾਹਮਣ ਵਰਨ ਸਬੰਧੀ।

ਫਿਰ ਇਹਨਾਂ ਚੌਂਹ ਪੰਥਾਂ ਦਾ ਇਕ ਦੂਜੇ ਨਾਲ ਕਰੂਰਾ ਨਹੀਂ ਮਿਲਦਾ। ਇਸ ਲਈ ਜੋ ਪਹਿਲੇ ਪੰਥ ਦੇ ਹਿੰਦੂ ਨੇ ਕਰਨਾ ਹੈ ਭਾਵ ਕਿ ਮੁੱਕੇ ਦਾ ਜਵਾਬ ਮੁੱਕਾ, ਦੂਸਰੇ ਪੰਥ ਦੇ ਸਿੱਖ ਨੇ ਦੂਜੀ ਗੱਲ੍ਹ ਕਰਨੀ ਹੈ, ਤੀਸਰੇ ਪੰਥ ਦੇ ਖ਼ਾਲਸਿਆਂ ਨੇ ਕਿਰਪਾਨ ਵਾਹੁਣੀ ਹੈ ਪਰ ਚੌਥੇ ਪੰਥ ਦੇ ਨਿਰਮਲੇ ਸੰਤਾਂ ਨੇ ਨਾਮ ਦਾ ਦੋ ਧਾਰੀ ਖੰਡਾ ਜਿਹੜਾ ਕਿ ਆਪ ਨੂੰ ਵੀ ਮੁਕਤ ਕਰਦਾ ਹੈ ਅਤੇ ਦਿਲ ਦੇ ਸ਼ੰਕੇ ਵੀ ਕੱਟਦਾ ਹੈ ਅਤੇ ਦੂਸਰਿਆਂ ਨੂੰ ਵੀ ਮੁਕਤੀ ਦਾ ਰਾਹ ਦਿਲ ਦੇ ਸ਼ੰਕੇ ਕੱਟ ਕੇ ਦੱਸਦਾ ਹੈ। ਪਰ ਪਹਿਲੇ ਹਿੰਦੂ ਪੰਥ ਦਾ ਕਰੂਰਾ ਜਿਹੜੇ ਕਿ ‘‘ਸ਼ਿਵ ਸੈਨਾ’’ ਬਣ ਕੇ ਮੁਲਕ ਦੀ ਆਨ ਰੱਖਦੇ ਹਨ ਅਤੇ ‘‘ਪਾਰ ਸ਼ਿਵ ਸੈਨਾ’’ ਦੇ ਖ਼ਾਲਸਿਆਂ ਨਾਲ ਮਿਲਦਾ ਹੈ ਅਤੇ ਇਸ ਕਰਕੇ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਦੁਨਿਆਵੀ ਲੋਕ ਭਾੜੇ ’ਤੇ ਰੱਖ ਲੈਂਦੇ ਸਨ ਅਤੇ ਜੇ ਉਹਨਾਂ ਨੇ ਭਾੜਾ ਲੈਣਾ ਹੁੰਦਾ ਹੈ ਤਾਂ ਉਹਨਾਂ ਨੂੰ ਅੰਮ੍ਰਿਤ ਤੋਂ ਇਨਕਾਰ ਹੁੰਦਾ ਸੀ। ਯਾਦ ਰੱਖੋ ਕਿ ਕੋਈ ਵੀ ਸਿੱਖ ਖ਼ਾਲਸਿਆਂ ਵਾਂਗ ਨਹੀਂ ਲੜਿਆ ਅਤੇ ਆਪਣੇ ਪਿਆਰ ਵਾਲਾ ਸੰਦੇਸ਼ ਸੇਵਾ ਭਾਵ

ਨਾਲ ਪਾਣੀ ਪਿਲਾ ਕੇ ਅਤੇ ਪੱਟੀਆਂ ਕਰਕੇ ਦਿੱਤਾ ਜਿਵੇਂ ਕਿ ਇਕ ਮਹਾਨ ਸਿੱਖ ਭਾਈ ਘਨਈਆ ਜੀ ਨੇ ਕੀਤਾ।

ਇੱਥੇ ਕਰਾਸ ਤੇ ਟੰਗੇ ਮਸੀਹ ਈਸਾ ਜੀ ਦੇ ਪੇਟ ਵਿੱਚੋਂ ਨੇਜ਼ਾ ਮਾਰਨ ਉੱਤੇ “ਪਾਣੀ ਅਤੇ ਖ਼ੂਨ” ਵੱਖਰਾ ਵੱਖਰਾ ਨਿਕਲਣ ਦੀ “ਕਰਾਮਾਤ” ਵੀ ਅਸਾਨੀ ਨਾਲ ਸਮਝ ਵਿਚ ਆ ਜਾਏਗੀ। ਈਸਾ ਜੀ ਦੇ ਬਾਰਾਂ ਕਾਮਿਆਂ (ਚੇਲੇ), ਪਹਿਲੇ ਹਿੰਦੂ ਜਾਂ ਯਹੂਦੀ ਪੰਥ ਦੇ (7) ਅਤੇ ਦੂਜੇ ਸਿੱਖ ਪੰਥ ਦੇ (5) ਪੰਥਾਂ ਸਬੰਧੀ ਸਨ। ਪਹਿਲਾ ਪੰਥ ਜੌਨ ਦਿ ਬਾਪਟਿਸਟ ਦਾ ਸੀ ਅਤੇ ਇਸ ਸਬੰਧੀ “ਪਾਣੀ” ਨਿਕਲਿਆ ਸੀ ਜਿਹਦੇ ਛਿੱਟਿਆਂ ਨੇ ਨੇਜ਼ਾ ਮਾਰਨ ਵਾਲੇ ਸੰਤਰੀ ਦਾ ਈਸਾ ਜੀ ਨੂੰ ਮਾਰਨ ਦਾ ਪਾਪ “ਮਾਫ਼” ਕਰ ਦਿੱਤਾ। ਦੂਜਾ ਪੰਥ ਮਸੀਹ ਈਸਾ ਜੀ ਦਾ ਸੀ ਅਤੇ ਇਸ ਸਬੰਧੀ “ਖ਼ੂਨ” ਨਿਕਲਿਆ ਸੀ ਅਤੇ ਇਹਦੇ ਛਿੱਟਿਆਂ ਨੇ ਸੰਤਰੀ ਦੀ “ਤੀਜੀ ਪੇਖਣ ਵਾਲੀ ਅੱਖ” ਖੋਲ੍ਹ ਦਿੱਤੀ ਅਤੇ ਉਸ ਨੇ ਕਬੂਲ ਕੀਤਾ ਕਿ ਮਸੀਹ ਈਸਾ ਜੀ ਵਾਕਿਆ ਹੀ “ਅਕਾਲ ਪੁਰਖ ਦਾ ਪੁੱਤਰ” ਸੀ। ਹੁਣ ਕਿਉਂਕਿ ਪਹਿਲੇ ਹਿੰਦੂ ਜਾਂ ਯਹੂਦੀ ਪੰਥ ਦਾ ਕਰੂਰਾ ਦੂਸਰੇ ਸਿੱਖ ਜਾਂ ਕ੍ਰਾਈਸਟ ਦੇ ਪੰਥ ਨਾਲ ਨਹੀਂ ਸੀ ਮਿਲਦਾ ਇਸ ਕਰਕੇ ਪਾਣੀ ਅਤੇ ਖ਼ੂਨ, ਜਿਹੜੇ ਕਿ ਇਕ ਦੂਜੇ ਵਿਚ ਘੁਲ ਜਾਂਦੇ ਹਨ, ਕਰਾਮਾਤ ਕਰਕੇ ਅਲੱਗ ਅਲੱਗ ਨਿਕਲੇ ਸਨ।

ਫਿਰ ਜੌਨ ਦਿ ਬਾਪਟਿਸਟ ਮੂਸਾ ਜੀ ਦੇ ਸਬੰਧ ਵਿਚ ਇਕ ਲੀਵਾਈ ਕੌਮ ਦਾ ਬ੍ਰਾਹਮਣ “ਗੁਰੂ” ਜਾਂ ਰੱਬਾਈ ਸੀ ਅਤੇ ਇਸ ਦੇ ਨਾਤੇ ਵਿਚ ਚਰਚਾਂ ਦੇ ਬੀਸ਼ੱਪ ਹੁੰਦੇ ਸਨ। ਇਹ ਕਿਸੇ ਵੀ ਕੌਮ ਦੇ ਹੋ ਸਕਦੇ ਸਨ ਕਿਉਂਕਿ ਇਥੇ ਦੇ ਲੀਵਾਈ ਕੌਮ ਦੇ ਲੋਕ ਨਿਕੰਮੇ ਹੋ ਚੁੱਕੇ ਸਨ। ਹੁਣ ਰੱਬਾਈ ਇਕ ਔਰਤ ਨਾ ਹੋਣ ਕਰਕੇ ਚਰਚ ਵਿਚ ਔਰਤ ਲੋਕਾਂ ਨੂੰ “ਇਖਲਾਕੀ ਸਬਕ” ਨਹੀਂ ਦੇ ਸਕਦੀ ਸੀ। ਇਸ ਕਰਕੇ ਮਸੀਹ ਈਸਾ ਜੀ ਦੇ ਬਾਰਾਂ ਕਾਮੇ ਸਾਰੇ ਆਦਮੀ ਹੀ ਸਨ ਅਤੇ ਔਰਤਾਂ ਇਹਨਾਂ ਦਾ ਪਰਚਾਰ ਸੁਣਦੀਆਂ ਸਨ।

ਪਰ ਮਸੀਹ ਈਸਾ ਜੀ ਦਾ ਗਿਆਨ ਸਿਰਫ਼ ਰੂਹਾਨੀ ਹੀ ਹੋਣ ਕਰਕੇ ਅਤੇ ਜਿਸਮਾਂ ਦੇ ਲਿੰਗ ਦਾ ਇਸ ਵਿਚ ਕੋਈ ਸਬੰਧ ਨਾ ਹੋਣ ਕਰਕੇ ਇਹਨਾਂ ਦਾ ਪਰਚਾਰਕ (Preacher) ਕਿਸੇ ਵੀ ਲਿੰਗ ਜਾਂ ਕੌਮ ਦਾ ਬਣ ਸਕਦਾ ਹੈ। ਭਾਵ ਕਿ ਔਰਤਾਂ ਮੂਸਾ

ਜੀ ਦੇ ਸਬੰਧੀ ਚਰਚ ਵਿਚ ਬੀਸ਼ੱਪ ਆਦਿ ਨਹੀਂ ਬਣ ਸਕਦੀਆਂ ਪਰ ਮਸੀਹ ਈਸਾ ਜੀ ਦੇ ਸਬੰਧੀ ਇਹ ਇਕ ਮਹਾਨ ਪਰਚਾਰਕ ਜ਼ਰੂਰ ਬਣ ਸਕਦੀਆਂ ਹਨ।

ਹੁਣ ਪਹਿਲੇ ਹਿੰਦੂ ਅਤੇ ਤੀਸਰੇ ਖਾਲਸਾ ਪੰਥ ਦਾ ਕਰੂਰਾ ਮਿਲਦਾ ਹੈ ਅਤੇ ਦੂਸਰੇ ਸਿੱਖ ਪੰਥ ਦਾ ਅਤੇ ਚੌਥੇ ਨਿਰਮਲੇ ਸੰਤਾਂ ਦੇ ਪੰਥ ਦਾ ਕਰੂਰਾ ਵੀ ਮਿਲਦਾ ਹੈ। ਇਸ ਲਈ ਹਰਿਮੰਦਰ ਸਾਹਿਬ ਹੈ:-

ਹਰਿ ਜਪੇ ਹਰਿਮੰਦਰ ਸਾਜਿਆ ਸੰਤ (ਨਿਰਮਲੇ) ਭਗਤ (ਸਿੱਖ) ਗੁਣ ਗਾਵਹਿ ਰਾਮ॥
ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪੁਨਾ ਸਗਲੇ ਪਾਪ ਤਜਾਵਹਿ ਰਾਮ॥

ਹਰਿਮੰਦਰ ਸਾਹਿਬ ਸਿੱਖਾਂ ਅਤੇ ਨਿਰਮਲੇ ਸੰਤਾਂ ਦਾ ਹੋਣ ਕਰਕੇ ਏਥੇ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਨਹੀਂ ਆਏ ਸਨ ਕਿਉਂਕਿ ਸਿੱਖ ਭਗਤਾਂ ਦਾ ਤੱਤ ਖ਼ਾਲਸਿਆਂ ਨਾਲ ਕਰੂਰਾ ਨਹੀਂ ਮਿਲਦਾ। ਪਰ ਅੱਜ ਇਹ ਕਿਰਪਾਨਾਂ ਵਾਲੇ ਗ੍ਰਹਿਸਤੀ ਨਕਲੀ ਮਲੇਛ ਖ਼ਾਲਸੇ ਓਥੇ ਕੀ ਕਰਦੇ ਹਨ? ਯਾਦ ਰੱਖੋ ਕਿ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਦਾ ਜੁੱਤਾ ਬਾਰਾਂ ਨੰਬਰ ਦਾ ਹੈ ਅਤੇ ਜਿਹੜਾ ਉਹਨਾਂ ਦੇ ਪੰਥਾਂ ਦਾ ਮਖੌਲ ਉਡਾਉਂਦਾ ਹੈ ਉਹ ਬਚ ਕੇ ਨਹੀਂ ਜਾਂਦਾ ਅਤੇ ਸਿਰਫ਼ ਮੂਰਖ ਮੁਆਫ਼ੀ ਕਮਾ ਜਾਂਦਾ ਹੈ। ਇਹ ਦਰ ਸਾਰਿਆਂ ਲਈ ਖੁੱਲ੍ਹਾ ਹੈ ਪਰ ਦਰ ’ਤੇ ਖੜ੍ਹਾ ਹੈ ਇਕ ਨੇਜ਼ੇ ਵਾਲਾ ਬੰਦਈ ਮੂਰਖ ਖਾਲਸਾ।

ਅਕਾਲ ਤਖਤ ਹੈ ਨਿਰਮਲੇ ਸੰਤਾਂ ਲਈ ਜਿਨ੍ਹਾਂ ਨੂੰ ਅਕਾਲ ਪੁਰਖ ਪਿਓ ਦੀ ਸੂਝ ਬੂਝ ਹੋਣੀ ਚਾਹੀਦੀ ਹੈ ਪਰ ਅੱਜ-ਕੱਲ੍ਹ ਪ੍ਰਧਾਨ ਜਥੇਦਾਰ ਬਣੇ ਬੈਠੇ ਹਨ ਉਹ ਜਿਨ੍ਹਾਂ ਨੂੰ ਆਪਣੇ ਦੁਨਿਆਵੀ ਪਿਉਆਂ ਦੀ ਵੀ ਸੂਝ, ਪਛਾਣ ਜਾਂ ਸੁਰਤੀ ਨਹੀਂ!!!

ਸੋਨੇ ਅਤੇ ਅਕਾਲ ਪੁਰਖ ਦਾ ਕੀ ਮੇਲ ਹੈ? ਇਸੇ ਲਈ ਅੱਜ-ਕੱਲ੍ਹ ਜਿੱਡਾ ਵੱਡਾ ਰਿਸ਼ਵਤਖੋਰ ਓਡੀ ਹੀ ਵੱਡੀ ਪ੍ਰਧਾਨਗੀ ਅਤੇ ਸਿਰੋਪੇ। ਭਾਵ ਕਿ ਪੋਪ ਦੀ ਸੰਸਥਾ ਅਤੇ ਸਿੱਖਾਂ ਦੀ ਸੰਸਥਾ ਦੋਵੇਂ ਦੁਨਿਆਵੀ ਮਾਲ ਮਤੇ ਪਿੱਛੇ ਪਈਆਂ ਹੋਈਆਂ ਹਨ ਨਾ ਕਿ ਰੂਹਾਨੀ ਗਿਆਨ ਵਲ, ਜਿਸ ਵਿਚ ਜੋ ਆਇਆ ਸੋ ਵੰਡ ਛੱਡੀ ਦਾ ਹੈ ਅਤੇ ਬੈਂਕਾਂ ਵਿਚ ਪੈਸੇ ਜਮ੍ਹਾਂ ਨਹੀਂ ਹੁੰਦੇ ਹਨ।

ਇਸ ਲਈ ਗੁਰਮੁਖ ਆਪਣਾ ਆਪਣਾ ਹਰਿਮੰਦਰ ਨਾਲ ਚੁੱਕੀ ਫਿਰਦੇ ਹਨ ਅਤੇ ਲੋਕਾਂ ਨੂੰ ਹਰਿ ਦਾ ਪ੍ਰਚਾਰ ਕਰਦੇ ਫਿਰਦੇ ਹਨ ਪਰ ਬੇਸਮਝਾਂ ਅਤੇ ਫੁਕਰਿਆਂ ਦਾ ਆਲੀਸ਼ਾਨ ਹਰੀਮੰਦਰ ਅੰਮ੍ਰਿਤਸਰ ਵਿਚ ਜਿੱਥੇ ਸਭ ਤੋਂ ਅਖੀਰਲੇ ਸਤਿਗੁਰੂ ਤੇਗ਼ ਬਹਾਦਰ ਜੀ ਨੂੰ ਵੜਨ ਹੀ ਨਹੀਂ ਦਿੱਤਾ ਸੀ ਪਰ ਮੂਰਖਾਂ ਦੀ ਓਥੇ ਖੂਬ ਬਨਾਰਸ ਦੇ ਠੱਗਾਂ ਨਾਲੋਂ ਕਿਤੇ ਵਧੀਕ ਮੁੰਡਾਈ ਹੁੰਦੀ ਹੈ।

ਸੁਰਤੀ ਨਾਲ ਬਹੁਤ ਕੁਝ ਲਿਖਿਆ ਗਿਆ ਹੈ ਅਤੇ ਇਸ ਦੀ ਪੂਰੀ ਜਾਣਕਾਰੀ ਲਈ ਗੁਰਮੁਖਾਂ ਦਾ ਇਕੱਠ ਹੋਣਾ ਜ਼ਰੂਰੀ ਹੈ।

## ਰਾਮੁ ਰਾਮੁ ਰਾਮੁ।

ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ॥
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥

ਅਜਰੁ ਜਰੈ ਸੁ ਨਿਝਰੁ ਝਰੈ॥
ਜਗੰਨਾਥ ਸਿਉ ਗੋਸਟਿ ਕਰੈ॥

ਅੰਤਰਿ ਸਤਿਗੁਰੂ ਆਰਾਧਣਾ ਜਿਹਵਾ ਜਪਿ ਸੱਤਿਗੁਰ ਨਾਉ॥

ਸੱਤਿਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ॥
ਨਾਨਕ ਸੱਤਿਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ॥

ਨਾਨਕ ਸੱਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
ਹਸੰਦਿਆ ਖੇਲੰਦਿਆਂ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ਜੀਓ॥

# ਵਿਸਾਖੀ

ਸ਼ਰਮੁ ਧਰਮੁ ਦੁਇ ਛਪਿ ਖਲੋਇ॥
ਕੂੜੁ ਫਿਰੇ ਪਰਧਾਨੁ ਵੇ ਲਾਲੋ॥

ਵਿਸਾਖੀ ਦੇ ਸਮੇਂ ਕਿਸਾਨ ਆਪਣੀ ਮਿਹਨਤ ਦਾ ਫਲ ਫਸਲਾਂ ਵੱਢ ਕੇ ਪਾਉਂਦੇ ਹਨ ਅਤੇ ਖੁਸ਼ੀਆਂ ਵਿਚ ਭੰਗੜੇ ਵੀ ਪਾਉਂਦੇ ਹਨ। ਤਾਂ ਇਸ ਵੇਲੇ ਹੀ ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ ਨੇ ਵੀ ਆਪਣੀ ਫਸਲ ਨੂੰ ਦਾਤੀ ਪਾ ਕੇ ਖੁਸ਼ੀਆਂ ਪਾਈਆਂ। ਇਹ ਫਸਲ ਪਹਿਲੇ ਸੱਤਿਗੁਰੂ ਨਾਨਕ ਦੇਵ ਜੀ ਨੇ ਬੀਜੀ ਸੀ ਤੇ ਦੂਜੇ ਪੰਜ ਸੱਤਿਗੁਰੂਆਂ ਜਿਹੜੇ ਕਿ ਹਨ ਦੂਜੇ ਸੱਤਿਗੁਰੂ ਅੰਗਦ ਦੇਵ ਜੀ, ਤੀਸਰੇ ਸੱਤਿਗੁਰੂ ਅਮਰ ਦੇਵ ਜੀ, ਚੌਥੇ ਸੱਤਿਗੁਰੂ ਰਾਮ ਦਾਸ ਜੀ, ਪੰਜਵੇਂ ਸੱਤਿਗੁਰੂ ਅਰਜਨ ਦੇਵ ਜੀ ਅਤੇ ਛੇਵੇਂ ਅਤੇ ਆਖਰੀ ਸੱਤਿਗੁਰੂ ਤੇਗ਼ ਬਹਾਦਰ ਜੀ ਜਿਨ੍ਹਾਂ ਨੇ ਆਖਰੀ ਪਾਣੀ (ਪੈਗ਼ਾਮ, ਸੰਦੇਸ਼) ਦੇ ਕੇ ਇਸ ਫਸਲ ਨੂੰ ਪਕਾ ਦਿੱਤਾ ਅਤੇ "ਨਾਮ" ਦਾ ਦੋ ਧਾਰੀ ਖੰਡਾ (ਤੇਗ਼) ਬਹਾਦਰੀ ਨਾਲ ਵਾਹ ਕੇ ਸਿੱਖੀ ਨੂੰ ਫਿਲਾਇਆ ਸੀ। ਜਿਵੇਂ ਕਿ ਸੱਤਿਗੁਰੂਆਂ ਦਾ ਖਜਾਨਾ ਦੂਸਰੇ ਪੰਥ ਦੇ ਸਿੱਖ ਹੁੰਦੇ ਹਨ ਐਦਾਂ ਹੀ ਸੱਚੇ ਪਾਤਸ਼ਾਹਾਂ ਦੇ ਖ਼ਜ਼ਾਨੇ ਤੀਸਰਾ ਖ਼ਾਲਸਾ ਅਤੇ ਚੌਥਾ ਨਿਰਮਲੇ ਸੰਤਾਂ ਦੇ ਪੰਥ ਹਨ। ਪਹਿਲੇ ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਨੇ ਤੀਜੇ ਅਤੇ ਚੌਥੇ ਪੰਥਾਂ ਦੀ ਨੀਂਹ ਰੱਖੀ ਸੀ ਅਤੇ ਚੌਥੇ ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ ਨੇ ਇਿਹਨਾਂ ਪੰਥਾਂ ਨੂੰ ਸਿਰੇ ਚੜ੍ਹਾ ਕੇ ਆਪਣੇ ਪੈਰਾਂ 'ਤੇ ਖੜ੍ਹੇ ਕੀਤਾ। ਯਾਦ ਰਹੇ ਕਿ ਤੀਸਰਾ ਖ਼ਾਲਸਾ ਪੰਥ ਪਹਿਲੇ ਹਿੰਦੂ ਪੰਥ ਦੇ ਪ੍ਰਕਿਰਤੀ ਕਰਮਾਂ ਦੀ ਦੇਖ ਭਾਲ ਕਰਦਾ ਹੈ ਅਤੇ ਚੌਥਾ ਨਿਰਮਲੇ ਸੰਤਾਂ ਦਾ ਪੰਥ ਸਿੱਖਾਂ ਨੂੰ ਤੀਜੇ ਅਤੇ ਚੌਥੇ ਪੰਥਾਂ ਲਈ ਤਿਆਰ ਕਰਦਾ ਹੈ। ਬਾਕੀ ਸੱਚੇ ਪਾਤਸ਼ਾਹਾਂ ਹਰਿ ਰਾਏ ਅਤੇ ਹਰਿ ਕ੍ਰਿਸ਼ਨ ਜੀ ਨੇ ਇਸ ਰੂਹਾਨੀ ਖੇਤੀ ਦੀ ਦੇਖ ਭਾਲ ਕੀਤੀ ਸੀ। ਇਸ ਲਈ ਕਲਜੁਗ ਵਿਚ ਛੇ ਸੱਤਿਗੁਰੂ ਛੇ ਗੁਰ, ਛੇ ਘਰ ਛੇ ਉਪਦੇਸ਼ ਦੇ ਅਨੁਸਾਰ ਆਉਂਦੇ ਹਨ ਅਤੇ ਚੌਂਹ ਵਰਨਾਂ ਦੇ ਅਨੁਸਾਰ ਹੀ ਚਾਰ ਸੱਚੇ ਪਾਤਸ਼ਾਹ ਹੋਏ ਹਨ। ਇਨ੍ਹਾਂ ਤੋਂ ਬਾਹਰਾ ਜੇ ਕੋਈ ਸੱਤਿਗੁਰੂ ਨਾਨਕ ਦੇਵ ਜੀ ਦੀ ਪਦਵੀ ਦੇ ਨਾਂ 'ਤੇ ਸੱਤਿਗੁਰੂ ਅਤੇ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਦੇ ਨਾਂ 'ਤੇ ਸੱਚੇ ਪਾਤਸ਼ਾਹ ਬਣਦਾ ਹੈ ਤਾਂ ਉਹ ਇਕ ਪਖੰਡੀ ਹੈ।

ਸੱਤਿ ਦਾ ਗਿਆਨ ਰਾਮ ਦੀ ਕ੍ਰਿਪਾ ਨਾਲ ਮਿਲਦਾ ਹੈ ਅਤੇ ਇਸ ਲਈ ਬਾਣੀ ਦੇ ਅਨੁਸਾਰ:-

ਸੱਤਿ ਪੁਰਖ ਜਿਨ ਜਾਨਿਆ ਸੱਤਿਗੁਰੂ ਤਿਸ ਕਾ ਨਾਉ॥

ਸਾਰੇ ਭਗਤ ਵੀ ਆਪਣੀਆਂ ਥਾਂਵਾਂ 'ਤੇ ਸੱਤਿਗੁਰੂ ਹੀ ਹਨ। ਸੱਤਿਗੁਰੂ ਨੂੰ ਅੰਗ੍ਰੇਜ਼ੀ ਵਿਚ "ਕ੍ਰਾਈਸਟ" ਕਹਿੰਦੇ ਹਨ ਅਤੇ ਸੱਤਿਗੁਰੂ ਨਾਨਕ ਦੇਵ ਜੀ ਦੂਸਰੇ ਅਨਾਉਂਟਿੱਡ ਕ੍ਰਾਈਸਟ ਦੁਨੀਆ ਵਿਚ ਆਏ। ਇਹ ਸਭ ਤੋਂ ਵੱਡੇ ਸਨ। ਹੋਰ ਜਾਣਕਾਰੀ ਲਈ ਤੁਸੀਂ ਮੇਰਾ ਵਿਬ ਸਾਈਟ 'ਤੇ ਆਰਟੀਕਲ ਪੜ੍ਹੋ।

ਹੁਣ ਜਿਵੇਂ ਇਕ ਸਿੱਖ ਨੂੰ ਇਹ ਜਾਣਨਾ ਜ਼ਰੂਰੀ ਹੈ ਕਿ ਸੱਤਿਗੁਰੂ ਨਾਨਕ ਦੇਵ ਜੀ ਕਿਉਂ ਆਏ ਸਨ ਅਤੇ ਦੂਸਰਾ ਪੰਥ ਸਿੱਖ ਸਜਾਇਆ ਸੀ ਇਵੇਂ ਹੀ ਖ਼ਾਲਸੇ ਨੂੰ ਇਹ ਵੀ ਜਾਣਨਾ ਚਾਹੀਦਾ ਹੈ ਕਿ ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ ਨੇ ਤੀਸਰਾ ਖਾਲਸਾ ਅਤੇ ਚੌਥਾ ਨਿਰਮਲੇ ਸੰਤਾਂ ਦਾ ਪੰਥ ਕਿਉਂ ਸਜਾਏ ਸਨ?

ਉਸ ਵੇਲੇ ਮੁਗ਼ਲ ਕੌਮ ਦੇ ਲੋਕ ਰਾਜ ਕਰਦੇ ਸਨ ਅਤੇ ਉਹ ਹਜ਼ਰਤ ਮੁਹੰਮਦ ਸਾਹਿਬ ਦੇ ਚੇਲੇ ਸਨ। ਹੁਣ ਹਜ਼ਰਤ ਮੁਹੰਮਦ ਸਾਹਿਬ ਦੇ ਚੇਲੇ ਲੋਕਾਂ ਨੂੰ ਸ਼ੈਤਾਨ ਦੀ ਜ਼ਬਰਦਸਤੀ, "ਇੰਸ਼ ਮੁੱਲਾਂ", ਮੁੱਖ ਰੱਖਦਿਆਂ ਮੁਹੰਮੱਦੀਏ ਬਣਾਈ ਜਾਂਦੇ ਸਨ ਅਤੇ ਆਦਮੀ ਦੀ ਸੁੰਨਤ ਕਰਕੇ ਉਸ ਨੂੰ ਮੁਸਲਮਾਨ ਕਹੀ ਜਾਂਦੇ ਸਨ ਜਦ ਕਿ ਇਕ ਮੁਸਲਮਾਨ ਪੱਕੇ ਈਮਾਨ ਵਾਲਾ ਹੋਣ ਕਰਕੇ ਉਹ ਅੱਲ੍ਹਾ ਵਿਚ ਹੁੰਦਾ ਹੈ ਅਤੇ ਅੱਲ੍ਹਾ ਉਹਦੇ ਵਿਚ। ਹੁਣ ਅੱਲ੍ਹਾ ਜਾਂ ਅਕਾਲ ਪੁਰਖ ਵਿਚ ਸਾਰੀਆਂ ਚੰਗੀਆਂ ਹੀ ਚੀਜ਼ਾਂ ਮਿਲਦੀਆਂ ਹਨ ਅਤੇ ਸ਼ੈਤਾਨ ਵਿਚ ਮੰਦੀਆਂ। ਪਰ ਇਨ੍ਹਾਂ ਮੁਹੰਮੱਦੀਆਂ ਵਿਚ ਤਾਂ ਮੰਦੀਆਂ ਆਦਤਾਂ ਅਤੇ ਮਕਾਰੀਆਂ ਹੀ ਭਰੀਆਂ ਹੁੰਦੀਆਂ ਸਨ। ਇਸ ਲਈ ਇਹ ਮੁਹੰਮੱਦੀਏ ਤਾਂ ਨਕਲੀ ਮੁਸਲਮਾਨ ਸਨ। ਕਿਉਂਕਿ ਮੱਕਾਰੀ ਦਿਲ ਤੋਂ ਉਭਰਦੀ ਹੈ ਅਤੇ ਇਹ ਜ਼ੋਰਾਂ ਸ਼ੋਰਾ 'ਤੇ ਸੀ ਤਾਂ ਫਿਰ ਦਿਲਾਂ ਦਾ ਡਾਕਟਰ ਸੱਤਿਗੁਰੂ ਪ੍ਰਗਟ ਹੁੰਦਾ ਹੈ। ਸੱਤਿਗੁਰੂ ਨਾਨਕ ਦੇਵ ਜੀ ਨੇ ਫਿਰ ਅਸਲੀ ਮੁਸਲਮਾਨ ਦੀ ਵਿਆਖਿਆ ਕੀਤੀ ਜਿਸ ਵਿਚ ਇਹ ਦੱਸਿਆ ਕਿ ਅਸਲੀ ਮੁਸਲਮਾਨ ਤਾਂ ਇਕ ਬੜਾ ਰਹਿਮ ਦਿਲ ਜਾਂ

ਮੋਮ ਦਿਲ ਆਦਮੀ ਹੁੰਦਾ ਹੈ ਨਾ ਕਿ ਇਕ ਝੂਠਾ ਅਤੇ ਲੁਟੇਰਾ। ਏਦਾਂ ਦੇ ਲੋਕਾਂ ਨੂੰ ਸੱਤਿਗੁਰੂ ਨਾਨਕ ਦੇਵ ਜੀ ਨੇ "ਤੁਰਕੂ" ਕਿਹਾ।

ਨੀਲ ਬਸਤ੍ਰ (ਮੁੱਲਾਂ ਦੇ ਨੀਲੇ ਕੱਪੜੇ ਪਾਏ ਹੁੰਦੇ ਹਨ ਜਿਵੇਂ ਕਿ ਜੌਨ ਦਿ ਬਾਪਟਿਸਟ ਦੇ ਵੀ ਪਾਏ ਹੁੰਦੇ ਸਨ; ਇਸ ਦਾ ਚੰਦ ਦੇ ਨਾਲ ਸਬੰਧ ਹੈ) ਲੇ ਕੱਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ॥

ਸਾਰੇ ਪਠਾਣ ਤੁਰਕੂ ਨਹੀਂ ਸਨ ਪਰ ਜਿਨ੍ਹਾਂ ਨੇ ਹਮਲਾ ਅਤੇ ਲੁੱਟ ਮਾਰ ਵਿਚ ਭਾਗ ਲਿਆ ਸੀ ਉਹੀ ਤੁਰਕੂ ਸਨ।

ਹੁਣ ਦੁਕਾਨਦਾਰ ਜਾਂ ਵਪਾਰੀ ਲੋਕ ਆਮ ਤੌਰ ’ਤੇ ਲਾਲਚੀ ਅਤੇ ਬੇਈਮਾਨ ਹੁੰਦੇ ਹਨ ਅਤੇ ਪਿੰਡਾਂ ਦੇ ਲੋਕ ਸਿੱਧੇ ਅਤੇ ਸਾਦੇ ਸਾਫ ਦਿਲ ਲੋਕ ਹੁੰਦੇ ਹਨ। ਪੰਜਾਬ ਵਿਚ ਖੱਤਰੀ ਅਤੇ ਅਰੋੜੇ ਕੌਮਾਂ ਦੇ ਲੋਕ ਦੁਕਾਨਦਾਰੀਆਂ ਕਰਦੇ ਸਨ ਅਤੇ ਬੇਈਮਾਨੀਆਂ ਕਰਨ ਦੇ ਕਾਰਨ ਇਹ ਬੜੇ ਬਦਨਾਮ ਹੋ ਚੁੱਕੇ ਸਨ। ਜਿਵੇਂ ਕਿ ਇਰਾਨ ਵਿਚ ਇਨ੍ਹਾਂ ਬੇਈਮਾਨ ਅਤੇ ਲਾਲਚੀ ਖੱਤਰੀਆਂ ਅਰੋੜਿਆਂ ਨੇ ਆਪਣੀ ਕੌਮ ਖੱਤਰੀ ਜਾਂ ਅਰੋੜਾ ਨਹੀਂ ਦੱਸੀ ਸੀ ਬਲਕਿ ਹਿੰਦੂ ਦੱਸੀ ਤਾਂ ਈਰਾਨੀਆਂ ਨੇ ਹਿੰਦੂ ਨੂੰ ਇਕ ਕੌਮ ਸਮਝਿਆ ਅਤੇ ਹਿੰਦੂ ਲਫਜ਼ ਇਕ ਚੋਰ ਲਈ ਵੀ ਵਰਤਿਆ ਸੀ ਇਸੇ ਹੀ ਤਰ੍ਹਾਂ ਪੰਜਾਬ ਵਿਚ ਇਨ੍ਹਾਂ ਬੇਈਮਾਨ ਅਤੇ ਲਾਲਚੀ ਖੱਤਰੀਆਂ ਅਤੇ ਅਰੋੜਿਆਂ ਨੂੰ "ਕਰਾੜ" ਕਹਿ ਕੇ ਸੱਦਿਆ ਜਾਂਦਾ ਸੀ। ਹੁਣ ਜਿਵੇਂ ਕਿ ਜੱਟ ਕੌਮ ਦੇ ਲੋਕ ਮੂਰਖਤਾਈ ਵਿਚ ਇਕ ਨੰਬਰ ’ਤੇ ਹਨ ਇਸ ਲਈ ਬਾਣੀ ਵਿਚ ਭਗਤ ਫ਼ਰੀਦ ਜੀ ਨੇ ਜੱਟ ਦਾ ਲਫਜ਼ ਇਕ ਮੂਰਖ ਲਈ ਵੀ ਵਰਤਿਆ ਹੈ। ਭਾਵ ਇਹ ਕਿ ਖੱਤਰੀ ਅਤੇ ਅਰੋੜੇ ਲਾਲਚੀ ਹੋਣ ਕਰਕੇ ਇਨ੍ਹਾਂ ਨੂੰ ਬਾਣੀ ਵਿਚ "ਕਰਾੜ" ਕਹਿ ਕੇ ਸੱਦਿਆ ਅਤੇ ਮੂਰਖਾਂ ਨੂੰ ਜੱਟ ਕਹਿ ਕੇ ਸੱਦਿਆ। ਪਰ ਯਾਦ ਰਹੇ ਕਿ ਸਾਰੇ ਖੱਤਰੀ ਲਾਲਚੀ ਨਹੀਂ ਹੁੰਦੇ ਅਤੇ ਨਾ ਹੀ ਸਾਰੇ ਜੱਟ ਮੂਰਖ ਹੁੰਦੇ ਹਨ ਪਰ ਬਹੁ ਗਿਣਤੀ ਵਿਚ ਇਹ ਠੀਕ ਹੀ ਹੁੰਦਾ ਹੈ।

ਹੁਣ ਸੱਤਿਜੁਗ ਵਿਚ ਆਮ ਲੋਕ ਭਗਤ ਹੁੰਦੇ ਸਨ, ਤ੍ਰੇਤੇ ਵਿਚ ਦੇਵਤੇ ਅਤੇ ਦੁਆਪਰ ਵਿਚ ਮੂਰਖ ਹੁੰਦੇ ਸਨ ਇਸੇ ਹੀ ਤਰ੍ਹਾਂ ਕਲਜੁਗ ਵਿਚ ਆਮ ਲੋਕ ਬੇਈਮਾਨ ਅਤੇ ਲਾਲਚੀ ਹੁੰਦੇ ਹਨ। ਕਿਉਂਕਿ ਕਲਜੁਗ ਵਿਚ ਦੂਜੇ ਯੁੱਗਾਂ ਨਾਲੋਂ ਉਲਟ ਹੁੰਦਾ ਹੈ ਇਸ

ਲਈ ਕਲਜੁਗ ਵਿਚ ਖੱਤਰੀ ਕੌਮ ਦੇ ਲੋਕ ਜਿਹੜੇ ਕਿ ਤ੍ਰੇਤੇ ਵਿਚ ਇਕ ਨੰਬਰ ਦੇ ਦੇਵਤੇ ਹੁੰਦੇ ਸਨ ਇਕ ਨੰਬਰ ਦੇ ਬੇਈਮਾਨ ਲੋਕ ਹੋਣ ਕਰਕੇ ਲਾਲਚ ਵਿਚ ਵੀ ਇਕ ਨੰਬਰ ਦੇ ਸ਼ੈਤਾਨ ਬਣ ਜਾਂਦੇ ਹਨ ਅਤੇ ਯਾਦਵ ਕੌਮ ਦੇ ਲੋਕ ਜਿਨ੍ਹਾਂ ਵਿਚੋਂ ਜੱਟ ਕੌਮ ਦੇ ਲੋਕ ਬਹੁ ਗਿਣਤੀ ਵਿਚ ਹਨ ਇਹ ਦੁਆਪਰ ਯੁੱਗ ਵਿਚ ਮੂਰਖ ਹੁੰਦੇ ਸਨ ਪਰ ਕਲਜੁਗ ਵਿਚ ਇਹ ਭਗਤ ਅਤੇ ਕਾਬਲੇ ਇਤਬਾਰ ਲੋਕ ਬਣ ਜਾਂਦੇ ਹਨ। ਅਤੇ ਜਿਨ੍ਹਾਂ ਲੋਕਾਂ ਦਾ ਯੁਗ ਹੋਵੇ ਤਾਂ ਅਵਤਾਰ ਵੀ ਉਹਨਾਂ ਦੇ ਘਰ ਹੀ ਆਉਂਦੇ ਹਨ।

ਹੁਣ ਕਿਉਂਕਿ ਕਲਜੁਗ ਖੱਤਰੀ ਕੌਮ ਦੇ ਲੋਕਾਂ ਦਾ ਯੁਗ ਹੈ ਇਸ ਲਈ ਕਲਜੁਗ ਦੇ ਦੋਵੇਂ ਅਵਤਾਰ "ਸੱਤਿਗੁਰੂ ਨਾਨਕ ਦੇਵ ਜੀ" ਜਿਹੜੇ ਕਿ ਪਾਰ ਵਿਸ਼ਨੂੰ (ਦੁਰਗਾ ਦੇਵੀ ਜਿਹੜੀ ਕਿ ਵਿਸ਼ਨੂੰ ਦੀ ਸ਼ਕਤੀ ਹੈ ਨੇ ਸੱਤਿਗੁਰੂ ਨਾਨਕ ਦੇਵ ਜੀ ਦੇ ਘਰ ਝਾੜੂ ਅਤੇ ਪੋਚਾ ਫੇਰਿਆ ਅਤੇ ਪਾਣੀ ਵੀ ਭਰਿਆ ਸੀ) ਦੇ ਅਵਤਾਰ ਸਨ ਅਤੇ ਤ੍ਰੇਤੇ ਯੁਗ ਦੇ ਵਿਸ਼ਨੂੰ ਦੇ ਅਵਤਾਰ ਸ੍ਰੀ ਰਾਮ ਚੰਦਰ ਜੀ ਦੀ ਥਾਂ ਆਏ ਸਨ। "ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ" ਜਿਹੜੇ ਕਿ ਪਾਰ ਸ਼ਿਵ ਦੇ ਅਵਤਾਰ ਸਨ ਦੁਆਪਰ ਯੁਗ ਦੇ ਸ਼ਿਵ ਦੇ ਅਵਤਾਰ ਸ੍ਰੀ ਕ੍ਰਿਸ਼ਨ ਬਲਦੇਵ ਜੀ (ਜਿਨ੍ਹਾਂ ਦਾ ਸਭ ਤੋਂ ਪਿਆਰਾ ਨਾਂ "ਗੋਬਿੰਦਾ" ਸੀ) ਦੀ ਥਾਂ ਆਏ ਸਨ। ਭਾਵ ਇਹ ਕਿ ਕਲਜੁਗ ਵਿਚ ਤੀਸਰਾ ਬ੍ਰਾਹਮਣ ਗੁਰੂ ਅੰਨ੍ਹਾ ਹੋ ਜਾਣ ਕਰਕੇ ਕਲਜੁਗ ਵਿਚ ਪਿਛਲੇ ਯੁੱਗਾਂ ਦੇ ਦੋਵੇਂ ਅਵਤਾਰ ਇਕੋ ਹੀ ਯੁਗ ਵਿਚ ਆ ਜਾਂਦੇ ਹਨ। ਇਸ ਲਈ ਕਲਜੁਗ ਦੇ ਦੋਵੇਂ ਅਵਤਾਰ ਖੱਤਰੀਆਂ ਦੇ ਹੀ ਘਰਾਂ ਵਿਚ ਆਏ ਨਾ ਕਿ ਕਿਸੇ ਹੋਰ ਕੌਮਾਂ ਦੇ ਘਰਾਂ ਵਿਚ।

ਇਹ ਖੱਤਰੀ ਲੋਕ ਵੇਦਾਂ ਦੇ ਬਹੁਤ ਹੀ ਆਲਮ ਸਨ ਅਤੇ ਇਨ੍ਹਾਂ ਬਾਰੇ ਕਹਾਵਤ ਹੈ:-

ਪੁੱਤ ਜੰਮਣ ਖਤਰਾਣੀਆਂ; ਕੋਈ ਕੋਈ ਬਾਹਮਣੀਆਂ।

ਭਾਵ ਇਹ ਕਿ ਖੱਤਰੀ ਕੌਮ ਦੇ ਲੋਕ ਵੇਦ ਵਿੱਦਿਆ ਵਿਚ ਪੰਡਿਤ ਜਾਂ ਬ੍ਰਾਹਮਣ ਵਰਨ ਦਾ ਕੰਮ ਕਰਨ ਵਾਲੀਆਂ ਕੌਮਾਂ ਦੇ ਲੋਕਾਂ ਨੂੰ ਵੀ ਮਾਤ ਕਰਦੇ ਸਨ।

ਹੁਣ ਜਦੋਂ ਸੱਤਿਗੁਰੂ ਨਾਨਕ ਦੇਵ ਜੀ ਕਾਲੂ ਮਹਿਤਾ ਜੀ ਜਿਹੜਾ ਕਿ ਇਕ ਵੇਦਾਂ ਦਾ ਮਾਹਰ ਬੇਦੀ ਖੱਤਰੀ ਸੀ, ਦੇ ਘਰ ਜਨਮ ਲਿਆ ਤਾਂ ਇਸ ਵੇਦਾਂ ਦੇ ਹੰਕਾਰੀ ਖੱਤਰੀ ਨੇ

ਸੱਤਿਗੁਰੂ ਦੀ ਵੀ ਪਛਾਣ ਨਾ ਕੀਤੀ ਅਤੇ ਦੂਸਰੀ ਕੌਮਾਂ ਦੇ ਲੋਕਾਂ ਨੇ ਸੱਤਿਗੁਰੂ ਨਾਨਕ ਦੇਵ ਜੀ ਦੀ ਬਹੁਤ ਕਦਰ ਕੀਤੀ। ਜਿਵੇਂ ਰਾਏ ਬੁਲਾਰ ਭੱਟੀ ਜੱਟ ਨੇ ਪਰਤੱਖ ਦੇਖ ਕੇ ਸੱਤਿਗੁਰੂ ਨਾਨਕ ਦੇਵ ਜੀ ਨੂੰ ਤਪਾ ਸੱਦਿਆ ਸੀ ਅਤੇ ਇਹਨਾਂ ਦਾ ਬੜਾ ਮਾਨ ਕੀਤਾ ਸੀ। ਨਾਂ ਦਾ ਭਾਵੇਂ ਉਹ “ਬੁਲਾਰ”, ਭਾਵ ਕਿ ਭੁੱਲਿਆ ਹੋਇਆ, ਹੀ ਸੀ ਪਰ ਅਕਲ ਦਾ ਉਹ ਬਹੁਤ ਹੀ ਸਿਆਣਾ ਸੀ। ਇੰਜ ਹੀ ਚਿਤੌੜ ਦੀ ਰਾਣੀ ਨਾਂ ਦੀ "ਝਾਲੀ ਬਾਈ" ਨੇ ਭਗਤ ਰਵ ਦਾਸ ਜੀ ਦੀ ਕਦਰ ਕੀਤੀ ਸੀ।

ਏਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਕਲਜੁਗ ਵਿਚ ਆਦਮੀਆਂ ਨਾਲੋਂ ਔਰਤਾਂ ਜ਼ਿਆਦਾ ਸੁਰਤੀ ਵਾਲੀਆਂ ਅਤੇ ਧਾਰਮਿਕ ਹੁੰਦੀਆਂ ਹਨ। ਇਸ ਲਈ ਸੱਤਿਗੁਰੂ ਨਾਨਕ ਦੇਵ ਜੀ ਦੀ ਭੈਣ ਅਤੇ ਮਾਤਾ ਨੇ ਇਹਨਾਂ ਦੀ ਬਹੁਤ ਹੀ ਕਦਰ ਕੀਤੀ ਸੀ।

ਫਿਰ ਜਦੋਂ ਸੱਤਿਗੁਰੂ ਨਾਨਕ ਦੇਵ ਜੀ ਨੇ ਪੀਰੀ ਦੀ ਗੱਦੀ ਭਾਈ ਲਹਿਣਾ ਜੀ ਨੂੰ ਦਿੱਤੀ ਸੀ ਤਾਂ ਨਾਨਕ ਦੇਵ ਜੀ ਦੇ ਦੋਵੇਂ ਪੁੱਤਰ ਸੱਤਿਗੁਰੂ ਅੰਗਦ ਦੇਵ ਜੀ ਦੇ ਜਾਨੀ ਦੁਸ਼ਮਣ ਬਣ ਗਏ ਸਨ। ਹੁਣ ਭਾਈ ਲਹਿਣਾ ਜੀ ਦਾ ਨਾਂ ਸੱਤਿਗੁਰੂ ਅੰਗਦ ਦੇਵ ਜੀ ਇਸ ਲਈ ਬਦਲਿਆ ਸੀ ਕਿ ਜਿਹੜੇ ਲੋਕ ਅਕਾਲ ਪੁਰਖ ਨੂੰ ਜਾਣਦੇ ਹਨ ਉਹ ਆਪਣੀ ਜਾਤੀ ਜਾਂ ਸਰੀਰ ਦੀ ਹਉਮੈਂ ਨਹੀਂ ਕਰਦੇ। ਸਰੀਰ ਦੀ ਜਾਤ ਸਰੀਰ ਦੀ ਪਛਾਣ ਲਈ ਹੁੰਦੀ ਹੈ ਅਤੇ ਅਕਾਲ ਪੁਰਖ ਵਿਚ ਰੂਹ ਦੀ ਜਾਤ ਜਿਹੜੀ ਕਿ ਕਰਮਾਂ ਨਾਲ ਪਛਾਣੀ ਜਾਂਦੀ ਹੈ। ਭਾਵ ਕਿ ਜਿਸਮ ਦੀ ਜਾਤ ਜਨਮ ਨਾਲ ਅਤੇ ਰੂਹ ਦੀ ਜਾਤ ਕਰਮਾਂ ਨਾਲ ਹੁੰਦੀ ਹੈ। ਜਿੰਨਾ ਚਿਰ ਆਦਮੀ ਇਸ ਦੁਨੀਆਦਾਰੀ ਦੇ ਕੰਮ ਕਰਦਾ ਹੈ ਓਨਾ ਚਿਰ ਉਸ ਦੀ ਪਛਾਣ ਲਈ ਉਸ ਦੀ ਜਾਤੀ ਉਸ ਦੇ ਨਾਲ ਚਲਦੀ ਹੈ। ਖ਼ਾਲਸੇ ਅਤੇ ਨਿਰਮਲੇ ਸੰਤ ਦੁਨੀਆਦਾਰ ਨਾ ਹੋਣ ਕਰਕੇ ਇਹਨਾਂ ਲਈ ਸਾਰੀ ਦੁਨੀਆ ਦੇ ਲੋਕ ਇਕ ਹੀ ਹੁੰਦੇ ਹਨ। ਮਾਣਸ ਕੀ ਜਾਤ ਸੱਭੋ ਏਕ ਪਛਾਣ ਬੋ।

ਹੁਣ ਸੱਤਿਗੁਰੂ ਰਾਮ ਦਾਸ ਜੀ ਦੇ ਤਿੰਨ ਮੁੰਡੇ ਸਨ। ਸਭ ਤੋਂ ਵੱਡਾ ਪ੍ਰਿਥਵੀ ਚੰਦ ਪੱਕਾ ਮਨਮੁਖ ਸੀ ਤੇ ਉਸ ਤੋਂ ਛੋਟਾ ਮਹਾਂ ਦੇਵ ਪੱਕਾ ਬੇਮੁਖ ਅਤੇ ਸਭਨਾਂ ਤੋਂ ਛੋਟੇ ਅਰਜਨ ਦੇਵ ਜੀ ਪੱਕੇ ਗੁਰਮੁਖ ਸਨ। ਹੁਣ ਮਨਮੁਖ ਆਦਮੀ ਦਾ ਪੈਸਾ ਹੀ ਪੀਰ ਹੁੰਦਾ ਹੈ ਅਤੇ ਇਸ ਦਾ ਕੋਈ ਭਾਈ ਭੈਣ ਨਹੀਂ ਹੁੰਦਾ। ਇਸ ਲਈ ਇਸ ਮਨਮੁਖ ਪ੍ਰਿਥਵੀ ਚੰਦ ਨੇ ਪਿਓ ਦੀ ਵੀ ਲਾਹ ਪਾਹ ਕੀਤੀ ਸੀ ਅਤੇ ਪੈਸੇ ਦੀ ਖਾਤਰ ਉਹ ਦੋ ਮੂਰਖ ਪਠਾਣਾਂ ਨੂੰ

ਵੀ ਚੜ੍ਹਾ ਕੇ ਲਿਆਇਆ ਪਰ ਜਿਸ ’ਤੇ ਹੋਵੇ ਅਕਾਲ ਪੁਰਖ ਦਾ ਹੱਥ ਤਾਂ ਉਹਨੂੰ ਮਾਰੇ ਕੌਣ। ਭਾਵ ਇਹ ਕਿ ਜਿਸ ਨੂੰ ਅਕਾਲ ਪੁਰਖ ਦੇ ਖ਼ਜ਼ਾਨੇ ਦਾ ਮਾਲ ਮਿਲਦਾ ਹੈ ਤਾਂ ਉਸ ਆਦਮੀ ਉਪਰ ਅਕਾਲ ਪੁਰਖ ਦਾ ਹੀ ਹੱਥ ਹੁੰਦਾ ਹੈ ਨਾ ਕਿ ਕਿਸੇ ਆਦਮੀ ਦਾ। ਕਈ ਅਖ਼ਬਾਰਾਂ ਵਾਲੇ ਸੱਤਿ ਛਾਪਣ ਤੋਂ ਡਰਦੇ ਹਨ ਅਤੇ ਮਾਖਿਉਂ ਮਿੱਠਾ ਕੂੜ ਛਾਪ ਕੇ ਪੈਸੇ ਤਾਂ ਖੂਬ ਇਕੱਠੇ ਕਰਦੇ ਹਨ ਪਰ ਆਪਣੀਆਂ ਜਾਨਾਂ ਵੀ ਗੁਆ ਕੇ ਬੈਠ ਜਾਂਦੇ ਹਨ।

ਹੁਣ ਜਿਹੜਾ ਪ੍ਰਿਥਵੀ ਚੰਦ ਨੇ ਸੱਤਿਗੁਰੂ ਅਰਜਨ ਦੇਵ ਜੀ ਦੇ ਨਾਲ ਵਰਤਾਓ ਕੀਤਾ ਸੀ ਉਹ ਮਨਮੁਖ ਹਰਾਮੀ ਸ਼ੈਤਾਨਾਂ ਵਾਲਾ ਸੀ ਪਰ ਸੱਤਿਗੁਰੂ ਅਕਾਲ ਪੁਰਖ ਦਾ ਰੂਪ ਹੋਣ ਕਰਕੇ ਇਹ ਨਿਰਵੈਰ ਹੁੰਦੇ ਹਨ ਅਤੇ ‘ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਕਾ ਭਲਾ’ ਦੇ ਅਨੁਸਾਰ ਇਹ ਕਿਸੇ ਦਾ ਬੁਰਾ ਨਹੀਂ ਚਾਹੁੰਦੇ ਬਲਕਿ ਭਲਾ ਹੀ ਭਲਾ ਚਾਹੁੰਦੇ ਹਨ। ਸੱਤਿਗੁਰੂ ਦੀ ਇਸ ਸਿਫ਼ਤ ਦਾ ਸ਼ੈਤਾਨ ਖੱਤਰੀਆਂ ਨੇ ਖੂਬ ਲਾਭ ਲਿਆ ਅਤੇ ਬੇਸ਼ਰਮੀ ਦੀਆਂ ਹੱਦਾਂ ਤੋੜ ਦਿੱਤੀਆਂ। ਸੱਤਿਗੁਰੂ ਅਰਜਨ ਦੇਵ ਜੀ ਤਾਂ ਆਪਣੇ ਗਹਿਣੇ ਵੇਚ ਕੇ ਲੰਗਰ ਚਲਾਉਂਦੇ ਸਨ ਪਰ ਸੰਗਤਾਂ ਤੋਂ ਮਾਇਆ ਦੀ ਉਗਰਾਹੀ ਕਰਕੇ ਪ੍ਰਿਥਵੀ ਚੰਦ ਆਪਣੇ ਘਰ ਨੂੰ ਲੈ ਕੇ ਚਲਾ ਜਾਂਦਾ ਸੀ। ਇਸੇ ਕਰਕੇ ਹੀ ਬਾਬੇ ਬਕਾਲੇ ਸੋਢੀ ਖੱਤਰੀਆਂ ਨੇ ਨਿਡਰ ਹੋ ਕੇ ਬਾਈ ਮੰਜੀਆਂ ਡਾਹ ਕੇ ਭੋਲੇ ਭਾਲੇ ਲੋਕਾਂ ਨੂੰ ਲੁੱਟਣਾ ਸ਼ੁਰੂ ਕਰ ਦਿੱਤਾ ਸੀ ਕਿ ਸੱਤਿਗੁਰੂ ਤੇਗ਼ ਬਹਾਦਰ ਜੀ ਨੇ ਤਾਂ ਕੁਝ ਵੀ ਨਹੀਂ ਕਹਿਣਾ ਅਤੇ ਗੋਲੀ ਮਾਰਨ ਤੋਂ ਬਾਦ ਵੀ ਉਹਨਾਂ ਸੋਢੀ ਮਨਮੁਖ ਹਰਾਮੀ ਖੱਤਰੀਆਂ ਨੂੰ ਸੱਤਿਗੁਰੂ ਤੇਗ਼ ਬਹਾਦਰ ਜੀ ਨੇ ਕੋਈ ਕੌੜਾ ਬਚਨ ਨਹੀਂ ਸੀ ਬੋਲਿਆ।

ਫਿਰ ਜਦੋਂ ਸੱਤਿਗੁਰੂ ਤੇਗ਼ ਬਹਾਦਰ ਜੀ ਆਪਣੇ ਘਰ ਹਰਿਮੰਦਰ ਸਾਹਿਬ ਆਏ ਸਨ ਤਾਂ ਇਹਨਾਂ ਸੋਢੀ ਖੱਤਰੀਆਂ ਨੇ ਹਰਿਮੰਦਰ ਸਾਹਿਬ ਵੜਨ ਹੀ ਨਹੀਂ ਦਿੱਤਾ ਸੀ ਅਤੇ ਉਹਨਾਂ ਨੇ ਸੱਤਿ ਹੀ ਕਿਹਾ “ਅੰਮ੍ਰਿਤਸਰੀਏ ਅੰਦਰ ਸੜੀਏ”। ਭਾਵ ਇਹ ਕਿ ਬਨਾਰਸ ਦੇ ਪੰਡਿਤ ਠੱਗ ਤਾਂ ਝੂਠ ਹੀ ਬੋਲ ਕੇ ਲੋਕਾਂ ਨੂੰ ਠੱਗਦੇ ਸਨ ਪਰ ਇਹ ਅੰਮ੍ਰਿਤਸਰੀਏ ਠੱਗ ਮਾਖਿਓਂ ਮਿੱਠਾ ਕੂੜ ਜਿਹੜਾ ਕਿ ਝੂਠ ਦਾ ਪਿਓ ਹੁੰਦਾ ਹੈ ਬੋਲ ਕੇ ਭੋਲੇ ਭਾਲੇ ਲੋਕਾਂ ਨੂੰ ਖੂਬ ਠੱਗਣਗੇ। ‘ਕੂੜ ਡੋਬੇ ਪੂਰ’ ਅਤੇ ਤੁਸੀਂ ਕਈ ਪੂਰ ਡੁੱਬਦੇ ਦੇਖ ਵੀ ਲਏ ਹਨ ਜਿਵੇਂ ਕਿ ਭਾਰਤ ਦੀ ੧੯੪੭ ਵਿਚ ਪਾਰਟੀਸ਼ਨ ਵੇਲੇ ਦੇਖੇ ਸਨ

ਅਤੇ ਹੋਰ ੧੯੮੪ ਵਿਚ ਦੇਖੇ ਜਦੋਂ ਨਕਲੀ ਸ਼ਕਲਾਂ ਦੇ ਖੋਤੇ ਸਿੱਖ ਮਾਰੇ ਗਏ ਸਨ ਅਤੇ ਹੋਰ ਕਈ ਦੇਖੋਗੇ ਵੀ।

ਇਹ ਉਸ ਸਮੇਂ ਦੀ ਇਕ ਨਿਚੋੜ ਝਲਕੀ ਹੈ ਅਤੇ ਹੁਣ ਤੁਹਾਨੂੰ ਇਹਨਾਂ ਸ਼ੈਤਾਨ ਖੱਤਰੀਆਂ ਦੇ ਦਰਜਿਆਂ ਦੀ ਝਲਕੀ ਪੇਸ਼ ਕਰਦਾ ਹਾਂ।

ਪੰਜਾਬ ਵਿਚ ਤਾਂ ਲਵ ਅਤੇ ਕੁੱਸ਼ ਦੀ ਖੱਤਰੀ ਔਲਾਦ ਹੀ ਸਨ ਪਰ ਇਹਨਾਂ ਵਿਚੋਂ ਜਿਹੜੇ ਖੱਤਰੀ ਆਲਮ ਸਨ ਉਹ ਕਸ਼ਮੀਰ ਵਿਚ ਜਾ ਵੱਸੇ ਸਨ। ਕਸ਼ਮੀਰ ਦੇ ਖੱਤਰੀ ਅਤੇ ਸਾਰਸੁਤ ਐਨੇ ਆਲਮ ਸਨ ਕਿ ਸਾਰਸੁਤ ਆਪਣੇ ਆਪ ਨੂੰ ਗੁਰੂ ਬ੍ਰਾਹਮਣ ਕਹਾਉਂਦੇ ਸਨ। ਕਸ਼ਮੀਰੀ ਖੱਤਰੀ ਤਾਂ ਇਹਨਾਂ ਕਸ਼ਮੀਰੀ ਸਾਰਸੁੱਤਾਂ ਨਾਲੋਂ ਵੀ ਕਿਤੇ ਵੱਧ ਆਲਮ ਸਨ।

ਇਸ ਲਈ ਪੰਜਾਬ ਤੋਂ ਬਾਹਰ ਦੇ ਮੋਨੇ ਖੱਤਰੀ ਐਨੇ ਸ਼ੈਤਾਨ ਨਹੀਂ ਸਨ ਜਿੰਨੇ ਕਿ ਪੰਜਾਬ ਦੇ ਮੋਨੇ ਖੱਤਰੀ ਅਤੇ ਇਨ੍ਹਾਂ ਤੋਂ ਉਪਰ ਸਨ ਪੰਜਾਬ ਦੇ ਜੱਟਾ ਜੁਟ (ਦਾੜ੍ਹੀ ਪਗੜੀ ਵਾਲੇ ਭਾਪੇ) ਖੱਤਰੀ ਅਤੇ ਉਹ ਖੱਤਰੀ ਜਿਹੜੇ ਮੁਹੰਮੱਦੀਏ ਬਣ ਗਏ ਅਤੇ ਬਾਦ ਵਿਚ ਸ਼ੇਖ ਤੇ ਮਸਜਿਦਾਂ ਵਿਚ ਮੁੱਲਾਂ ਸਾਰਿਆਂ ਨਾਲੋਂ ਵੱਧ ਕੇ ਸ਼ੈਤਾਨ ਸਨ। ਇਹਨਾਂ ਦੇ ਉਸਤਾਦ ਕਸ਼ਮੀਰੀ ਸ਼ੈਤਾਨ ਖੱਤਰੀ ਜਦੋਂ ਮੁਹੰਮੱਦੀਏ ਬਣ ਕੇ ਸ਼ੇਖ ਅਤੇ ਮੁੱਲਾਂ ਬਣੇ ਤਾਂ ਇਹਨਾਂ ਨੇ ਬੇਸ਼ਰਮੀ ਅਤੇ ਜ਼ੁਲਮ ਦੀ ਹੱਦ ਤੋੜ ਦਿੱਤੀ ਜਿਸ ਦੀਆਂ ਵਾਰਦਾਤਾਂ ਕਸ਼ਮੀਰੀ ਸਾਰਸੁੱਤਾਂ ਨੇ ਛੇਵੇਂ ਸੱਤਿਗੁਰੂ ਤੇਗ਼ ਬਹਾਦਰ ਜੀ ਨੂੰ ਦੱਸੀਆਂ ਸਨ ਅਤੇ ਉਹਨਾਂ ਨੂੰ ਉਹਨਾਂ ਸ਼ੈਤਾਨ ਕਸ਼ਮੀਰੀ ਖੱਤਰੀਆਂ ਨੂੰ ਆਪਣਾ ਸੀਸ ਵੀ ਦੇਣਾ ਪਿਆ। ਅੱਜ ਇਹ ਸ਼ੈਤਾਨ ਖੱਤਰੀ ਇਹ ਮਸ਼ਹੂਰ ਕਰਦੇ ਹਨ ਕਿ ਸੱਤਿਗੁਰੂ ਤੇਗ਼ ਬਹਾਦਰ ਜੀ ਨੇ ਆਪਣਾ ਸੀਸ ਹਿੰਦੂਆਂ ਦੇ ਲਈ ਹੀ ਦਿੱਤਾ ਨਾ ਕਿ ਉਹਨਾਂ ਸਰਤਾਜ ਚੋਟੀ ਦੇ ਕਸ਼ਮੀਰੀ ਸ਼ੈਤਾਨ ਖੱਤਰੀਆਂ ਨੂੰ ਜਿਹੜੇ ਕਿ ਅੱਜ-ਕੱਲ੍ਹ ਇਰਾਨ, ਰੂਸ ਆਦਿ ਦੇ ਮੁਲਕਾਂ ਵਿਚ ਮੁੱਲਾਂ (ਅੱਲ ਜਮਾਰ ਅੱਲ ਅਕਸਾ ਸ਼ੈਤਾਨ) ਬਣ ਕੇ ਇਕੋ ਹੀ ਕੌਮਾਂ ਦੇ ਲੋਕਾਂ ਵਿਚ ਖ਼ੂਨ ਖ਼ਰਾਬਾ ਕਰਵਾ ਰਹੇ ਹਨ। ਇਹ ਖੱਤਰੀ ਆਪਣੀ ਹੀ ਕੌਮ ਦੇ ਖੱਤਰੀਆਂ ਨੂੰ ਘਟ ਦੁਖੀ ਕਰਦੇ ਸਨ ਪਰ ਦੂਸਰੀਆਂ ਕੌਮਾਂ ਦੇ ਲੋਕਾਂ ਨੂੰ ਖ਼ੂਬ ਤੰਗ ਅਤੇ ਦੁਖੀ ਕਰਦੇ ਸਨ।

ਪੰਜਾਬ ਜਿਹੜਾ ਕਿ ਜੱਟ ਕੌਮ ਦੇ ਲੋਕਾਂ ਦਾ ਘਰ ਹੈ, ਵਿਚ ਪਾੜ ਪਾ ਕੇ ਇਹਨਾਂ ਸ਼ੈਤਾਨ ਖੱਤਰੀਆਂ ਨੇ ਦੁਨੀਆ ਭਰ ਦੇ ਮਹਾਂ ਮੂਰਖ ਜੱਟਾਂ ਨੂੰ ਆਪਸ ਵਿਚ ਹੀ ਫਸਾਇਆ ਹੋਇਆ ਹੈ।

ਹੁਣ ਅੰਗ੍ਰੇਜ਼ੀ ਵਿਚ ਇਕ ਕਹਾਵਤ ਹੈ ਕਿ ਸੂਰਾਂ ਮੋਹਰੇ ਮੋਤੀ ਨਾ ਸੁੱਟੋ ਜਾਂ ਭਗਤ ਕਬੀਰ ਜੀ ਨੇ ਕਿਹਾ ਹੈ:-

ਹਰਿ ਕਾ ਨਾਮ ਵਿਹਾਜ ਕੇ ਕਬੀਰਾ ਗਾਂਠ ਨਾ ਖੋਲ॥
ਨਹੀਂ ਪੱਟਣ, ਨਹੀਂ ਪਾਰਖੂ, ਨਹੀਂ ਗਾਹੱਕ ਨਹੀਂ ਮੋਲ॥

ਕਿਉਂਕਿ ਖੱਤਰੀ ਅਤੇ ਅਰੋੜੇ ਕੌਮਾਂ ਦੇ ਲੋਕਾਂ ਨੇ ਸਿੱਖੀ ਦੇ ਬਰਖ਼ਿਲਾਫ਼ ਐਨੀ ਅੱਤ ਚੁੱਕੀ ਹੋਈ ਸੀ ਕਿ ਇਸ ਲਈ ਸੱਤਿਗੁਰੂ ਤੇਗ਼ ਬਹਾਦਰ ਜੀ ਪੰਜਾਬ ਛੱਡ ਕੇ ਦੂਰ "ਪੱਟਣ" ਦੇ ਅਨੁਸਾਰ ਬਿਹਾਰ ਵਿਚ ਪਟਨਾ ਚਲੇ ਗਏ ਸਨ ਅਤੇ ਓਥੇ ਅਨੰਦ ਨਾਲ ਰਹੇ ਅਤੇ ਸਿੱਖੀ ਦਾ ਵੀ ਖ਼ੂਬ ਰੱਜ ਕੇ ਪ੍ਰਚਾਰ ਕੀਤਾ। ਇਸ ਦੇ ਬਾਦ ਇਹ ਕਲਜੁਗ ਦਾ ਅੱਤ ਅੰਧੇਰਾ ਦੇਖਣ ਅਤੇ ਇਸ ਦਾ ਮੁਕਾਬਲਾ ਕਰਨ ਲਈ ਪੰਜਾਬ ਵਿਚ ਆਏ ਅਤੇ ਸਤਲੁਜ ਦਰਿਆ ਦੇ ਕੰਢੇ ਸ਼ਿਵਾਲਕ ਪਹਾੜੀਆਂ ਵਿਚ ਜਿਹੜਾ ਕਿ "ਸ਼ਿਵ ਜੀ ਦਾ ਘਰ ਸੀ" – ਦੇਹ ਸ਼ਿਵਾ ਵਰ ਮੋਹਿ ..... – ਦੇ ਅਨੁਸਾਰ ਆ ਬਸੇਰਾ ਕੀਤਾ। ਯਾਦ ਰੱਖੋ ਕਿ ਇਹ ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ ਦਾ ਹੀ ਘਰ ਸੀ ਅਤੇ ਇਸ ਬਸਤੀ ਦਾ ਨਾਂ "ਅਨੰਦਪੁਰ" ਹੀ ਪੈ ਗਿਆ ਕਿਉਂਕਿ ਇਹ ਗੁਰਮੁਖਾਂ ਦਾ ਪਿੰਡ ਸੀ।

ਪੰਜਾਬ ਦੇ ਖੱਤਰੀ ਅਰੋੜੇ ਕਿੰਨੇ ਕੁ ਸ਼ੈਤਾਨ ਸਨ ਇਸ ਦਾ ਵੇਰਵਾ ਪ੍ਰੋਫੈਸਰ ਮੇਕਲਾਓਡ ਨੇ ਆਪਣੀ ਕਿਤਾਬ ਵਿਚ ਇੰਜ ਦਿੱਤਾ ਹੈ। ਇਕ ਫੀਸਦੀ ਤੋਂ ਘੱਟ ਖੱਤਰੀਆਂ ਨੇ, ਕੋਈ ਡੇਢ੍ਹ ਫੀਸਦੀ ਅਰੋੜਿਆਂ ਨੇ, ਜੱਟਾਂ ਨੇ ਸਭਨਾਂ ਤੋਂ ਵੱਧ ਕੇ ਕੋਈ ਸੱਤਰ ਫੀਸਦੀ ਅਤੇ ਚੂਹੜੇ, ਚਮਾਰਾਂ, ਤਰਖਾਣਾਂ, ਲੁਹਾਰਾਂ, ਆਦਿ ਨੇ ਵੀ ਵੱਧ ਚੜ੍ਹ ਕੇ ਸਿੱਖੀ ਅਪਣਾਈ।

ਹੁਣ ਕਸ਼ਮੀਰ ਦੇ ਖੱਤਰੀ ਕੌਮ ਦੇ ਮੁੱਲਾਂ ਨੇ ਬੇਹੱਦ ਅੱਤ ਚੁੱਕੀ ਹੋਈ ਸੀ ਕਿ ਕਸ਼ਮੀਰੀ ਸਾਰਸੁਤ ਸੱਤਿਗੁਰੂ ਤੇਗ਼ ਬਹਾਦਰ ਜੀ ਦੀ ਸ਼ਰਨ ਵਿਚ ਆਏ ਅਤੇ ਆਪਣੀ ਬੇਹਾਲੀ

ਦੀਆਂ ਵਾਰਦਾਤਾਂ ਸੁਣਾਈਆਂ ਜਿਸ ’ਤੇ ਸੱਤਿਗੁਰੂ ਤੇਗ਼ ਬਹਾਦਰ ਜੀ ਨੇ ਕਿਹਾ ਕਿ ਉਹਨਾਂ ਸ਼ੈਤਾਨ ਮੌਲਵੀਆਂ ਨੂੰ ਦੱਸੋ ਕਿ ਉਹ ਪਹਿਲਾਂ ਮੈਨੂੰ ਮੁਹੰਮੱਦੀਏ ਬਣਾ ਕੇ ਦੱਸਣ। ਇਸ ਕਰਕੇ ਸੱਤਿਗੁਰੂ ਤੇਗ਼ ਬਹਾਦਰ ਜੀ ਨੂੰ ਫਿਰ ਦਿੱਲੀ ਸੱਦਿਆ ਗਿਆ ਸੀ ਅਤੇ ਓਥੇ ਸਭ ਤੋਂ ਵੱਡੇ ਮੱਕਾਰ ਬਾਦਸ਼ਾਹ ਔਰੰਗਜ਼ੇਬ ਦੇ ਦਰਬਾਰ ਵਿਚ ਉਹ ਮਹਾਂ ਮੱਕਾਰ ਮੁੱਲਾਂ ਬੈਠੇ ਸਨ ਜਿਹੜੇ ਕਿ ਉਹਨਾਂ ਮੁੱਲਾਂ ਦੇ ਉਸਤਾਦ ਸਨ ਜਿਨ੍ਹਾਂ ਨੇ ਕਰਾਮਾਤੀ ਰਾਮ ਰਾਏ ਦੀ ਵੀ ਪਿਠ ਲਾ ਦਿੱਤੀ ਸੀ। ਯਾਦ ਰੱਖੋ ਕਿ ਕਰਾਮਾਤਾਂ ਜਾਂ ਮਿਰਾਕਲ ਚਲਾਕਾਂ ਅਤੇ ਮੱਕਾਰਾਂ ਸ਼ੈਤਾਨ ਦੇ ਪੁੱਤਰਾਂ ਨੂੰ ਨਹੀਂ ਦਿਖਾਈ ਦੀਆਂ ਬਲਕਿ ਸਾਦਾ ਲੋਹ ਦਿਲ ਦੇ ਸਾਫ ਲੋਕਾਂ ਨੂੰ ਦਿਖਾਈ ਦੀਆਂ ਹਨ ਜਾਂ ਗੁਰਮੁਖਾਂ ਨੂੰ। ਜੀਸਸ ਜਾਂ ਮਸੀਹ ਈਸਾ ਜੀ ਨੇ ਪਿੰਡਾਂ ਦੇ ਲੋਕਾਂ ਨੂੰ ਕਰਾਮਾਤਾਂ ਦਿਖਾਈਆਂ ਸਨ ਅਤੇ ਜਦੋਂ ਜੇਰੂਸ਼ਲਿਮ ਦੇ ਚਤਰ ਚਲਾਕ ਅਤੇ ਮੱਕਾਰ ਲੋਕਾਂ ਨੇ ਕਰਾਮਾਤ ਲਈ ਵੰਗਾਰਿਆ ਤਾਂ ਉਹਨਾਂ ਨੇ ਜੋਣਾ ਦੇ ਮੱਛੀ ਦੇ ਪੇਟ ਵਿਚ ਤਿੰਨ ਦਿਨ ਜੀਂਦਾ ਰਹਿਣ ਦਾ ਦੱਸਿਆ ਅਤੇ ਉਹਨਾਂ ਨੂੰ ਇਕ ਹੰਜੀਰਾਂ ਦਾ ਦਰਖ਼ਤ ਸੁੱਕਾ ਕੇ ਦੱਸਿਆ ਕਿ ਜੇ ਤੁਸੀਂ ਚੰਗੇ ਕਰਮ ਨਹੀਂ ਕਰੋਗੇ ਤਾਂ ਫਿਰ ਤੁਹਾਡੀ ਵੀ ਇਹੋ ਹੀ ਹਾਲਤ ਹੋਵੇਗੀ ਅਤੇ ਭੁੱਖੇ ਮਰੋਗੇ।

ਭਾਵ ਇਹ ਕਿ ਉਸ ਵੇਲੇ ਸ਼ਹਿਰਾਂ ਦੇ ਲੋਕ ਖਾਸ ਕਰਕੇ ਖੱਤਰੀ, ਅਰੋੜੇ, ਮੋਚੀ, ਜੁਲਾਹੇ, ਆਦਿ ਐਨੇ ਬੇਈਮਾਨ ਅਤੇ ਬੇਸ਼ਰਮ ਹੋਏ ਹੋਏ ਸਨ ਕਿ ਇਹ ਕਹਾਵਤਾਂ ਮਸ਼ਹੂਰ ਸਨ:-

ਜਿਸ ਸੂਤ ਦਾ ਕੁਝ ਨਾ ਬਣੇ ਉਹਦਾ ਬਣੇ ਖੇਸ।
ਜਿਹਦੀ ਕੋਈ ਜਾਤ ਨਾ ਉਹ ਹੈ ਸ਼ੇਖ।

ਭਾਵ ਇਹ ਕਿ ਸ਼ੇਖ ਤੇ ਹਰਾਮੀ ਵਿਚ ਕੋਈ ਫਰਕ ਨਹੀਂ।

ਕਿੰਨੇ ਕੁ ਇਹ ਜਾਤ ਛੁਪਾਉਣੇ ਖੱਤਰੀ ਸ਼ੈਤਾਨ ਸਨ, ਫਿਰ ਕਹਿੰਦੇ ਹਨ:-

ਸ਼ੇਖ ਔਰ ਸ਼ੈਤਾਨ ਕਾ ਰੁਤਬਾ ਏਕ ਹੈ।
ਪਰ ਸ਼ੈਤਾਨ ਸ਼ੇਖ ਸੇ ਕਦਰੇ ਨੇਕ ਹੈ।

ਪਿੰਡਾਂ ਦੇ ਜੁਲਾਹੇ ਕਹਿੰਦੇ ਅਸੀਂ ਕੀਹਦੇ ਤੋਂ ਘਟ ਹਾਂ:-

ਪਹਿਲੇ ਥੇ ਹਮ ਨੀਮ ਜੁਲਾਹੇ ਫਿਰ ਬਣ ਗਏ ਹਮ ਦਰਜ਼ੀ।
ਚਲਤੇ ਫਿਰਤੇ ਸੱਯਦ ਬਣ ਗਏ ਅੱਗੇ ਅੱਲ੍ਹਾ ਦੀ ਮਰਜ਼ੀ।

ਭਾਵ ਕਿ ਸ਼ੈਤਾਨ ਲੋਕ ਆਪਣੀਆਂ ਜਾਤਾਂ ਛੁਪਾਉਣ ਲਗ ਪਏ ਅਤੇ ਜਦੋਂ ਖੱਤਰੀਆਂ ਨੇ ਵੇਖਿਆ ਕਿ ਜਣਾਂ-ਖਣਾਂ ਆਪਣੇ ਆਪ ਨੂੰ ਸ਼ੇਖ ਕਹਿ ਲਾਉਣ ਲਗ ਪਿਆ ਹੈ ਤਾਂ ਇਹਨਾਂ ਖੱਤਰੀ ਅਰੋੜਿਆਂ ਨੇ ਆਪਣੇ ਫਰਜ਼ੀ ਅਰਬਾਂ ਨਾਲ ਮਿਲਦੇ ਜਲਦੇ ਨਾਂਵਾਂ ਦੇ ਥੱਲੇ ਆਪਣੇ ਅਸਲੀ ਛਿੱਜਰੇ ਰੱਖੇ ਜਿਹੜੇ ਕਿ ਇਹ ਵਿਆਹ ਸ਼ਾਦੀ ਦੇ ਵੇਲੇ ਛਾਣ ਬੀਨ ਕਰਦੇ ਸਨ ਅਤੇ ਹੁਣ ਤਾਈਂ ਵੀ ਕਰਦੇ ਹਨ। ਇਹ ਲੋਕ ਆਪਣੀ ਪੁਰਾਣੀ ਖੱਤਰੀ ਮਰਿਆਦਾ ਅਨੁਸਾਰ ਹੀ ਰਿਸ਼ਤੇ ਕਰਦੇ ਹਨ।

ਉਮੀਦ ਹੈ ਕਿ ਹੁਣ ਤੁਹਾਨੂੰ ਉਸ ਸਮੇਂ ਦੀ ਝਲਕੀ ਸਮਝ ਵਿਚ ਆ ਗਈ ਹੋਵੇਗੀ ਅਤੇ ਇਹ ਲਾਲਚੀ ਕਰਾੜ ਖੱਤਰੀ ਆਦਿ ਮਹੰਤਾਂ ਨੂੰ ਸਹਾਰਨ ਪੁਰ ਉਬਲਦੇ ਤੇਲ ਵਿਚ ਲੂਹਣ ਦੇ ਬਾਵਜੂਦ ਵੀ ਇਹ ਕੁੱਤੇ ਦੀ ਪੂਛ ਵਾਂਗ ਆਪਣੀਆਂ ਆਦਤਾਂ ਤੋਂ ਬਾਜ਼ ਨਾ ਆਏ ਅਤੇ ਜਿਸ ਵੇਲੇ “ਇਕੀਜਾ” ਇਕ ਅੱਖ ਵਾਲਾ ਮਹਾਂ ਮੂਰਖ ਜੱਟ ਰਾਜਾ ਰਣਜੀਤ ਸਿੰਘ ਸੰਧੂ ਦਾ ਰਾਜ ਸੀ ਤਾਂ ਇਹਨਾਂ ਸ਼ੈਤਾਨ ਮੀਣੇ ਖੱਤਰੀਆਂ ਨੇ ਹਰਿਮੰਦਰ ਸਾਹਿਬ ’ਤੇ ਸੋਨੇ ਦੀ ਝਾਲ ਚੜਵ੍ਹਾ ਕੇ ਇਸ ਸਾਦਾ ਲੋਹ ਅਸਥਾਨ ਨੂੰ “ਹਰਿਮੰਦਰ” ਦੀ ਬਜਾਏ ਜਗਨ ਨਾਥ ਦੇ ਮੰਦਰ ਵਾਂਗ ਇਕ “ਹਰੀਮੰਦਰ” ਬਣਾ ਦਿੱਤਾ ਅਤੇ ਏਥੇ ਦੇ ਪੁਜਾਰੀ ਬਨਾਰਸ ਦੇ ਠੱਗਾਂ ਨਾਲੋਂ ਵੀ ਟੱਪ ਗਏ। ਭਾਵ ਕਿ ਇਹ ਸੱਤਿਗੁਰੂ ਤੇਗ਼ ਬਹਾਦਰ ਜੀ ਦੇ ਵਾਕ ਅਨੁਸਾਰ ਪੂਰੇ “ਅੰਤਰ ਦਿਲ ਦੇ ਸੜੀਏ” ਕਰਾੜ ਬਣ ਗਏ। ਜਿਵੇਂ ਬਾਬਾ ਬਕਾਲੇ ਬਾਈ ਸੋਢੀਆਂ ਨੇ ਭੋਲੇ ਭਾਲੇ ਪੇਂਡੂਆਂ ਨੂੰ ਲੁੱਟਿਆ ਸੀ ਓਸ ਤੋਂ ਕਿਤੇ ਵੱਧ ਏਥੇ ਅੰਮ੍ਰਿਤਸਰ ਇਨ੍ਹਾਂ ਖੱਤਰੀਆਂ ਨੇ ਲੁੱਟਣਾ ਸ਼ੁਰੂ ਕਰ ਦਿੱਤਾ ਹੈ।

ਹੁਣ ਮਿਡਲ ਈਸਟ ਵਿਚ ਈਸਾ ਜੀ ਨੂੰ ਧੋਖਾ ਦੇਣ ਵਾਲੇ ਜੁੱਡਾ ਇਸਕਿਰੀਓਟ ਨੂੰ ਈਸਾ ਜੀ ਨੇ “ਲਾਸਟ ਸੱਪਰ” ’ਤੇ ਲੱਖ ਲਾਹਨਤ ਪਾਈ ਸੀ ਅਤੇ ਉਸ ਨੂੰ ਆਪਣੇ ਰੋਟੀ ਤੋੜਨ ਅਤੇ ਸ਼ਰਾਬ ਪੀਣ ਵਾਲੀ ਅੰਮ੍ਰਿਤ ਛਕਾਉਣ ਦੀ ਰਸਮ ਵਿਚ ਭਾਗ ਨਹੀਂ ਸੀ ਲੈਣ ਦਿੱਤਾ ਅਤੇ ਉਸ ਨੂੰ ਕਿਹਾ ਕਿ ਤੂੰ ਹੁਣ ਆਪਣੀ ਕਾਰਵਾਈ ਕਰਨ ਲਈ ਇਥੋਂ

ਦੌੜ ਜਾਹ। ਪਰ ਜਦੋਂ ਈਸਾ ਜੀ ਦੀ ਬੇਇੱਜ਼ਤੀ ਕੀਤੀ ਗਈ ਅਤੇ ਉਹਨਾਂ ਨੂੰ ਮਾਰਿਆ ਗਿਆ ਤਾਂ ਉਸ ਨੂੰ ਲੋਕਾਂ ਦੀ ਲਖ ਲਾਹਨਤ ਨੇ ਹੀ ਏਨਾ ਸ਼ਰਮਸਾਰ ਕੀਤਾ ਕਿ ਉਸ ਨੇ ਰਿਸ਼ਵਤ ਦੀ ਮਾਇਆ (Blood money) ਟੈਂਪਲ ਜਾ ਕੇ ਸੁੱਟ ਦਿੱਤੀ ਅਤੇ ਖ਼ੁਦਕਸ਼ੀ ਕਰ ਕੇ ਆਪੇ ਹੀ ਮਰ ਗਿਆ ਸੀ। ਪਰ ਈਸਟ ਜਾਂ ਪੰਜਾਬ ਦੇ ਸ਼ੈਤਾਨਾਂ ਨੂੰ ਤਾਂ ਲੱਖ ਲਾਹਨਤ ਕੁਝ ਅਸਰ ਵੀ ਨਹੀਂ ਸੀ ਕਰਦੀ ਅਤੇ "ਲਾਤੋਂ ਕੇ ਭੂਤ ਬਾਤੋਂ ਸੇ ਨਹੀਂ ਮਾਨਤੇ" ਦੇ ਅਨੁਸਾਰ ਇਹਨਾਂ ਸ਼ੈਤਾਨਾਂ ਨੂੰ ਸੋਧਣ ਲਈ ਕਿਰਪਾਨ ਦੀ ਵਰਤੋਂ ਹੀ ਕਰਨੀ ਪਈ।

ਪਹਿਲੇ ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਨੇ ਵੀ ਕਿਰਪਾਨ ਵਾਹ ਕੇ ਦੱਸੀ ਸੀ ਪਰ ਇਹ ਢੀਠ ਸ਼ੈਤਾਨ ਬਿਲਕੁਲ ਹੀ ਨਾ ਸਮਝੇ ਅਤੇ ਇਸ ਲਈ ਚੌਥੇ ਅਤੇ ਆਖਰੀ ਅਵਤਾਰ ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ ਨੂੰ ਇਕ ਧਰਮ ਦੀ ਫੌਜ ਹੀ ਸਜਾਉਣੀ ਪਈ। ਇਸ ਤੀਸਰੇ ਖਾਲਸਾ ਪੰਥ ਦਾ ਵੇਰਵਾ ਇੰਜ ਹੈ।

ਹੁਣ ਪਹਿਲੇ ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਨੇ ਤੀਜੇ ਖਾਲਸਾ ਪੰਥ ਦੀ ਨੀਂਹ ਰੱਖੀ ਸੀ। ਇਹਨਾਂ ਦੀ ਪੈਦਾਇਸ਼ ਭਾਈ ਬੁੱਢਾ ਜੀ ਰੰਧਾਵਾ ਜੱਟ ਜੀ ਦੇ ਵਰ ਨਾਲ ਹੋਈ ਸੀ ਕਿਉਂਕਿ ਇਹ ਪਾਰ ਸ਼ਿਵ ਦੇ ਰੂਪ ਸਨ ਜਿਹੜੇ ਕਿ ਸ੍ਰੀ ਕ੍ਰਿਸ਼ਨ ਬਲਦੇਵ ਜੀ ਦੇ ਮਹਾਂ ਰੂਪ ਹੋਣ ਕਰਕੇ ਇਹਨਾਂ ਦੀ ਫੌਜ ਵੀ ਜੱਟ ਯਾਦਵ ਹੀ ਹੋਣੀ ਸੀ। ਹੋਰ ਜੱਟ ਕੌਮ ਦੇ ਲੋਕ ਗੰਗਾ ਨਦੀ ਜਿਹੜੀ ਕਿ ਸ਼ਿਵ ਜੀ ਦੀਆਂ ਜੱਟਾਂ ਵਿਚੋਂ ਨਿਕਲਦੀ ਹੈ ਦੇ ਰੂਹਾਨੀ ਭਾਈ ਹਨ। ਯਾਦ ਰੱਖੋ ਕਿ ਵੀਰ ਭੱਦਰ ਯਾਦਵ ਨੂੰ ਬਹਾਦਰੀ ਕਰਕੇ ਸ਼ਿਵ ਜੀ ਨੇ ਆਪਣੀ "ਜੱਟ", ਭਾਵ ਕਿ ਇਕ ਮਹਾਂ ਵੱਡਾ, ਦਾ ਸਰ ਨਾਮ ਦਿੱਤਾ ਹੋਇਆ ਸੀ। ਅਤੇ ਇਸ ਕਰਕੇ ਜੱਟ ਕੌਮ ਦੇ ਲੋਕ ਸ਼ਿਵ ਜੀ ਦੀ ਖ਼ਾਸ ਸੈਨਾ ਵੀ ਹਨ। ਇਸ ਕਰਕੇ ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਛੋਟੀ ਉਮਰ ਵਿਚ ਬਹੁਤ ਸਮਾਂ ਆਪਣੇ ਰੂਹਾਨੀ ਮਾਮੇ ਰੰਧਾਵੇ ਜੱਟ ਦੇ ਕੋਲ ਹੀ ਰਹੇ ਸਨ।

ਕਿਉਂਕਿ ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਨੇ ਸੱਤਿਗੁਰੂ ਅਰਜਨ ਦੇਵ ਜੀ ਦੀ ਭਗਤੀ ਮਾਰਗ ਤੋਂ ਸ਼ਿਵ ਸ਼ਕਤੀ ਮਾਰਗ ਦਾ ਕੰਮ ਸ਼ੁਰੂ ਕਰਨਾ ਸੀ ਇਸ ਲਈ ਹਿੰਦੂ ਮਰਿਆਦਾ ਦੇ ਅਨੁਸਾਰ ਜਿਵੇਂ ਕਿ ਇਕ ਆਸ਼ਰਮ ਤੋਂ ਦੂਜੇ ਆਸ਼ਰਮ ਵਿਚ ਪੈਰ ਰੱਖਣ ਵੇਲੇ ਸਿਰ ਦੇ ਵਾਲ ਕੱਟੀ ਦੇ ਹਨ ਇਵੇਂ ਹੀ ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਦੇ ਵੀ

ਵਾਲ ਕੱਟੇ ਸਨ ਅਤੇ ਇਸ ਬਾਰੇ ਮਕਿਲਾਉਡ ਨੇ ਦੱਸਿਆ ਹੈ ਕਿ ਜੋ ਤੁਕਾਂ ਬਾਣੀ ਵਿਚ ਰਾਮ ਕਲੀ ਮਹਲਾ ਪੰਜਵੇਂ ਵਿਚ ਸਨ ਉਹ ਮਿਟਾ ਦਿੱਤੀਆਂ ਗਈਆਂ ਹਨ ਕਿਉਂਕਿ ਇਹਨਾਂ ਸ਼ੈਤਾਨ ਖੱਤਰੀਆਂ ਨੇ ਹੁਣ ਸਿੱਖ, ਯਹੂਦੀਆਂ ਵਾਂਗ, ਤਨ ਦਾ ਬਣਾਉਣਾ ਸੀ ਨਾ ਕਿ ਮਨ ਦਾ। ਪ੍ਰੋਫੈਸਰ ਜੋਧ ਸਿੰਘ, ਗੰਗਾ ਸਿੰਘ ਅਤੇ ਤੇਜਾ ਸਿੰਘ ਜੀ ਨੇ ਕਰਤਾਰ ਪੁਰੀ ਬੀੜ ਦੀ ਛਾਣਬੀਣ ਕੀਤੀ ਸੀ ਅਤੇ ਇਹ ਸਿੱਟਾ ਕੱਢਿਆ ਕਿ ਕਾਫ਼ੀ ਸਫ਼ੇ ਤਾਂ ਬਿਲਕੁਲ ਹੀ ਸਾਫ ਕੀਤੇ ਹੋਏ ਹਨ ਅਤੇ ਕਈ ਜਗ੍ਹਾ ਤਾਂ ਰਸੌਂਤ ਨਾਲ ਬਾਣੀ ਬਦਲੀ ਹੋਈ ਹੈ।

ਭਾਈ ਜੋਧ ਸਿੰਘ ਜੀ ੨੦/੧੦/੧੯੬੬ ਨੂੰ ਲਿਖਦੇ ਹਨ:-

*"ਇਸ ਬੀੜ ਵਿਚ ੪੫੩ ਪੰਨੇ ਤਾਂ ਬਿਲਕੁਲ ਖਾਲੀ ਹਨ। ਕਈ ਪੰਨਿਆਂ 'ਤੇ ਉਪਰ ਜਾਂ ਹੇਠ ਕੁਝ ਥਾਂ ਖਾਲੀ ਛੱਡੀ ਹੋਈ ਹੈ। ਭਾਵ ੯੭੪ ਪਤ੍ਰਿਆਂ ਵਿਚੋਂ ਕੋਈ ੫੮੬/੨=੨੯੩ ਪਤ੍ਰੇ ਖਾਲੀ ਹਨ"।*

ਭਾਈ ਬੰਨੂ ਮਾਂਗਟ ਜੀ ਦੀ ਬੀੜ ਵਿਚ ਇਹ ਨਹੀਂ ਹੈ। ਭਾਵ ਇਹ ਕਿ ਅੱਜ-ਕੱਲ੍ਹ ਦੀਆਂ ਬੀੜਾਂ ਬਹੁਤ ਹੀ ਅੱਤ ਖਾਰੀਆਂ ਹਨ ਅਤੇ ਇਹਨਾਂ ਨੂੰ ਸੁਰਤੀ ਨਾਲ ਪੜ੍ਹਨਾ ਚਾਹੀਦਾ ਹੈ। ਯਾਦ ਰੱਖੋ ਕਿ ਧੁਰ ਦੀ ਬਾਣੀ ਲਿਖੀ ਨਹੀਂ ਜਾ ਸਕਦੀ ਅਤੇ "ਨਾਮ" ਅਕਾਲ ਪੁਰਖ ਦੀ ਕਿਰਪਾ ਨਾਲ "ਆਪਣੇ ਸੱਤਿਗੁਰੂ" ਰਾਹੀਂ ਹੀ ਮਿਲਦਾ ਹੈ। ਕੋਈ ਆਦਮੀ ਕਿਸੇ ਨੂੰ ਵੀ ਨਾਮ ਨਹੀਂ ਦੇ ਸਕਦਾ ਅਤੇ ਜੇ ਕੋਈ ਦਿੰਦਾ ਹੈ ਤਾਂ ਉਹ ਮਹਾਂ ਪਖੰਡੀ ਹੈ। ਰਾਧਾ ਸੁਆਮੀ ਆਦਿ ਇਹ ਸਭ ਪਖੰਡੀ ਗੁਰੂ ਹਨ। ਜਿਸ ਖੂਹ ਵਿਚ ਇਹ ਆਪ ਜਾਣਗੇ ਉਥੇ ਹੀ ਇਹਨਾਂ ਦੇ ਅੰਨ੍ਹੇ ਚੇਲੇ ਜਾਣਗੇ। ਯਾਦ ਰੱਖੋ ਕਿ ਇਹ ਸਮਾਂ ਹੈ:-

ਪਵਨ ਅਰੰਭ ਸੱਤਿਗੁਰ ਮੱਤ ਵੇਲਾ॥
ਸ਼ਬਦ ਗੁਰੂ ਸੁਰਤ ਧੁਨ ਚੇਲਾ॥

ਇਸ ਲਈ ਕਲਜੁਗ ਵਿਚ ਤੁਹਾਨੂੰ ਆਪਣੇ ਹੀ "ਅੰਤਰ ਸੱਤਿਗੁਰੂ" ਦੀ ਸਿੱਖਿਆ ਨਾਲ ਚਲਣਾ ਚਾਹੀਦਾ ਹੈ ਨਾ ਕਿ ਕਿਸੇ ਹੋਰ ਦੇ ਹੱਥ ਆਪਣੀ ਬੋਦੀ (ਲਗਾਮ) ਫੜਾ ਕੇ।

ਤੁਸੀਂ ਆਪਣਾ ਹਿਸਾਬ ਕਿਤਾਬ ਆਪ ਹੀ ਅਕਾਲ ਪੁਰਖ ਨੂੰ ਦੇਣਾ ਹੈ ਨਾ ਕਿ ਕਿਸੇ ਪਖੰਡੀਆਂ ਸਾਧ ਸੰਤਾਂ ਨੇ ਜਿਨ੍ਹਾਂ ਨੂੰ ਇਹ ਵੀ ਨਹੀਂ ਪਤਾ ਕਿ ਨਾਨਕ ਦੇਵ ਜੀ ਤਾਂ ਇਕ "ਸੱਤਿਗੁਰੂ" ਸਨ ਨਾ ਕਿ ਇਕ ਬ੍ਰਾਹਮਣ "ਗੁਰੂ"?

ਹੁਣ ਜਦੋਂ ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਨੂੰ ਤਖ਼ਤ 'ਤੇ ਬਿਠਾਇਆ ਗਿਆ ਤਾਂ ਭਾਈ ਬੁੱਢਾ ਜੀ ਨੇ ਪਹਿਲਾਂ "ਹਰਿ", ਭਾਵ ਕਿ "ਪੀਰੀ", ਦੇ ਨਾਂ 'ਤੇ "ਨਾਮ ਦਾ ਖੰਡਾ", ਤੇਗ਼, ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਦੇ ਸੱਜੇ ਪਾਸੇ ਪਾਇਆ ਸੀ ਅਤੇ ਸ਼ਿਵ ਜਾਂ "ਗੋਬਿੰਦ" ਦੇ ਨਾਂ "ਮੀਰੀ" ਦੀ "ਕਿਰਪਾਨ" ਖੱਬੇ ਪਾਸੇ ਪਾਈ ਸੀ। ਭਾਵ ਕਿ ਸ਼ਿਵ ਸ਼ਕਤੀ ਵਿਚ ਜ਼ਾਲਮਾਂ ਨੂੰ ਮਾਰਨ ਦਾ ਕੰਮ ਅਕਾਲ ਪੁਰਖ ਦੇ ਨਾਮ ਨੂੰ ਮੱਦੇ ਨਜ਼ਰ ਰੱਖ ਕੇ ਕਰੀ ਦਾ ਹੈ ਨਾ ਕਿ ਕਿਸੇ ਆਦਮੀ ਨੂੰ ਮੁੱਖ ਰੱਖ ਕੇ।

ਏਥੇ ਇਹ ਦੱਸਣਾ ਜਰੂਰੀ ਹੈ ਕਿ ਜਦ ਮੈਂ ਸਕੂਲ ਵਿਚ ਪੜ੍ਹਦਾ ਸੀ ਤਾਂ ਧਾਰਮਿਕ ਮਾਸਟਰ ਅਤੇ ਪ੍ਰਚਾਰਕ ਕਹਿੰਦੇ ਸਨ ਕਿ ਬਾਬਾ ਬੁੱਢਾ ਜੀ ਨੇ ਪਹਿਲਾਂ ਕਿਰਪਾਨ ਗ਼ਲਤੀ ਨਾਲ ਸੱਜੇ ਪਾਸੇ ਪਾ ਦਿੱਤੀ ਸੀ ਅਤੇ ਸੰਗਤਾਂ ਨੇ ਕਿਹਾ ਕਿ ਤੁਸੀਂ ਇਹ ਕਿਰਪਾਨ ਗ਼ਲਤ ਪਾ ਦਿੱਤੀ ਹੈ ਅਤੇ ਹੁਣ ਇਹ ਲਾਹ ਕਿ ਠੀਕ ਦੂਜੇ ਪਾਸੇ ਪਾ ਦਿਓ ਤਾਂ ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਨੇ ਕਿਹਾ ਕਿ ਨਹੀਂ ਇਸ ਨੂੰ ਵੀ ਰਹਿਣ ਦਿਓ ਅਤੇ ਇਕ ਹੋਰ ਦੂਜੀ ਦੂਜੇ ਪਾਸੇ ਪਾ ਦਿਓ ਅਤੇ ਕਿਹਾ ਕਿ ਇਕ "ਪੀਰੀ" ਦੀ ਹੋ ਗਈ ਤੇ ਦੂਜੀ "ਮੀਰੀ" ਦੀ। ਭਾਵ ਇਹ ਕਿ ਕਿਸੇ ਨੂੰ ਵੀ ਇਹ ਨਹੀਂ ਸੁੱਝੀ ਸੀ ਕਿ ਇਕ ਖੰਡਾ ਸੀ ਤੇ ਦੂਸਰੀ ਕਿਰਪਾਨ ਪਾਈ ਸੀ। ਇਸ ਤੋਂ ਵੱਧ ਕਿ ਬਾਬਾ ਬੁੱਢਾ ਜੀ ਤਾਂ ਇਕ ਬ੍ਰਹਮ ਗਿਆਨੀ ਸਨ ਅਤੇ ਉਹ ਕਿਵੇਂ ਗਲਤੀ ਕਰ ਸਕਦੇ ਸਨ? ਭਾਵ ਇਹ ਕਿ ਕੋਈ ਪੜ੍ਹਿਆ ਹੋਇਆ ਇਸ ਉੱਤੇ ਵਿਚਾਰ ਨਾ ਕਰ ਸਕਿਆ। ਸੱਤਿਗੁਰੂ ਤੇਗ਼ ਬਹਾਦਰ ਜੀ ਨੇ ਇਸ ਲਈ ਕਿਹਾ ਸੀ, "ਕੋਟੋਂ ਮੈਂ ਏਕ" ਬਾਣੀ ਦੀ ਸਮਝ ਪਾਏਗਾ ਅਤੇ ਮਸੀਹ ਈਸਾ ਜੀ ਨੇ ਕਿਹਾ ਸੀ ਹਜ਼ਾਰ ਵਿਚੋਂ ਇਕ ਅਤੇ ਦਸ ਹਜ਼ਾਰਾਂ ਵਿਚੋਂ ਦੋ ਬਾਣੀ ਦੀ ਸਮਝ ਪਾਉਣਗੇ।

ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਨੇ ਆਪਣੀ ਫੌਜ ਤਿਆਰ ਕੀਤੀ ਜਿਸ ਵਿਚ ਜਿਨ੍ਹਾਂ ਲੋਕਾਂ ਨੇ ਪੈਸੇ ਮੰਗੇ ਤਾਂ ਉਹਨਾਂ ਨੂੰ ਪੈਸੇ ਦੇ ਕੇ ਰੱਖਿਆ ਅਤੇ ਯੁੱਧਾਂ ਵੇਲੇ ਪਿੰਡਾਂ ਵਿਚੋਂ ਲੋਕਾਂ ਨੂੰ ਸੱਦ ਲੈਣਾ ਅਤੇ ਯੁੱਧ ਖਤਮ ਹੋਏ ਤੇ ਉਹਨਾਂ ਨੂੰ ਜਿਸ ਨੇ ਮਾਇਆ ਮੰਗੀ ਦੇ

ਕੇ ਖੁਸ਼ ਕਰਕੇ ਤੋਰ ਦੇਣਾ। ਭਾਵ ਇਹ ਕਿ ਇਹਨਾਂ ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਦੀ ਫੌਜ ''ਉਪਕਾਰੀ'' ਸੀ ਨਾ ਕਿ ''ਪਰਉਪਕਾਰੀ'' ਜਿਵੇਂ ਕਿ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਹੁੰਦੇ ਹਨ।

ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਨੇ ''ਹਰਿ ਜਾਂ ਪੀਰੀ'' ਦੇ ਸਬੰਧ ਵਿਚ ਚੌਥੇ ਬ੍ਰਾਹਮਣ ਵਰਨ ਸਬੰਧੀ ''ਅਕਾਲ ਤਖ਼ਤ'' ਵੀ ਬਣਵਾਇਆ ਜਿੱਥੇ ਉਹ ਆਪਣਾ ਦਰਬਾਰ ਲਾਉਂਦੇ ਸਨ ਅਤੇ ਲੋਕਾਂ ਦਾ ਇਨਸਾਫ ਕਰਦੇ ਅਤੇ ਗਿਆਨੀਆਂ ਨਾਲ ਗਿਆਨ ਗੋਸ਼ਟ ਵੀ ਕਰਦੇ ਸਨ।

ਜਿਵੇਂ ''ਉਪਕਾਰ'' ਪਰਉਪਕਾਰ ਦੀ ਬੁਨਿਆਦ ਹੈ ਇਵੇਂ ਹੀ ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਦੀ ਬੁਨਿਆਦ ਸਨ। ਹੁਣ ਖਾਲਸਾ ਪੰਥ ਦੇ ਸਜਾਉਣ ਦਾ ਵੇਰਵਾ ਸੁਣੋ।

ਪਹਿਲਾਂ ਮੂਰਖ ਪਹਾੜੀ ਰਾਜੇ ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ ਨਾਲ ਈਰਖਾ ਕਰਦੇ ਸਨ ਅਤੇ ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ ਨਾਲ ਝੜਪਾਂ ਵਿਚ ਹਾਰ ਕੇ ਬੜੇ ਸ਼ਰਮਸਾਰ ਹੁੰਦੇ ਸਨ ਕਿ ਇਕ ਛੋਟੀ ਜਿਹੀ ਫੌਜ ਨੇ ਹਰਾ ਦਿੱਤਾ। ਦੂਜੇ ਪਾਸੇ ਤੁਰਕੂ ਬਾਦਸ਼ਾਹ ਔਰੰਗਜ਼ੇਬ ਅਤੇ ਮੁੱਲਾਂ ਨੂੰ ਵੀ ਫਿਕਰ ਲੱਗ ਗਿਆ ਕਿ ਹੁਣ ਕਿਤੇ ਸਾਡੀ ਸ਼ਾਮਤ ਵੀ ਨਾ ਆ ਜਾਵੇ। ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ ਦੀ ਤਾਂ ਕਿਸੇ ਨਾਲ ਦੁਸ਼ਮਣੀ ਨਹੀਂ ਸੀ ਪਰ ਉਹ ਤਾਂ ਹਾਕਮਾਂ ਦੀ ਬੇਇਨਸਾਫ਼ੀ ਦੇ ਵਿਰੁੱਧ ਲੜਦੇ ਸਨ।

ਤਾਂ ਫਿਰ ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ ਨੇ ਵਿਸਾਖੀ ਦੇ ਦਿਨ ਇਕ ਭਾਰੀ ਇਕੱਠ ਕੀਤਾ ਅਤੇ ਆਖਿਆ ਕਿ ਧਰਮ ਯੁੱਧ ਲਈ ਹੁਣ ਤਨਾਂ ਦੀ ਕੁਰਬਾਨੀ ਦੀ ਲੋੜ ਹੈ। ਯਾਦ ਰਹੇ ਕਿ ਵਿਸ਼ਨੂੰ ਦੀ ਸ਼ਕਤੀ ਦੁਰਗਾ ਕਿਸੇ ਜੀਵ ਨੂੰ ਮਾਰ ਕੇ ਖੁਸ਼ ਨਹੀਂ ਹੁੰਦੀ ਜਿਵੇਂ ਕਿ ਸ਼ਿਵ ਦੀ ਸ਼ਕਤੀ ਕਾਲੀ ਖੂਨ ਪੀ ਕੇ ਖੁਸ਼ ਹੁੰਦੀ ਹੈ ਕਿਉਂਕਿ ਸ਼ਿਵ ਦੇ ਕੰਮ ਵਿਚ ਦੁਖ ਦੇਣ ਵਾਲੇ ਅਧਰਮੀ ਲੋਕਾਂ ਨੂੰ ਮਾਰਨਾ ਹੀ ਪੈਂਦਾ ਹੈ। ਇਸੇ ਲਈ ਲੋਕ ਕਾਲੀ ਮਾਤਾ ਨੂੰ ਖੁਸ਼ ਕਰਨ ਲਈ ਜਾਨਵਰ ਦੀ ਕੁਰਬਾਨੀ ਦਿੰਦੇ ਹਨ ਅਤੇ ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ ਨੇ ਸਭ ਤੋਂ ਵੱਡੀ ਆਦਮੀਆਂ ਦੀ ਕੁਰਬਾਨੀ ਲਈ ਮੰਗ ਕੀਤੀ।

ਹੁਣ ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ ਨੇ ਪੰਜ ਦੀ ਕੁਰਬਾਨੀ ਨਾਲ ਤੀਸਰੇ ਖਾਲਸਾ ਪੰਥ ਨੂੰ ਜਾਗ ਲਾਇਆ ਸੀ। ਇਹ ਪੰਜ ਉਹਨਾਂ ਵਿਚੋਂ ਸਨ ਜਿਨ੍ਹਾਂ ਨੂੰ ਅਕਾਲ ਪੁਰਖ ’ਤੇ ਭਰੋਸਾ ਸੀ ਪਰ ਜਿਨ੍ਹਾਂ ਨੂੰ ਭਰੋਸਾ ਨਹੀਂ ਸੀ ਜਾਂ ਮੂਰਖ ਸਨ ਉਹ ਖੂਨ ਦੀਆਂ ਧਾਰਾਂ ਦੇਖ ਕੇ ਦੀਵਾਨ ਛੱਡ ਕੇ ਘਰਾਂ ਨੂੰ ਦੌੜ ਗਏ ਸਨ। ਇਸ ਲਈ ਸੁਰਤੀ ਵਾਲੀਆਂ ਸੰਗਤਾਂ ਬੈਠੀਆਂ ਰਹੀਆਂ ਸਨ।

ਹੁਣ ਕਈ ਕਹਿੰਦੇ ਹਨ ਕਿ ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ ਨੇ ਉਹਨਾਂ ਪੰਜਾਂ ਦੇ ਸਿਰ ਧੜ ਨਾਲੋਂ ਜੁਦਾ ਨਹੀਂ ਸਨ ਕੀਤੇ ਬਲਕਿ ਬੱਕਰੇ ਵੱਡੇ ਸਨ। ਇਹ ਗਲ ਗਲਤ ਹੈ। ਜੇ ਉਹਨਾਂ ਨੇ ਐਦਾਂ ਕੀਤਾ ਹੁੰਦਾ ਤਾਂ ਔਰੰਗਜ਼ੇਬ ਦੇ ਖ਼ੁਫ਼ੀਆ ਸਿਪਾਹੀਆਂ ਨੇ ਰੌਲਾ ਪਾ ਦੇਣਾ ਸੀ। ਪਰ ਇਹ ਅਕਾਲ ਪੁਰਖ ਦੇ ਰੂਪ ਹੋਣ ਕਰਕੇ ਮੂੱਖੋਂ ਸਤ ਹੀ ਬੋਲਦੇ ਸਨ ਨਾਕਿ ਸ਼ੈਤਾਨ ਦਾ ਕੂੜ। ਸਿਰ ਸਰੀਰ ਨਾਲੋਂ ਲਾਹੇ ਸਨ ਅਤੇ ਫਿਰ ਇਹਨਾਂ ਨੂੰ ਪਾਣੀ ਦਾ ਛਿੱਟਾ "ਸਤਿਨਾਮ" ਕਹਿ ਕੇ ਸੁਰਜੀਤ ਕੀਤੇ ਸਨ ਜਿਵੇਂ ਕਿ ਜੈਨੀਆਂ ਦੇ ਮੰਦਰ ਵਿਚ ਮਰੇ ਕਬੂਤਰ ਸੁਰਜੀਤ ਕੀਤੇ ਸਨ। ਇਸ ਦਾ ਇਹ ਭਾਵ ਸੀ ਕਿ ਕੁਰਬਾਨੀ ਦੇਣ ਨਾਲ ਲੋਕਾਂ ਦਾ ਦੁਨੀਆਵੀ ਤਨਾਂ ਦਾ ਸਬੰਧ ਜਿਸ ਵਿਚ ਸਰੀਰ ਦੀ ਜਾਤ ਅਤੇ ਬਾਲ ਬੱਚੇ ਆਦਿ ਆਉਂਦੇ ਹੁੰਦੇ ਹਨ ਤੋਂ ਆਦਮੀ ਰਹਿਤ ਹੋ ਜਾਂਦਾ ਹੈ ਜਿਵੇਂ ਕਿ ਆਦਮੀ ਮਰਨ ਤੇ ਅਤੇ ਉਹ ਸਿਰਫ਼ ਅਕਾਲ ਪੁਰਖ ਦਾ ਹੀ ਪੁੱਤਰ ਬਣ ਜਾਂਦਾ ਹੈ। ਇਸ ਲਈ ਖ਼ਾਲਸਿਆਂ ਵਿਚ ਕੋਈ ਦੁਨੀਆਵੀ ਜਾਤਾਂ ਜਾਂ ਮੁਲਕਾਂ ਦਾ ਭੇਦ ਨਹੀਂ ਹੁੰਦਾ ਅਤੇ ਉਹ ਹਰਿ ਇਕ ਨਾਲ ਇਕੋ ਜਿਹਾ ਵਰਤਾਓ ਕਰਦੇ ਹਨ। ਜਿਦਾਂ ਦਾ ਪਿਓ ਅਕਾਲ ਪੁਰਖ ਤਿਵੇਂ ਦੇ ਹੀ ਕਾਲ ਤੋਂ ਰਹਿਤ ਅਮਰ ਪੁੱਤਰ ਹੋਣ ਕਰਕੇ ਖ਼ਾਲਸੇ, ਸੁਰਤੀ ਵਾਲੀ ਮਾਈ ਭਾਗੋ ਜੀ ਦਾ ਮੂਰਖ ਚਾਲੀ ਮੁਕਤਿਆਂ ਨੂੰ ਲਾਹਨਤ ਪਾਉਣ ਅਨੁਸਾਰ, "ਮੁਕਤ ਦਾਨ" ਵੀ ਪਾ ਜਾਂਦੇ ਹਨ। ਇਸ ਕਰਾਮਾਤ ਨਾਲ ਇਕੀਜੇ ਅਤੇ ਛੱਕੀ ਲੋਕਾਂ ਨੂੰ ਵੀ ਪਤਾ ਲਗ ਗਿਆ ਕਿ ਖਾਲਸਾ ਬਣ ਕੇ ਆਦਮੀ ਮੁਕਤੀ ਪਾ ਜਾਂਦਾ ਹੈ।

ਕਿਉਂਕਿ ਖ਼ਾਲਸੇ ਸ਼ੇਰਾਂ ਵਾਂਗ ਲੜਦੇ ਹਨ, ਇਸ ਕਰਕੇ ਇਸ ਅਕਾਲ ਪੁਰਖ ਦੀ ਫੌਜ ਨੂੰ "ਸਿੰਘ" ਕਹਿ ਕੇ ਸੱਦਿਆ। ਅਕਾਲ ਪੁਰਖ ਦੀ ਸ਼ਕਤੀ "ਮਹਾਂ ਦੇਵਨ, ਸਾਹਿਬ ਦੇਵਨ ਜਾਂ ਹੋਲੀ ਸਪਿਰਿਟ ਹੁੰਦੀ ਹੈ ਇਸ ਲਈ ਇਹਨਾਂ ਦੀ ਮਾਂ ਵੀ ਸਾਹਿਬ ਦੇਵਾਂ ਸੀ। ਇਹੋ ਹੀ ਮਾਤ ਪਿੱਤਾ ਈਸਾ ਜੀ ਦੇ ਸਨ ਅਤੇ ਮਰੀਅਮ ਤਾਂ ਇਕ ਜ਼ਰੀਆ

(Medium) "ਔਰਤ" ਸੀ ਜਿਸ ਨਾਲ "ਨਾਮ" ਨੇ "ਈਸਾ" ਨਾਂ ਦਾ ਜਿਸਮ ਇਖਤਿਆਰ ਕੀਤਾ ਸੀ।

ਫਿਰ ਜਿਹੜਾ ਸਰੀਰ 'ਤੇ ਲਗਦਾ ਹੈ ਰੂਹਾਂ ਤੇ ਉਲਟ ਲਗਦਾ ਹੈ। ਸਰੀਰ ਦੀ ਔਲਾਦ ਗ੍ਰਹਿਸਤ ਵਿਚ ਬੱਚੇ ਪੈਦਾ ਕਰਕੇ ਹੁੰਦੀ ਹੈ ਪਰ ਇਹ ਰੂਹਾਨੀ ਔਲਾਦ ਅਕਾਲ ਪੁਰਖ ਅਤੇ ਸਾਹਿਬ ਦੇਵਨ ਵਿਚ ਬਗ਼ੈਰ ਗ੍ਰਹਿਸਤ ਕੀਤੇ ਬੇਸ਼ੁਮਾਰ ਹੁੰਦੀ ਹੈ।

ਇਹ ਅੰਮ੍ਰਿਤ ਇੰਜ ਤਿਆਰ ਕੀਤਾ ਗਿਆ ਸੀ:-

ਪਾਣੀ "ਸਤਲੁਜ" ਦਰਿਆ ਦਾ ਸੀ ਕਿ ਖ਼ਾਲਸੇ "ਸੱਤਿ, ਦੋ ਧਾਰੀ ਖੰਡੇ, ਤੇਗ਼, ਦੀ ਲਾਜ", ਕਿਰਪਾਨ ਨਾਲ ਰੱਖਣਗੇ, ☬, ਅਤੇ ਇਸ ਨੂੰ ਲੋਹੇ ਦੇ ਬਾਟੇ (ਸਰੀਰ) ਵਿਚ ਪਾਇਆ ਸੀ ਕਿ ਖ਼ਾਲਸੇ ਲੋਹੇ ਦੇ ਆਦਮੀਆਂ ਵਾਂਗ ਲੜਨਗੇ ਨਾ ਕਿ ਤਨਖ਼ਾਹੀਏ ਬਾਦਸ਼ਾਹਾਂ ਦੇ ਫੌਜੀਆਂ ਵਾਂਗ ਜਿਹੜੇ ਕਿ ਆਪਣੀ ਜਾਨ ਦੀ ਖਾਤਰ ਜੰਗ ਦਾ ਮੈਦਾਨ ਵੀ ਛੱਡ ਜਾਂਦੇ ਹਨ ਜਿਵੇਂ ਕਿ ਉਹ ਭਾੜੇ ਦੇ ਟੱਟੂ ਪਠਾਣਾਂ ਨੇ ਕੀਤੀ ਸੀ ਤੇ ਪੀਰ ਬੁੱਧੂ ਸ਼ਾਹ ਪਠਾਣ ਨੇ ਆਪਣੇ ਪੁੱਤਰ ਅਤੇ ਸਾਥੀ ਕੁਰਬਾਨ ਕੀਤੇ ਸਨ ਅਤੇ ਜਦੋਂ ਉਸ "ਬੁੱਧੂ ਸ਼ਾਹ ਜੀ" ਨੂੰ ਮੰਗ ਮੰਗਣ ਲਈ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਨੇ ਕਿਹਾ ਤਾਂ ਉਸ ਨੇ ਕੋਈ ਦੁਨਿਆਵੀ ਮੰਗ ਨਹੀਂ ਸੀ ਮੰਗੀ ਪਰ ਸਾਰੀਆਂ ਮੰਗਾਂ ਤੋਂ ਉੱਤਮ ਮੰਗ "ਕੰਘਾ ਵਾਲਾਂ ਦੇ ਸਮੇਤ" ਮੰਗੀ। ਸਿਰ ਦੇ ਵਾਲ ਸਭਨਾਂ ਤੋਂ ਉਪਰ ਹੋਣ ਕਰਕੇ ਇਹ ਬੜੇ "ਸੱਤਿ ਮਾਨ" ਵਾਲੇ ਹੁੰਦੇ ਹਨ ਅਤੇ ਇਸੇ ਲਈ ਮਸ਼ਹੂਰ ਹੈ ਕਿ ਉਸ ਆਦਮੀ ਨੇ ਮੇਰਾ ਏਨਾ ਮਾਨ ਕੀਤਾ ਕਿ ਮੈਨੂੰ ਆਪਣੇ ਸਿਰ 'ਤੇ ਬਿਠਾਇਆ ਜਾਂ ਚੁੱਕਿਆ। ਇਸੇ ਤਰ੍ਹਾਂ ਹੀ ਮੇਰੀ ਮਿਗਡਾਲਨ ਨੇ ਦੁਨੀਆ ਵਿਚ ਪਹਿਲੇ ਆਏ ਸੱਤਿਗੁਰੂ ਈਸਾ ਜੀ ਦੇ ਪੈਰ ਆਪਣੇ ਹੰਝੂਆਂ ਨਾਲ ਧੋ ਕੇ ਆਪਣੇ ਸਿਰ ਦੇ ਵਾਲਾਂ ਨਾਲ ਸੁਕਾਏ ਸਨ। ਭਾਵ ਇਹ ਕਿ ਬੁੱਧੂ ਸ਼ਾਹ ਨਾਂ ਦਾ "ਬੁੱਧੂ" ਸੀ ਪਰ ਅਕਲ ਦਾ ਸਭ ਤੋਂ ਹੀ ਵੱਡਾ ਨਿਕਲਿਆ ਕਿਉਂਕਿ ਐਦਾਂ ਦੀ ਰੂਹਾਨੀ ਮੰਗ ਤਾਂ ਹੋਰ ਕਿਸੇ ਨੇ ਵੀ ਨਹੀਂ ਸੀ ਮੰਗੀ ਅਤੇ ਉਹ ਦੁਨਿਆਵੀ ਜ਼ਮੀਨਾਂ ਆਦਿ ਦੀਆਂ ਹੀ ਮੰਗਾਂ ਮੰਗਦੇ ਰਹੇ। ਇਸ ਲਈ "ਲੋਹ ਗੜ੍ਹ" ਕਿਲੇ ਦੇ ਫੌਜੀ ਵੀ ਲੋਹੇ ਵਾਂਗ ਪੱਕੇ ਲੜਾਕੇ ਫੌਜੀ ਹੁੰਦੇ ਸਨ।

ਫਿਰ ਮਾਤਾ “ਸਾਹਿਬ ਦੇਵਾਂ” ਜੀ ਨੇ ਪਤਾਸੇ ਪਾ ਕੇ ਇਸ ਪਾਣੀ ਨੂੰ ਮਿੱਠਾ ਕੀਤਾ ਤਾਂ ਕਿ ਤੁਸੀਂ ਆਪਣੀ ਸੁਰਤੀ ਨਾਲ ਇਕ ਦੂਜੇ ਨਾਲ ਐਨਾ ਪਿਆਰ ਕਰੋ ਜਿਵੇਂ ਕਿ ਇਕ ਸੱਤੇ (ਰੂਹਾਨੀ ਪਿਓ ਸੱਤਿ ਹੈ) ਪਿਓ ਅਕਾਲ ਪੁਰਖ ਦੇ ਪੁੱਤਰ ਇਕ ਦੂਜੇ ਨਾਲ ਸੱਚਾ ਪਿਆਰ ਕਰਦੇ ਹਨ। ਇਸ ਪਿਆਰ ਨੂੰ ਬਾਈਬਲ ਵਿਚ "ਅਗੇਪ (Agape)" ਕਹਿੰਦੇ ਹਨ। ਯਾਦ ਰੱਖੋ ਕਿ ਖ਼ਾਲਸੇ ਵਿਚ ਉਸ ਦੀ ਆਪਣੀ “ਸੁਰਤੀ” ਹੀ “ਸਾਹਿਬ” ਹੁੰਦੀ ਹੈ ਅਤੇ ਉਹ ਕਿਸੇ ਦੇ ਲਾਈ ਲੱਗ ਨਹੀਂ ਲਗਦਾ। ਬਾਈਬਲ ਵਿਚ ਸੁਰਤੀ ਨੂੰ “ਹੋਲੀ ਸਪਿਰਿਟ” ਕਹਿੰਦੇ ਹਨ ਅਤੇ ਜਿੱਥੇ ਗਾਡ ਜਾਂ ਅਕਾਲ ਪੁਰਖ ਪਿਓ ਹੁੰਦਾ ਹੈ ਉਥੇ ਹੋਲੀ ਸਪਿਰਿਟ ਮਾਂ ਜਾਂ ਸ਼ਕਤੀ ਹੁੰਦੀ ਹੈ। ਇਸ ਲਈ ਜਿੱਥੇ ਸਾਹਿਬ ਦੇਵਾਂ, ਸਾਰੀਆਂ ਦੇਵੀਆਂ (ਸ਼ਕਤੀਆਂ) ਦੀ ਸਰਤਾਜ, ਖ਼ਾਲਸੇ ਦੀ ਮਾਂ ਹੈ ਉਥੇ ਹੀ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ, ਅਕਾਲ ਪੁਰਖ ਦਾ ਰੂਪ, ਖ਼ਾਲਸੇ ਦੇ ਪਿਤਾ ਹਨ।

ਜਬ ਲੱਗ ਖਾਲਸਾ ਰਹੇ ਨਿਆਰਾ॥
ਤਬ ਲੱਗ ਤੇਜ ਦੀਉ ਮੈਂ ਸਾਰਾ॥
ਜਬ ਇਹ ਗਹਿ ਬਿਪਰੱਣ ਕੀ ਰੀਤ॥
ਮੈਂ ਨਾ ਕਰੂੰ ਇਨ ਕੀ ਪ੍ਰਤੀਤ॥

ਹੁਣ ਪੰਜ ਕਿਉਂ ਚੁਣੇ ਸਨ? ਇਨਸਾਨ ਦੇ ਮਨ ਦੇ ਪੰਜ ਚੋਰ ਹਨ: ਕਾਮ (ਸਰੀਰ ਸਬੰਧੀ), ਕਰੋਧ (ਹਉਮੈਂ ਸਬੰਧੀ), ਲੋਭ (ਮਨ ਸਬੰਧੀ), ਮੋਹ (ਬੁੱਧੀ ਸਬੰਧੀ) ਅਤੇ ਹੰਕਾਰ (ਗਿਆਨ ਸਬੰਧੀ)। ਪਰ ਜਦੋਂ ਇਹਨਾਂ ਪੰਜਾਂ ’ਤੇ ਕਾਬੂ ਪਾਇਆ ਜਾਏ ਤਾਂ ਹੀ ਫਿਰ ਮਨ ਪਵਿੱਤਰ ਜਾਂ “ਖਾਲਸ” ਹੁੰਦਾ ਹੈ। ਇਸ ਦੀ ਮਿਸਾਲ ਬਾਈਬਲ ਵਿਚ ਜੌਨ ੪ ਵਿਚ ਇਕ ਸੱਮੇਰੀਟਨ ਔਰਤ ਦੀ ਹੈ ਜਿਹੜੀ ਕਿ ਈਸਾ ਜੀ ਨੂੰ ਖੂਹ ’ਤੇ ਮਿਲੀ ਸੀ ਅਤੇ ਉਹਨਾਂ ਨਾਲ ਡੂੰਘੀਆਂ ਗਿਆਨ ਦੀਆਂ ਗੱਲਾਂ ਕੀਤੀਆਂ ਸਨ। ਉਹ ਬੜੀ ਗਿਆਨ ਵਾਲੀ ਔਰਤ ਸੀ ਅਤੇ ਕਹਿੰਦੀ ਕਿ ਜਦੋਂ ਕ੍ਰਾਈਸਟ ਆਵੇਗਾ ਉਹ ਸਾਨੂੰ ਸਾਰਾ ਗਿਆਨ ਖੋਲ੍ਹ ਕੇ ਦੇਵੇਗਾ। ਤਾਂ ਫਿਰ ਈਸਾ ਜੀ ਨੇ ਦੱਸਿਆ ਕਿ ਉਹ ਮੈਂ ਹੀ ਹਾਂ। ਇਹ ਸੁਣ ਕੇ ਉਹ ਬੇਹੱਦ ਖੁਸ਼ ਹੋਈ ਅਤੇ ਈਸਾ ਜੀ ਨੇ ਕਿਹਾ ਕਿ ਤੇਰੇ ਪੰਜ ਖਸਮ ਸਨ ਪਰ ਉਹ ਤੇਰੇ ਨਾਲ ਰਹਿੰਦੇ ਹਨ ਪਰ ਫਿਰ ਵੀ ਉਹ ਤੇਰੇ ਖਸਮ ਨਹੀਂ ਹਨ। ਭਾਵ ਕਿ ਉਸਨੇ ਮਨ ਦੇ ਇਹਨਾਂ ਪੰਜਾਂ ਚੋਰਾਂ ਨੂੰ ਵਸ ਵਿਚ ਕੀਤਾ ਹੋਇਆ ਸੀ ਅਤੇ ਉਹ ਮਨ ਦੀ “ਖਾਲਸ” ਸੀ। ਹੁਣ ਮਨ ਦੇ ਅੰਨ੍ਹੇ ਕਿਤਾਬੀ ਕੀੜੇ (ਅਗਿਆਨੀ) ਇਸ ਔਰਤ ਨੂੰ

ਇਕ "ਕੰਜਰੀ" ਦੱਸਦੇ ਹਨ। ਪਰ ਰੂਸ ਦੇ ਇਕ ਪਾਦਰੀ ਨੇ ਇਸ ਦੇ ਪਰਚਾਰ ਅਤੇ ਰੋਮਨ ਦੇ ਸ਼ਹਿਨਸ਼ਾਹ ਨੀਰੋ ਨੇ ਇਸ ਭਗਤਣ ਨੂੰ ਕਿਸ ਬੇਰਹਿਮੀ ਨਾਲ ਮਾਰਿਆ ਸੀ ਖੋਲ੍ਹ ਕੇ ਦੱਸਿਆ ਹੈ।

ਭਾਵ ਇਹ ਕਿ ਪਾਰ ਸ਼ਿਵ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਦੀ ਸੈਨਾ ਵਿਚ ਉਹੀ ਦੂਜੇ ਸਿੱਖ ਪੰਥ ਦੇ ਲੋਕ ਭਰਤੀ ਹੋ ਸਕਦੇ ਹਨ ਜਿਹੜੇ ਕਿ ਮਨ ਦੇ ਸਾਫ ਅਤੇ ਪਵਿੱਤਰ ਹੋਣਗੇ। ਐਦਾਂ ਦੇ ਹੀ "ਖਾਲਸ" ਆਦਮੀ ਅਕਾਲ ਪੁਰਖ ਦੀ ਦਿਲੋਂ ਲਾ ਕੇ ਸੇਵਾ ਕਰ ਸਕਦੇ ਹਨ ਅਤੇ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਨੇ ਆਪਣੀ ਫੌਜ ਜਾਂ ਸੈਨਾ ਦਾ ਨਾਂ ਵੀ "ਖਾਲਸਾ" ਹੀ ਰੱਖਿਆ ਸੀ।

ਪੰਜਾਂ ਨੂੰ ਅੰਮ੍ਰਿਤ ਛਕਾਉਣ ਦੇ ਬਾਦ ਉਹਨਾਂ ਨੂੰ "ਸਿੰਘ" ਜਾਂ ਸ਼ੇਰ ਸੱਦਿਆ ਅਤੇ ਸਰੀਰ ਦੀ ਜਾਤ ਜਿਹੜੀ ਕਿ ਦੁਨਿਆਵੀ ਲੋਕਾਂ ਦੀ "ਜਨਮ" ਸਬੰਧੀ ਹੁੰਦੀ ਹੈ ਫਿਰ ਅਕਾਲ ਪੁਰਖ ਦੇ ਪੁੱਤਰ ਬਣਨ ਬਾਦ ਇਹ ਜਾਤ "ਕਰਮ" ਸਬੰਧੀ ਹੋ ਜਾਂਦੀ ਹੈ। ਇਸ ਲਈ ਖ਼ਾਲਸਿਆਂ ਵਿਚ "ਮਾਣਸ ਕੀ ਜਾਤ ਇਕ" ਹੁੰਦੀ ਹੈ ਅਤੇ ਉਹ ਹਰ ਇਕ ਨਾਲ ਇਕੋ ਜਿਹਾ ਵਰਤਾਓ ਕਰਦੇ ਹਨ ਭਾਵੇਂ ਉਹ ਜਾਤ ਦਾ ਜੱਟ, ਤਰਖਾਣ, ਲੁਹਾਰ, ਚਮਿਆਰ, ਮੁਗ਼ਲ, ਪਠਾਣ, ਆਦਿ ਹੋਵੇ।

ਹੁਣ ਮੂਰਖ ਖ਼ਾਲਸੇ ਨਹੀਂ ਬਣ ਸਕਦੇ ਅਤੇ ਸਿਰਫ਼ ਸੁਰਤੀ ਵਾਲੇ ਸਿਆਣੇ ਹੀ ਬਣ ਸਕਦੇ ਹਨ। ਇਸ ਕਰਕੇ "ਸੌ ਸਿਆਣਿਆਂ ਇਕ ਮੱਤ ਮੂਰਖ ਆਪੋ ਆਪਣੀ" ਦੇ ਅਨੁਸਾਰ ਇਹਨਾਂ ਖ਼ਾਲਸਿਆਂ ਦੀ ਇਕ ਰਾਏ ਹੁੰਦੀ ਹੈ ਭਾਵੇਂ ਇਹ ਆਪਣੀ ਹੀ ਸੁਰਤੀ ਦੇ ਅਨੁਸਾਰ ਚਲਦੇ ਹਨ। ਕਿਉਂਕਿ ਖਾਲਸਾ ਕਿਸੇ ਦੇ ਵੀ ਅਧੀਨ ਨਹੀਂ ਹੁੰਦਾ ਇਸ ਲਈ ਇਹਨਾਂ ਦਾ ਖਿਤਾਬ ਹੈ "ਸਰਦਾਰ ਜੀ"। ਭਾਵ ਇਹ ਕਿ ਖਾਲਸਾ ਬਣਨ ਤੋਂ ਬਾਦ ਚੌਧਰੀ, ਲਾਲਾ, ਰਾਜਾ, ਪਰਜਾਪਤ, ਆਦਿ ਕੌਮਾਂ ਸਬੰਧੀ ਖਿਤਾਬ ਉੱਡ ਜਾਂਦੇ ਹਨ।

ਫਿਰ ਖ਼ਾਲਸੇ ਦਾ ਦਿਲ ਸਾਫ ਹੋਣ ਕਰਕੇ ਇਹਨਾਂ ਦੇ ਦਿਲਾਂ ਵਿਚ "ਸੱਤਿਗੁਰੂ" ਦਾ ਵਾਸਾ ਹੁੰਦਾ ਹੈ। ਜਿਵੇਂ ਅੱਜ-ਕੱਲ੍ਹ ਲੋਕ ਰਿਸ਼ਵਤਾਂ ਲੈਂਦੇ ਹਨ ਇਹਨਾਂ ਬਾਰੇ ਬਾਣੀ ਹੈ:-

ਜੇ ਰਤੁ ਲਗੇ ਕਪੜੈ ਤਾਂ ਜਾਮਾ ਹੋਇ ਪਲੀਤੁ॥
ਜੇ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥

ਇਹਨਾਂ ਰਿਸ਼ਵਤਖ਼ੋਰਾਂ "ਮਨ ਦੇ ਹਰਾਮੀਆਂ" ਦੇ ਦਿਲ ਸਾਫ ਨਾ ਹੋਣ ਕਰਕੇ ਇਹਨਾਂ ਦੇ ਅੰਦਰ ਨਾ ਸੱਤਿਗੁਰੂ ਦਾ ਵਾਸਾ ਹੋਵੇ ਅਤੇ ਨਾ ਹੀ ਨਾਮ ਵੱਸੇ। ਐਦਾਂ ਦੇ ਦਿਲਾਂ ਦੇ ਗੰਦੇ ਹਰਾਮੀ ਆਦਮੀ ਖ਼ਾਲਸੇ ਨਹੀਂ ਬਣ ਸਕਦੇ ਪਰ ਇਹ ਅਤੇ ਮੂਰਖ ਅੱਜ-ਕੱਲ੍ਹ ਅਕਾਲ ਤਖ਼ਤ ਦੇ ਪ੍ਰਧਾਨ ਬਣੇ ਬੈਠੇ ਹਨ।

ਕਿਉਂਕਿ ਸੱਤਿਗੁਰੂ ਸਭ ਤੇ ਵੱਡਾ ਹੁੰਦਾ ਹੈ ਇਸ ਕਰਕੇ ਖ਼ਾਲਸਿਆਂ ਦੇ "ਅੰਤਰ ਸੱਤਿਗੁਰੂ" ਦੀ "ਵਾਹ ਵਾਹ ਵਾਹ" ਹੁੰਦੀ ਹੈ ਅਤੇ ਖਾਲਸਾ ਆਪਣੇ "ਅੰਤਰ ਸੱਤਿਗੁਰੂ" ਨੂੰ "ਵਾਹਿਗੁਰੂ" ਕਹਿੰਦਾ ਹੈ। ਅਤੇ ਆਪਣੇ "ਅੰਤਰ ਸੱਤਿਗੁਰੂ" ਦੇ ਭਾਣੇ ਚੱਲਣ ਕਰਕੇ ਖਾਲਸਾ ਨਾ ਹੀ ਸਿਰਫ਼ ਨਿਆਰਾ ਹੁੰਦਾ ਹੈ ਬਲਕਿ ਕਹਿੰਦਾ ਹੈ "ਵਾਹਿਗੁਰੂ ਜੀ ਕਾ ਖਾਲਸਾ; ਵਾਹਿਗੁਰੂ ਜੀ ਕੀ ਫਤਿਹ" ਭਾਵ ਇਹ ਕਿ ਸਭ ਵਡਿਆਈ ਅਕਾਲ ਪੁਰਖ ਨੂੰ ਜਿਸ ਦੀ ਕਿਰਪਾ ਨਾਲ ਸੱਤਿਗੁਰੂ ਪਾਇਆ।

ਹੁਣ ਜਿਵੇਂ ਭਗਤ ਅਤੇ ਅਕਾਲ ਪੁਰਖ ਵਿਚ ਭੇਦ ਨਹੀਂ ਹੁੰਦਾ, ਇਸੇ ਤਰ੍ਹਾਂ ਅਕਾਲ ਪੁਰਖ ਅਤੇ ਖ਼ਾਲਸੇ ਵਿਚ ਕੋਈ ਭੇਦ ਨਹੀਂ ਹੁੰਦਾ। ਭਾਵ ਕਿ ਪਿਓ ਅਤੇ ਪੁੱਤਰ ਵਿਚ ਭੇਦ ਨਹੀਂ ਹੁੰਦਾ। ਇਸ ਕਰਕੇ ਖ਼ਾਲਸੇ ਪੰਥ ਦੇ ਪਿਤਾ ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ ਨੇ ਆਪਣੇ ਆਪ ਨੂੰ ਖ਼ਾਲਸੇ ਦੇ ਮੋਹਰੇ ਪੇਸ਼ ਕਰਕੇ ਆਪ ਵੀ ਉਹਨਾਂ ਵਾਂਗ ਅੰਮ੍ਰਿਤ ਛੱਕ ਕੇ ਇਕ "ਸਿੰਘ" ਬਣ ਗਏ ਅਤੇ ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ ਤੋਂ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਬਣ ਗਏ ਤਾਂ ਕਿ ਪਿਓ ਅਤੇ ਪੁੱਤਰ ਇੱਕ-ਮਿੱਕ ਹੋ ਕੇ ਪਾਰ ਸ਼ਿਵ ਸ਼ਕਤੀ ਦਾ ਕੰਮ ਕਰਨ।

ਹੁਣ ਸ਼ਿਵ ਦਾ ਰੰਗ ਅਸਮਾਨੀ ਨੀਲਾ ਹੁੰਦਾ ਹੈ ਕਿਉਂਕਿ ਇਹ ਬ੍ਰਹਮਾ ਵਿਸ਼ਨੂੰ ਤੋਂ ਉੱਪਰ ਹੁੰਦਾ ਹੈ। ਯਾਦ ਰੱਖੋ ਕਿ ਸ਼੍ਰੀ ਕ੍ਰਿਸ਼ਨ ਬਲਦੇਵ ਜੀ ਦਾ ਰੰਗ ਵੀ ਨੀਲਾ ਹੀ ਦਿਖਾਉਂਦੇ ਹਨ ਅਤੇ ਖਾਲਸਾ ਪਾਰ ਸ਼ਿਵ ਦੀ ਫੌਜ ਹੋਣ ਕਰਕੇ ਇਹਨਾਂ ਦਾ ਬਾਣਾ ਵੀ ਨੀਲੇ ਹੀ ਰੰਗ ਦਾ ਹੁੰਦਾ ਹੈ ਅਤੇ ਤਿੰਨਾਂ ਤਖ਼ਤਾਂ 'ਤੇ ਝੰਡਾ ਵੀ ਨੀਲੇ ਹੀ ਰੰਗ ਦਾ

ਝੁਲਦਾ ਹੈ। ਫਿਰ ਸ਼ਿਵ ਦਾ ਸਬੰਧ ਆਦਮੀਆਂ ਨਾਲ ਹੁੰਦਾ ਹੈ ਨਾ ਕਿ ਔਰਤਾਂ ਨਾਲ ਇਸ ਲਈ ਅੰਮ੍ਰਿਤ ਸਿਰਫ਼ ਆਦਮੀਆਂ ਨੂੰ ਹੀ ਛਕਾਇਆ ਗਿਆ ਸੀ ਨਾ ਕਿ ਔਰਤਾਂ (ਸ਼ਕਤੀ – ਮਾਈ ਭਾਗੋ) ਨੂੰ। ਯਾਦ ਰੱਖੋ ਸ਼ਿਵ ਦੇ ਪੁੱਤਰ ਇਨਸਾਨ ਹੁੰਦੇ ਹਨ ਅਤੇ ਸ਼ੈਤਾਨ ਦੇ ਪੁੱਤਰ ਇਨਸਾਨ ਨਹੀਂ ਹੈਵਾਨ ਹੁੰਦੇ ਹਨ। ਹੁਣ ਘਰ ਦੀ ਪੱਤ ਆਦਮੀ 'ਤੇ ਹੁੰਦੀ ਹੈ ਨਾ ਕਿ ਔਰਤ 'ਤੇ। ਇਸ ਲਈ ਗ਼ੈਰਤ ਵਾਲੇ ਆਦਮੀਆਂ, ਸ਼ਿਵ ਸੈਨਾ, ਨੇ ਹੀ ਘਰਾਂ ਦੀ ਪੱਤ ਰੱਖਣ ਲਈ ਸੱਚੇ ਪਾਤਸ਼ਾਹ ਪਾਰ ਸ਼ਿਵ ਗੋਬਿੰਦ ਸਿੰਘ ਜੀ ਦੀ ਫੌਜ ਬਣ ਕੇ ਲੜਨਾ ਸੀ। ਇਸੇ ਲਈ ਹੀ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਕਹਿੰਦੇ ਹਨ:-

ਦੇਹ ਸ਼ਿਵਾ ਵਰ ਮੋਹੇ ....................

ਯਾਦ ਰੱਖੋ ਕਿ ਸ਼ਿਵ ਦਾ ਤਪੱਸਿਆ ਅਸਥਾਨ ਗੰਗਾ ਨਦੀ ਦਾ ਮੁੱਢ ਹੈ ਅਤੇ ਉਹ ਸ਼ੇਰ ਦੀ ਖੱਲ ਦਾ ਬਾਣਾ ਪਾਉਂਦਾ ਸੀ। ਇਸੇ ਲਈ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਦਾ ਪਿਛਲੇ ਜਨਮ ਸਬੰਧੀ ਅਸਥਾਨ "ਹੇਮ ਕੁੰਡ" ਹੀ ਹੈ।

ਕਿਉਂਕਿ ਖ਼ਾਲਸੇ ਨੇ ਆਪਣਾ ਮਨ ਪੰਜਾਂ ਚੋਰਾਂ, "ਤੁਰਕੂਆਂ" ਤੋਂ ਰਹਿਤ ਰਖਣਾ ਹੈ ਇਸ ਲਈ ਇਹਨਾਂ ਉੱਤੇ ਕਾਬੂ ਰਹਿਣ ਲਈ ਪੰਜ ਕਕਾਰ ਇਹਨਾਂ ਤੁਰਕੂਆਂ ਦੀ ਦਰੁਸਤੀ ਸਬੰਧੀ ਦਿੱਤੇ।

੧. ਕੰਘਾ:- ਜਿਵੇਂ ਘੋੜੇ ਦੇ ਸ਼ੌਕੀਨ ਇਕ ਖ਼ੂਬਸੂਰਤ ਘੋੜੇ ਨੂੰ ਕੰਘਾ ਫੇਰ ਕੇ ਖ਼ੁਸ਼ ਹੁੰਦੇ ਹਨ ਇਵੇਂ ਹੀ ਖ਼ਾਲਸੇ ਵੀ ਆਪਣੇ ਤੰਦਰੁਸਤ ਜਤੀ ਸਰੀਰਾਂ 'ਤੇ ਕੰਘੇ ਫੇਰ ਕੇ ਖ਼ੁਸ਼ੀ ਪ੍ਰਾਪਤ ਕਰਦੇ ਹਨ। ਹੁਣ ਜਿਹੜਾ ਆਦਮੀ ਕਾਮੀ ਜਾਂ ਲੁੱਚਾ ਬਦਮਾਸ਼ ਹੋਵੇ ਉਸ ਨੂੰ ਕੋਈ ਨਾ ਕੋਈ ਬੀਮਾਰੀ ਵੀ ਲਗ ਸਕਦੀ ਹੈ। ਇਸ ਲਈ ਖ਼ਾਲਸੇ ਗ੍ਰਿਹਸਤੀ ਨਹੀਂ ਹੁੰਦੇ ਅਤੇ ਉਹ ਆਪਣੇ ਘਰ ਬਾਰ ਛੱਡਣ ਦੇ ਬਾਦ ਕਿਸੇ ਔਰਤ ਨਾਲ ਕਾਮ ਨਹੀਂ ਕਰਦੇ। ਇਸ ਲਈ ਕੰਘਾ ਫੇਰ ਕੇ "ਜਤੀ" ਖ਼ਾਲਸੇ ਨੂੰ ਖ਼ੁਸ਼ੀ ਪ੍ਰਾਪਤ ਹੁੰਦੀ ਹੈ ਅਤੇ ਇਸ ਦਾ ਸਬੰਧ "ਕਾਮ" ਜਾਂ ਸਰੀਰ ਨਾਲ ਹੈ।

੨. ਕੱਛਾ:- ਕੱਛਾ ਜਤੀ ਲੋਕ ਪਾਉਂਦੇ ਹਨ ਅਤੇ ਜਤੀ ਬਣਨ ਲਈ ਤੀਸਰੇ ਸਰੀਰ ਦੇ "ਬ੍ਰਾਹਮਣ ਗੁਰੂ" ਦੀ ਸਿੱਖਿਆ ਵੀ ਬਹੁਤ ਕੰਮ ਆਉਂਦੀ ਹੈ। ਇਹ ਸਰੀਰ ਹਰਿਮੰਦਰ ਹੋਣ ਕਰਕੇ ਦੂਜੇ ਸੱਤਿਗੁਰੂ ਅੰਗਦ ਦੇਵ ਜੀ ਨੇ ਵੀ ਸਿੱਖਾਂ ਨੂੰ ਕੁਸ਼ਤੀਆਂ ਕਰਾ ਕੇ ਉਹਨਾਂ ਨੂੰ ਜਤੀ ਅਤੇ ਸਤੀ ਬਣਨ ਲਈ ਪ੍ਰੇਰਿਆ ਸੀ।

ਤੇਰੇ ਪੂਜਣ ਕੋ ਭਗਵਾਨ ਬਣਾਵਨ ਮਨ ਮੰਦਰ (ਹਰਿਮੰਦਰ) ਆਲੀਸ਼ਾਨ

ਸਰੀਰ ਦੀ "ਹਉਮੈਂ" ਵੀ ਮਾਰਨੀ ਚਾਹੀਦੀ ਹੈ ਨਹੀਂ ਤਾਂ ਆਦਮੀ ਨੂੰ ਸੁਰਤੀ ਨਾ ਆਉਣ ਕਰਕੇ ਉਹ ਅਕਾਲ ਪੁਰਖ ਬਾਰੇ ਕੁਝ ਵੀ ਨਹੀਂ ਸਿੱਖ ਸਕਦਾ ਅਤੇ ਮੂਰਖ ਆਦਮੀ ਕਰੋਧੀ ਅਤੇ ਗੁੱਸੇ ਖੋਰ ਲੜਾਕਾ ਹੀ ਰਹਿ ਜਾਂਦਾ ਹੈ। ਇਸ ਲਈ ਕੱਛੇ ਜਤੀ ਪਾਉਂਦੇ ਹਨ ਅਤੇ ਇਸ ਦਾ ਸਬੰਧ "ਕਰੋਧ" ਜਾਂ ਹਉਮੈਂ ਨਾਲ ਹੈ।

੩. ਕਿਰਪਾਨ:- ਹੁਣ ਸੁਰਤੀ ਵਾਲੇ ਆਦਮੀ ਦਾ "ਮਨ" ਜਾਗਿਆ ਹੁੰਦਾ ਹੈ ਅਤੇ ਉਹ ਪਹਿਲਾਂ ਚੁਸਤੀਆਂ ਅਤੇ ਚਲਾਕੀਆਂ ਨਾਲ ਭੋਲੇ ਭਾਲੇ ਆਦਮੀਆਂ ਨੂੰ ਠੱਗਣ ਦੀ ਕੋਸ਼ਿਸ਼ ਕਰਦਾ ਹੈ। ਇਸ ਲਈ ਮਨ ਦੇ ਚੇਲੇ ਨੂੰ "ਤੁਰਕੂ" ਵੀ ਆਖੀਦਾ ਹੈ। ਭਗਤ ਕਬੀਰ ਜੀ ਨੇ ਜਾਗੇ ਮਨ ਬਾਰੇ ਕਿਹਾ ਹੈ:-

ਕਬੀਰ ਮਨ ਤੋ ਏਕ ਹੈ ਚਾਹੇ ਜਹਾਂ ਲਗਾਏ॥
ਕੈ ਸੇਵਾ ਕਰ ਸਾਧ ਕੀ ਕੈ ਵਿਸ਼ੈ ਕਮਾਏ॥

ਹੁਣ ਮਨਮੁਖ ਪ੍ਰਿਥਵੀ ਚੰਦ ਨੇ ਮਨ ਮਾਇਆ ਇਕੱਠੀ ਕਰਨ ਵਿਚ ਲਾ ਦਿੱਤਾ ਸੀ ਅਤੇ ਸੱਤਿਗੁਰੂ ਅਰਜਨ ਦੇਵ ਜੀ ਨੇ ਰਾਮ ਦੇ ਨਾਮ ਜਪਣ ਵਿਚ ਲਾਇਆ ਹੋਇਆ ਸੀ। ਜਿੰਨਾ ਬੇਸ਼ਰਮ ਪ੍ਰਿਥਵੀ ਚੰਦ ਸੀ ਉਹ ਤਾਂ ਦੱਸਣ ਦੀ ਕੋਈ ਲੋੜ ਹੀ ਨਹੀਂ। ਇਸ ਕਰਕੇ ਇਸ ਤਰ੍ਹਾਂ ਦੇ ਲੋਕ ਲਾਤੋਂ ਕੇ ਭੂਤ ਬਾਤੋਂ ਸੇ ਨਾ ਮੰਨਣ ਕਰਕੇ ਇਹਨਾਂ ਦਾ ਇਕੋ ਹੀ ਇਲਾਜ ਰਹਿ ਜਾਂਦਾ ਹੈ ਅਤੇ ਉਹ ਹੈ "ਕਿਰਪਾਨ"। ਇਸ ਲਈ ਮਨਮੁਖ ਲੋਭੀਆਂ ਲਈ "ਕਿਰਪਾਨ" ਹੀ ਦਾਰੂ ਹੈ।

ਯਾਦ ਰੱਖੋ ਕਿ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਨੇ ਲੋਭੀ ਮਹੰਤ ਉਬਲਦੇ ਤੇਲ ਵਿਚ ਤਲੇ ਸਨ ਅਤੇ ਇਹ ਸੋਢੀ ਖੱਤਰੀ, ਜਿਹੜੇ ਕਿ ਇਕ ਮਹਾਂ ਮੂਰਖ ਇਕੀਜਾ ਅਤੇ ਇਕ ਅੱਖੋਂ ਵੀ ਅੰਨ੍ਹੇ ਰਾਜੇ ਰਣਜੀਤ ਸਿੰਘ ਸੰਧੂ ਵੇਲੇ, ਹਰਿਮੰਦਰ ਸਾਹਿਬ ’ਤੇ ਕਾਬਜ਼ ਸਨ ਉਹਨਾਂ ਸਾੜੇ ਗਏ ਲੋਭੀ ਮਹੰਤਾਂ ਤੋਂ ਵੀ ਕਿਤੇ ਟੱਪੇ ਹੋਏ ਸਨ ਕਿ ਉਹਨਾਂ ਨੇ ਹਰਿਮੰਦਰ ਸਾਹਿਬ ’ਤੇ ਸੋਨਾ ਲਗਵਾ ਕੇ ਨਾ ਇਸ ਨੂੰ ਜਗਨ ਨਾਥ ਦੇ ਮੰਦਰ ਵਾਂਗ “ਹਰੀਮੰਦਰ” ਹੀ ਬਣਾ ਦਿੱਤਾ ਬਲਕਿ ਇਕ ਚੋਰਾਂ ਅਤੇ ਠੱਗਾਂ ਦਾ ਘਰ ਵੀ ਬਣਾ ਦਿੱਤਾ।

ਏਥੇ ਦਾ ਇਕ ਰਾਗੀ ਭਾਈ ਮਣਸਾ ਜੀ ਉਸ ਵੇਲੇ ਦੁਬਿਧਾ ਤੋਂ ਰਹਿਤ ਸੀ ਅਤੇ ਚੜ੍ਹਾਵੇ ਦੀ ਮਾਇਆ ਗਰੀਬਾਂ ਵਿਚ ਵੰਡ ਦਿੰਦੇ ਸੀ। ਭਾਵ ਕਿ ਲੋਭੀ ਸੰਤ, ਮਹੰਤ, ਗ੍ਰੰਥੀ, ਆਦਿ ਤਾਂ ਸਾੜਨੇ ਹੀ ਚਾਹੀਦੇ ਹਨ। ਜਿਵੇਂ ਹਰਿ ਜਾਂ ਹਰਿਮੰਦਰ ਅਤੇ ਸੋਨੇ ਦਾ ਮੇਲ ਨਹੀਂ ਇਵੇਂ ਹੀ ਸੰਤ ਜਾਂ ਖ਼ਾਲਸੇ ਦਾ ਮਾਇਆ ਨਾਲ ਮੇਲ ਨਹੀਂ ਹੁੰਦਾ।

ਏਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਜਦੋਂ ਵੀ ਕਿਸੇ ਨਾਲ ਮੁਕਾਬਲਾ ਕਰਦੇ ਸਨ ਤਾਂ ਪਹਿਲੇ ਦੋ ਵਾਰ ਉਸ ਨੂੰ ਕਰਨ ਦਿੰਦੇ ਸਨ। ਪਹਿਲਾ ਵਾਰ “ਮੂਰਖਤਾਈ” ਵਿਚ ਸਮਝਿਆ ਜਾਂਦਾ ਸੀ ਅਤੇ ਦੂਜਾ ਵਾਰ “ਸੁਰਤੀ” ਵਿਚ ਹੋਣ ਕਰਕੇ ਤੀਜਾ ਵਾਰ ਫਿਰ ਆਪ ਕਰਦੇ ਸਨ ਅਤੇ ਉਹ ਇਨਸਾਫ ਦਾ ਹੁੰਦਾ ਸੀ।

ਇਸ ਲਈ ਲੜਾਈ ਦਾ ਸ਼ਸਤਰ “ਕਿਰਪਾਨ” ਸੱਤ ਦੀ ਆਨ, ☬, ਰੱਖਣ ਲਈ “ਲੋਭ” ਸਬੰਧੀ ਹੈ।

੪. ਕੇਸ:- ਕੇਸ, ਦਾੜ੍ਹੀ, ਮੁੱਛ ਅਤੇ ਸਿਰ ’ਤੇ ਪਗੜੀ ਹਿੰਦੂ ਮਰਿਆਦਾ ਦੇ ਅਨੁਸਾਰ ਤੀਸਰੇ “ਖ਼ਸ਼ੱਤਰੀ” ਵਰਨ ਦੇ ਲੋਕਾਂ ਲਈ ਹੈ। “ਖ਼ਸ਼ੱਤਰੀ” ਵਰਨ ਖੱਤਰੀ ਕੌਮ ਦੇ ਲੋਕਾਂ ਦੀ ਤ੍ਰੇਤੇ ਯੁਗ ਵਿਚ ਜਦੋਂ ਇਹ ਦੇਵਤੇ ਮਸ਼ਹੂਰ ਸਨ, ਦੀ ਸਿਆਣਪ ਦੀ ਗਵਾਹੀ ਹੈ। ਭਾਵ ਇਹ ਕਿ ਤ੍ਰੇਤੇ ਯੁਗ ਵਿਚ ਇਹਨਾਂ ਖੱਤਰੀਆਂ ਦਾ ਰਾਜ ਇਕ ਨਮੂਨਾ ਸੀ ਅਤੇ ਸਿਆਸੀ ਕਰਮਚਾਰੀ ਜਾਂ ਵਰਨ ਦੇ ਲੋਕ ਕਿੱਦਾਂ ਦੇ ਹੋਣੇ ਚਾਹੀਦੇ ਹਨ ਜਿਵੇਂ ਕਿ ਖੱਤਰੀ ਕੌਮ ਦੇ ਲੋਕਾਂ ਨੇ ਸਿਆਣਪ ਨਾਲ ਤ੍ਰੇਤੇ ਯੁਗ ਵਿਚ ਸਿਆਸਤ ਦਾ ਕੰਮ ਚਲਾਇਆ ਸੀ। ਪਰ ਕਲਜੁਗ ਵਿਚ ਉਲਟ ਹੋਣ ਕਰਕੇ ਇਹਨਾਂ ਖੱਤਰੀ ਕੌਮ ਦੇ

ਲੋਕਾਂ ਨੇ ਇਸ ਯੁਗ ਵਿਚ ਆਪਣੀ "ਭਾਖਿਆ" ਬਦਲ ਲਈ ਅਤੇ ਇਹ ਈਮਾਨਦਾਰ ਦੇਵਤਿਆਂ ਦੇ ਉਲਟ ਇਕ ਨੰਬਰ ਦੇ ਲਾਲਚੀ "ਕਰਾੜ" ਅਤੇ ਬੇਈਮਾਨ ਲੋਕ ਬਣ ਜਾਂਦੇ ਹਨ।

ਕਿਉਂਕਿ ਖ਼ਾਲਸੇ ਨੇ ਰੂਹਾਨੀ, "ਪਰਉਪਕਾਰੀ" ਰਾਜ ਲੋਕਾਂ ਦੇ ਦਿਲਾਂ ਉੱਪਰ ਕਰਨਾ ਹੈ ਇਸ ਲਈ ਖ਼ਾਲਸੇ ਨੂੰ ਕੋਈ ਦੁਨਿਆਵੀ ਲਾਲਚ ਜਾਂ ਮੋਹ ਨਹੀਂ ਹੋਣਾ ਚਾਹੀਦਾ। ਭਾਵ ਕਿ ਖਾਲਸਾ "ਦੁਬਿਧਾ" ਤੋਂ ਰਹਿਤ ਹੋਵੇ ਅਤੇ ਉਸ ਨੂੰ ਆਪਣੇ ਘਰ ਜਾਂ ਬਾਲ ਬੱਚੇ ਦਾ "ਮੋਹ" ਵੀ ਨਾ ਹੋਵੇ। ਖਾਲਸਾ ਹਰ ਇਕ ਨੂੰ ਇਕੋ ਹੀ ਨਜ਼ਰ ਨਾਲ ਵੇਖਦਾ ਹੈ।

ਸਿਆਸਤ ਜਾਂ ਰਾਜ ਵਿਚ ਕਿਲੇ ਜਾਂ ਗੜ੍ਹ ਹੁੰਦੇ ਹਨ ਅਤੇ ਇਸੇ ਕਰਕੇ ਅਨੰਦਪੁਰ ਸਾਹਿਬ ਦੇ ਕਿਲੇ ਦਾ ਨਾਂ "ਕੇਸਗੜ੍ਹ ਸਾਹਿਬ" ਹੈ।

ਖ਼ਾਲਸੇ ਦਾੜ੍ਹੀ ਖੁੱਲ੍ਹੀ ਰੱਖਦੇ ਹਨ ਤਾਂ ਕਿ ਉਸ ਨਾਲ ਖ਼ਾਲਸੇ ਦੀ ਉਮਰ ਦਾ ਵੀ ਪਤਾ ਲਗ ਸਕੇ ਅਤੇ ਦਾੜ੍ਹੀ ਨੂੰ ਸ਼ਰਮ ਹੋਣ ਕਰਕੇ ਖਾਲਸਾ ਏਦਾਂ ਦਾ ਕੰਮ ਨਹੀਂ ਕਰਦਾ ਜਿਹੜਾ ਕਿ ਬੇਸ਼ਰਮੀ ਵਾਲਾ ਹੋਵੇ। ਦਾੜ੍ਹੀ ਅਤੇ ਮੁੱਛ ਬਾਰੇ ਮਸ਼ਹੂਰ ਹੈ:-

ਜਿਹਦੇ ਦਾੜ੍ਹੀ ਨਾ ਮੁੱਛ; ਉਹ ਦੋ ਜਹਾਨਾਂ ਦਾ ਲੁੱਚ

ਇਸ ਲਈ ਕੁਦਰਤ ਨੇ ਦਾੜ੍ਹੀ ਅਤੇ ਮੁੱਛ ਸਿਰਫ਼ ਆਦਮੀ ਨੂੰ ਹੀ ਦਿੱਤੀ ਹੈ ਕਿ ਉਸ ਨੂੰ ਸ਼ਰਮ ਅਤੇ ਗ਼ੈਰਤ ਹੋਵੇ। ਪਰ ਦੁਕਾਨਦਾਰ ਲੋਕ ਆਮ ਤੌਰ ਤੇ ਬੇਈਮਾਨ ਹੋਣ ਕਰਕੇ ਬੇਸ਼ਰਮ ਅਤੇ ਬੇਗੈਰਤੀ ਹੁੰਦੇ ਹਨ ਅਤੇ ਇਹ ਆਪਣੀ ਦਾੜ੍ਹੀ ਅਤੇ ਮੁੱਛ ਮੁੰਨ ਕੇ ਰੱਖਦੇ ਹਨ ਤਾਂ ਕਿ ਇਹਨਾਂ ਨੂੰ ਕੋਈ ਆਦਮੀ ਲੱਖ ਲਾਹਨਤ ਨਾ ਪਾ ਸਕੇ। ਭਾਵ ਕਿ:-

ਸਾਬਤ ਸੂਰੱਤ ਅਕਾਲ ਪੁਰਖ ਦੀ ਇਸ ਨੂੰ ਭੰਨੇ ਬੇਈਮਾਨ।

ਇਸ ਲਈ ਕੇਸਾਂ ਦਾ ਸਬੰਧ ਹੈ "ਮੋਹ" ਨਾਲ ਕਿਉਂਕਿ ਖ਼ਸ਼ੱਤਰੀ ਵਰਨ ਵਿਚ ਇਨਸਾਫ ਕਰੀ ਦਾ ਹੈ ਨਾ ਕਿ ਕਿਸੇ ਦੀ ਪੱਖ, ਜਿਵੇਂ ਕਿ ਪਿੰਡਾਂ ਵਿਚ ਪੰਚਾਇਤਾਂ

ਆਪਣੀ ਢੇਰੀ ਦੀਆਂ ਕਰਦੀਆਂ ਹਨ ਅਤੇ ਗ਼ਰੀਬ ਨੂੰ ਕੋਈ ਵੀ ਨਹੀਂ ਪੁੱਛਦਾ। ਬੇਇਨਸਾਫ਼ੀ ਕਰਨ ਨਾਲ ਇਨਸਾਨ ਇਕ ਸ਼ੈਤਾਨ ਦਾ ਪੁੱਤਰ "ਹਰਾਮੀ" ਬਣ ਜਾਂਦਾ ਹੈ ਅਤੇ ਅਕਾਲ ਪੁਰਖ ਤੋਂ ਵੀ ਮੂੰਹ ਮੋੜ ਕੇ ਬੈਠ ਜਾਂਦਾ ਹੈ।

ਇਸ ਲਈ ਕੇਸਾਂ ਅਤੇ ਦਾੜ੍ਹੀ ਦਾ ਸਬੰਧ "ਮੋਹ" ਨਾਲ ਹੈ ਤਾਂ ਕਿ ਖਾਲਸਾ ਇਨਸਾਫ ਕਰਨ ਵੇਲੇ ਕਿਸੇ ਦਾ ਵੀ ਪੱਖ ਨਾ ਕਰੇ।

੫. ਕੜਾ:- ਲੋਹੇ ਦਾ ਕੜਾ ਧਾਗੇ ਦੀ ਰੱਖੜੀ ਦਾ ਪਿਓ ਹੈ। ਰਾਜਿਆਂ ਦੇ ਫੌਜੀ ਤਨਖ਼ਾਹੀਏ ਗ੍ਰਹਿਸਤੀ ਹੁੰਦੇ ਹਨ ਅਤੇ ਜਦੋਂ ਉਹ ਲੜਨ ਜਾਂਦੇ ਸਨ ਤਾਂ ਉਹਨਾਂ ਦੇ ਘਰ ਵਾਲੇ ਉਹਨਾਂ ਨੂੰ ਦੇਸ਼ ਦੀ ਰੱਖਿਆ ਲਈ ਧਾਗੇ ਦੀ ਰੱਖੜੀ ਬੰਨ੍ਹ ਦਿੰਦੇ ਸਨ। ਲੜਾਈ ਖਤਮ ਹੋਣ 'ਤੇ ਫੌਜੀ ਘਰਾਂ ਨੂੰ ਵਾਪਸ ਆ ਜਾਂਦੇ ਸਨ ਅਤੇ ਧਾਗਾ ਆਪੇ ਹੀ ਘਸ ਕੇ ਟੁੱਟ ਜਾਂਦਾ ਸੀ। ਹੁਣ "ਸੱਚੇ ਪਾਤਸ਼ਾਹ" ਅਬਾਦੀ ਦੇ ਸ਼ਾਹ "ਬਾਦਸ਼ਾਹ" ਨਾਲੋਂ ਵੱਡਾ ਹੁੰਦਾ ਹੈ ਕਿਉਂਕਿ ਸੱਚੇ ਪਾਤਸ਼ਾਹ ਦੇ ਪਰਉਪਕਾਰੀ ਰਾਜ ਦੀ ਕੋਈ ਹੱਦ ਨਹੀਂ ਹੁੰਦੀ। ਇਸ ਕਰਕੇ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਦੇ ਫੌਜੀ ਆਪਣੇ ਜਾਤਾਂ ਦੇ ਦੁਨਿਆਵੀ ਪਿਓਆਂ ਦੇ ਘਰਾਂ ਵਿਚ ਨਹੀਂ ਰਹਿੰਦੇ ਬਲਕਿ ਆਪਣੇ "ਸੱਚੇ ਪਿਓ ਅਕਾਲ ਪੁਰਖ ਦੇ ਘਰਾਂ ਸੱਚੇ ਤਖਤਾਂ" 'ਤੇ ਰਹਿੰਦੇ ਹਨ। ਭਾਵ ਇਹ ਕਿ ਅੰਮ੍ਰਿਤ ਛੱਕ ਕੇ ਆਦਮੀ ਆਪਣਿਆਂ ਨਿੱਜੀ ਪਿਓਆਂ ਦੇ ਘਰਾਂ ਵਿਚ ਫਿਰ ਆਪਣੇ ਨਿੱਜੀ ਕੰਮ ਨਹੀਂ ਕਰਦੇ ਬਲਕਿ ਪੰਥ ਦੇ ਪਰਉਪਕਾਰੀ ਕੰਮ ਹੀ ਕਰਦੇ ਹਨ।

ਕਿਉਂਕਿ ਖ਼ਾਲਸੇ ਅਤੇ ਨਿਰਮਲੇ ਸੰਤ ਅਕਾਲ ਪੁਰਖ ਦੀ ਰਜ਼ਾ ਮੁਤਾਬਿਕ ਚੱਲਦੇ ਹਨ ਅਤੇ ਆਪਣੀ ਰਜ਼ਾ ਨਹੀਂ ਲਗਾਉਂਦੇ ਇਸ ਲਈ ਇਹ ਹੰਕਾਰ ਤੋਂ ਰਹਿਤ ਹੁੰਦੇ ਹਨ। ਇਹ ਅਕਾਲ ਪੁਰਖ ਦੇ ਕਾਮੇ ਹੋਣ ਕਰਕੇ ਇਨ੍ਹਾਂ ਦੀਆਂ ਸਿਫ਼ਤਾਂ ਵੀ ਅਕਾਲ ਪੁਰਖ ਕੋਲ ਹੁੰਦੀਆਂ ਹਨ ਅਤੇ ਇਹ ਕੰਮ ਵੀ ਅਕਾਲ ਪੁਰਖ ਦਾ ਹੀ ਕਰਦੇ ਹਨ ਨਾ ਕਿ ਕਿਸੇ ਆਦਮੀ ਦੇ ਭਾੜੇ ਦੇ ਟੱਟੂ, ਤਨਖ਼ਾਹੀਏ, ਬਣ ਕੇ।

ਇਸ ਲਈ "ਕੜਾ" ਜਿਹੜਾ ਕਿ ਮੌਤ ਨੂੰ ਵਿਆਹੁਣ ਦਾ ਗਾਨਾ ਹੈ "ਹੰਕਾਰ" ਸਬੰਧੀ ਹੈ।

ਕਿਉਂਕਿ ਤੀਸਰੇ ਖਾਲਸਾ ਪੰਥ ਦੇ ਘਰ ਸੱਚੇ ਤਖਤ ਹਨ ਨਾ ਕਿ ਦੂਸਰੇ ਸਿੱਖ ਪੰਥ ਦੇ ਘਰ ਗੁਰਦਵਾਰੇ, ਇਸ ਲਈ ਗੁਰਦਵਾਰਿਆਂ ਵਿਚ ਅੰਮ੍ਰਿਤ ਛਕਾਉਣਾ ਗਲਤ ਹੈ ਅਤੇ ਤੀਸਰੇ ਖਾਲਸਾ ਪੰਥ ਅਤੇ ਉਸ ਦੇ ਪਿਤਾ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਦਾ ਮਖੌਲ ਉਡਾਉਣਾ ਹੈ। ਭਾਵ ਕਿ ਤੀਸਰੀ ਖ਼ਾਲਸਾ ਜਮਾਤ ਦਾ ਆਦਮੀ ਦੂਸਰੀ ਸਿੱਖ ਜਮਾਤ ਵਿਚ ਕੀ ਕਰਦਾ ਹੈ?

ਇਸੇ ਹੀ ਲਈ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾਉਣ ਤੋਂ ਬਾਦ ਇਕ ਕੌਤਕ ਖੇਡਿਆ। ਇਕ ਗਧੇ 'ਤੇ ਸ਼ੇਰ ਦੀ ਖੱਲ ਪਾ ਕੇ ਖੜ੍ਹਾ ਕਰ ਦਿੱਤਾ ਅਤੇ ਜਦੋਂ ਗਧਾ ਹਿਣਕਿਆ ਤਾਂ ਸੰਗਤ ਨੇ ਇਸ ਕੌਤਕ ਦਾ ਭਾਵ ਪੁੱਛਿਆ। ਤਾਂ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਨੇ ਦੱਸਿਆ ਕਿ ਇਕ ਦਿਨ ਐਸਾ ਆਏਗਾ ਜਦ ਖਾਲਸਾ ਮਲੇਛ ਹੋ ਜਾਏਗਾ। ਆਪਣੇ ਆਪ ਨੂੰ ਕਹਿਣਗੇ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਪਰ ਕੰਮ ਕਰਨਗੇ ਗਧਿਆਂ ਵਾਲੇ ਜਿਵੇਂ ਕਿ ਅੱਜ-ਕੱਲ੍ਹ ਇਹ ਤੀਸਰੇ ਪੰਥ ਦੇ ਸ਼ਸਤਰ ਦੂਜੇ ਪੰਥ ਦੇ ਘਰਾਂ ਗੁਰਦਵਾਰਿਆਂ ਵਿਚ ਲੈ ਆਉਂਦੇ ਹਨ ਅਤੇ ਗੁਰਦਵਾਰਿਆਂ ਵਿਚ ਖ਼ਾਲਸਿਆਂ ਵਾਲੇ ਜੈਕਾਰੇ ਬੁਲਾਉਂਦੇ ਹਨ ਜਦਕਿ ਇਹ ਹਰਿਮੰਦਰ ਸਾਹਿਬ ਵਿਚ ਮਨ੍ਹਾ ਹਨ। ਸਿੱਖ ਪੜ੍ਹਦੇ ਹਨ "ਨਾ ਕੋਈ ਵੈਰੀ ਨਾ ਕੋਈ ਬੇਗਾਨਾ" ਤਾਂ ਫਿਰ ਸ਼ਸਤਰਾਂ ਦਾ ਗੁਰਦਵਾਰਿਆਂ ਵਿਚ ਕੀ ਕੰਮ? ਇਸ ਦੀ ਪੂਰੀ ਜਾਣਕਾਰੀ ਲਈ ਤੁਸੀਂ ਮੇਰੇ ਆਰਟੀਕਲ ਪੜ੍ਹੋ।

ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਨੇ ਗਧਾ ਇਸ ਲਈ ਲਿਆਂਦਾ ਸੀ ਕਿ ਸੱਤਿਗੁਰੂ ਨਾਨਕ ਦੇਵ ਜੀ ਦੇ ਵਾਕਾਂ ਅਨੁਸਾਰ:-

ਨਾਨਕ ਤੇ ਨਰ ਅਸਲ ਖਰ ਜੇ ਬਿਣ ਗੁਣ ਗਰਬ ਕਰੰਤ॥

ਆਦਮੀ ਬਗ਼ੈਰ ਗੁਣਾਂ ਦੇ ਫੁੰਡਿਆਂ ਫਿਰੇ ਉਹ ਇਕ ਗਧਿਆਂ ਦਾ ਸਰਤਾਜ "ਅਸਲ ਖਰ" ਹੁੰਦਾ ਹੈ।

ਯਾਦ ਰੱਖੋ ਕਿ ਇਹਨਾਂ ਸ਼ੈਤਾਨ ਖੱਤਰੀਆਂ ਨੇ ਸੱਤਿਗੁਰੂ ਨਾਨਕ ਦੇਵ ਜੀ ਦੇ ਘਰ ਦੇ ਮਾਲਿਕ ਸੱਤਿਗੁਰੂ ਤੇਗ਼ ਬਹਾਦਰ ਜੀ ਦੇ ਜੀਹਦਿਆਂ ਜਾਗਦਿਆਂ ਹੀ ਓਸੇ ਪਿੰਡ ਵਿਚ

ਭੋਲੇ ਭਾਲੇ ਲੋਕਾਂ ਨੂੰ ਠੱਗਣਾ ਸ਼ੁਰੂ ਕਰ ਦਿੱਤਾ ਸੀ ਅਤੇ ਜਦੋਂ ਇਹ ਹਰਿਮੰਦਰ ਸਾਹਿਬ ਆਏ ਤਾਂ ਸਭ ਦਰਵਾਜੇ ਬੰਦ ਕਰ ਦਿੱਤੇ ਸਨ ਭਾਵ ਕਿ "ਮੂੰਹ 'ਤੇ ਦਰਵਾਜ਼ਾ ਮਾਰਿਆ ਸੀ"। ਇਹ ਹਾਲਤ ਕਿ ਗੁਰਦਵਾਰਿਆਂ ਵਿਚ ਅੰਮ੍ਰਿਤ ਛਕਾਉਣਾ, ਸ਼ਸਤਰ ਆਦਿ ਹਰਿਮੰਦਰ ਸਾਹਿਬ ਵੀ ਲੈ ਕੇ ਜਾਣਾ ਅਤੇ ਹੁਣ ਦੁਨਿਆਵੀ ਖਾਲਿਸਤਾਨ ਦੀ ਮੰਗ ਆਦਿ ਇਹ ਸਭ ਇਹਨਾਂ ਖੱਤਰੀਆਂ ਦੀਆਂ ਹੀ ਸ਼ਰਾਰਤਾਂ ਹਨ।

ਕਬੀਰਾ ਤੇਰੀ ਝੌਂਪੜੀ ਗਲ ਕਟਿਆਂ ਦੇ ਪਾਸ॥
ਜੋ ਕਰੇਗਾ ਸੋ ਭਰੇਗਾ ਤੁਮ ਕਿਉਂ ਭਏ ਉਦਾਸ॥

ਕਸ਼ਮੀਰ ਦੇ ਖੱਤਰੀ ਸਾਰਿਆਂ ਨਾਲੋਂ ਸਿਰੇ ਦੇ ਸ਼ੈਤਾਨ ਸਨ ਅਤੇ ਇਹ ਹੁਣ ਆਪਣੇ ਕੀਤੇ ਦਾ ਫਲ ਭੋਗ ਰਹੇ ਹਨ। ਇਹਨਾਂ ਸ਼ੈਤਾਨਾਂ ਦੀ ਭਾਰਤ ਅਤੇ ਪਾਕਿਸਤਾਨ ਦੇ ਦੋਹਾਂ ਪੁੜਾਂ ਵਿਚਾਲੇ ਪਿਸਾਈ ਹੋਵੇਗੀ। ਜੇ ਕੋਈ ਇਹਨਾਂ ਵਿਚੋਂ ਸਿੱਖ ਹੋਵੇਗਾ ਤਾਂ ਉਹਦੇ 'ਤੇ ਅਕਾਲ ਪੁਰਖ ਦਾ ਹੱਥ ਹੁੰਦਾ ਹੈ।

ਫਿਰ ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਦੇ ਖ਼ਜ਼ਾਨੇ ਲਈ ਜਿਨ੍ਹਾਂ ਸਿੰਘਾਂ ਨੂੰ ਬਾਣੀ ਦਾ ਸ਼ੌਕ ਸੀ ਉਹਨਾਂ ਨੂੰ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਨੇ ਸ਼ਾਸਤਰ ਵਿੱਦਿਆ ਲਈ ਕਾਂਸ਼ੀ ਭੇਜਿਆ। ਹੁਣ ਇਹ ਖ਼ਾਲਸੇ (ਸ਼ਿਵ ਦੇ ਆਦਮੀ ਜਾਂ ਸਾਲਟ ਆਫ ਦਿ ਅਰਥ) ਆਪਣੇ ਨੀਲੇ ਬਾਣੇ ਵਿਚ ਗਏ ਸਨ ਅਤੇ ਜਦੋਂ ਕਾਂਸ਼ੀ ਦੇ ਬ੍ਰਾਹਮਣਾਂ ਨੇ ਜਾਤ ਪੁੱਛੀ ਤਾਂ ਉਹ ਬ੍ਰਾਹਮਣ ਵਰਨ ਦਾ ਕੰਮ ਕਰਨ ਵਾਲੀਆਂ ਜਾਤਾਂ ਦੇ ਨਾ ਹੋਣ ਕਰਕੇ ਉਹਨਾਂ ਨੂੰ ਸ਼ਾਸਤਰ ਵਿੱਦਿਆ ਦੇਣ ਤੋਂ ਇਨਕਾਰ ਕਰ ਦਿੱਤਾ। ਉਹ ਵਾਪਸ ਅਨੰਦਪੁਰ ਸਾਹਿਬ ਆਏ ਅਤੇ ਫਿਰ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਨੇ ਉਹਨਾਂ ਨੂੰ ਸਾਧੂਆਂ ਵਾਲੇ ਭਗਵੇਂ ਕਪੜੇ ਪਵਾ ਕੇ ਘੱਲਿਆ ਸੀ ਅਤੇ ਸਾਧੂ ਜਾਤਾਂ ਤੋਂ ਰਹਿਤ ਹੋਣ ਕਰਕੇ ਇਹਨਾਂ ਨੂੰ ਉਹ ਇਨਕਾਰ ਨਾ ਕਰ ਸਕੇ।

ਇਹ ਜਦੋਂ ਵੇਦ ਵਿੱਦਿਆ ਪੜ੍ਹ ਕੇ ਅਨੰਦਪੁਰ ਸਾਹਿਬ ਆਏ ਤਾਂ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਨੇ ਇਹਨਾਂ ਦੇ ਭਗਵੇਂ ਕਪੜੇ ਲਾਹ ਦਿੱਤੇ ਅਤੇ ਇਹਨਾਂ ਨੂੰ ਦੁੱਧ ਚਿੱਟੇ ਕਪੜੇ ਪਵਾਏ ਕਿ ਇਹ ਸਾਫ ਦਿਲ ਖ਼ਾਲਸੇ ਹੁਣ "ਨਿਰਮਲ" ਹੋਣ ਕਰਕੇ ਇਹਨਾਂ ਦਾ ਨਾਂ ਵੀ "ਨਿਰਮਲੇ ਸੰਤ" ਹੀ ਰੱਖਿਆ ਅਤੇ ਇਹਨਾਂ ਦੇ ਨਾਂ ਪਿਛੋਂ "ਸਿੰਘ" ਹਟਾ ਕੇ

‘‘ਦਾਸ’’ ਲਾ ਦਿੱਤਾ। ਫਿਰ ਇਹਨਾਂ ਨੂੰ ਅਕਾਲ ਤਖ਼ਤ ਲਈ ਜਾਣ ਨੂੰ ਕਿਹਾ। ਪਰ ਉਥੇ ਇਹਨਾਂ ਦੇ ਸ਼ੈਤਾਨ ਖੱਤਰੀਆਂ ਨੇ ਪੈਰ ਨਾ ਲੱਗਣ ਦਿੱਤੇ ਅਤੇ ਉਹਨਾਂ ਨੂੰ ਬਾਹਰ ਹੀ ਡੇਰਾ ਲਾਉਣਾ ਪਿਆ ਸੀ।

ਸ਼ੈਤਾਨ ਸੋਢੀ ਖੱਤਰੀਆਂ ਨੇ ਮਨ ਦੇ ਅੰਨ੍ਹੇ ਅਤੇ ਇਕ ਅੱਖੋਂ ਵੀ ਅੰਨ੍ਹੇ ਮੂਰਖ ਜੱਟ ਰਾਜੇ ਰਣਜੀਤ ਸਿੰਘ ਸੰਧੂ ਨੂੰ ਖੂਬ ਲੁੱਟਿਆ ਅਤੇ ਬੇਵਕੂਫ਼ ਬਣਾਇਆ। ਨਤੀਜਾ ਇਹ ਕਿ ਅੱਜ ਅਕਾਲ ਤਖ਼ਤ ’ਤੇ ਉਹ ਆਦਮੀ ਬੈਠੇ ਹਨ ਜਿਨ੍ਹਾਂ ਨੂੰ ਆਪਣੇ ਸਰੀਰਾਂ ਦੇ ਪਿਓਆਂ ਦਾ ਤਾਂ ਪਤਾ ਨਹੀਂ ਪਰ ਉਹ ਅਕਾਲ ਪੁਰਖ ਦੇ ਠੇਕੇਦਾਰ ਬਣੇ ਬੈਠੇ ਹਨ ਅਤੇ ਮਨ ਦੇ ਅੰਨ੍ਹਿਆਂ ਲਈ ਹੁਕਮਨਾਮੇ ਜਾਰੀ ਕਰਦੇ ਹਨ।

ਹੁਣ ਇਹ ਅਕਾਲ ਤਖ਼ਤ ਦੇ ਜਥੇਦਾਰ ਕਿੰਨੀ ਕੁ ਅਕਲ ਦੇ ਮਾਲਿਕ ਹਨ ਇਹ ਇਕ ਸਾਦਾ ਜਿਹੀ ਗੱਲ ਤੋਂ ਪਤਾ ਲੱਗ ਜਾਏਗਾ।

ਜਦੋਂ ਕਿਸੇ ਦੇ ਘਰ ਕੋਈ ਮੁੰਡਾ ਜਾਂ ਕੁੜੀ ਬੱਚਾ ਪੈਦਾ ਹੁੰਦਾ ਹੈ ਤਾਂ ਕਹੀਦਾ ਹੈ ਕਿ ਗਿੱਲਾਂ, ਨਿੱਝਰਾਂ, ਆਦਿ ਦੇ ਘਰ ਪੈਦਾ ਹੋਇਆ ਹੈ ਅਤੇ ਬੱਚੇ ਦੀ ਪਛਾਣ ਵੀ ਗੋਤ ਸਬੰਧੀ ਹੁੰਦੀ ਹੈ। ਪਰ ਜੇ ਕੋਈ ਬਦ ਔਰਤ ਜਾਂ ਕੰਜਰੀ ਜਿਹੜੀ ਕਿ ਸਾਰੇ ਪਿੰਡ ਵਿਚ ਘੁੰਮੀ ਹੋਵੇ, ਦੇ ਘਰ ਕੋਈ ਬੱਚਾ ਪੈਦਾ ਹੁੰਦਾ ਹੈ ਤਾਂ ਉਸ ਦੇ ਪਿਓ ਦਾ ਨਾ ਪਤਾ ਹੋਣ ਕਰਕੇ ਉਸ ਦੇ ਬੱਚੇ ਦਾ ਗੋਤ ਪਿੰਡ (ਮਾਂ) ਦੇ ਨਾਂ ’ਤੇ ਵੱਜਦਾ ਹੈ। ਭਾਵ ਇਹ ਕਿ ਪਿੰਡ ਮਾਂ ਹੁੰਦੀ ਹੈ ਅਤੇ ਗੋਤ ਪਿਓ ਹੁੰਦੇ ਹਨ ਅਤੇ ਇਸੇ ਲਈ ਇਕ ਪਿੰਡ ਦੇ ਲੋਕ ਭਾਵੇਂ ਉਹ ਕਿਸੇ ਵੀ ਜਾਤ ਜਾਂ ਗੋਤ ਦੇ ਹੋਣ ਇਕ ਦੂਜੇ ਦੇ ਭੈਣ ਅਤੇ ਭਰਾ ਹੁੰਦੇ ਹਨ। ਇਸੇ ਹੀ ਲਈ ਇਕ ਪਿੰਡ ਵਿਚ ਸ਼ਾਦੀ ਨਹੀਂ ਹੁੰਦੀ।

ਹੁਣ ਇਹ ਅਕਾਲ ਤਖ਼ਤ ਦੇ ਜਥੇਦਾਰ ਆਪਣੇ ਪਿੰਡ ਦਾ ਜਾਂ ਸ਼ਹਿਰ ਦਾ ਨਾਂ ਗੋਤ ਦੀ ਥਾਂ ਲਿਖ ਕੇ ਬੜੇ ਖੁਸ਼ ਹੁੰਦੇ ਹਨ ਅਤੇ ਵੱਡੇ ਸ਼ਹਿਰਾਂ ਦੇ ਨਾਂ ਲਿਖ ਕੇ ਤਾਂ ਬਾਹਲ਼ੇ ਹੀ ਫੁੰਡੇ ਫਿਰਦੇ ਹਨ। ਭਾਵ ਕਿ ਇਹ ਆਪਣੇ ਪਿਓ ਦੇ ਹੁੰਦਿਆਂ ਸੂੰਦਿਆਂ ਵੀ ਇਕ ਮਸ਼ਹੂਰ ਕੰਜਰੀ ਦੇ ਪੁੱਤਰ ਬਣ ਕੇ ਬੜੀ ਹਉਮੈਂ ਵਿਚ ਘੁੰਮਦੇ ਫਿਰਦੇ ਹਨ। ਇਸ ਨੂੰ ਕਹਿੰਦੇ ਹਨ:-

ਹਉਮੈਂ ਵਿਚ ਜਾਤੀ ਜਿੰਸੀ ਖੋਈ॥

ਹੁਣ ਤੁਸੀਂ ਆਪ ਹੀ ਵਿਚਾਰ ਕਰੋ ਕਿ ਇਹਨਾਂ ਵਿਚ ਕਿੰਨੀ ਕੁ ਅਕਲ ਹੋਵੇਗੀ? ਭਾਵ ਇਹ ਕਿ ਖੱਤਰੀਆਂ ਨੇ ਆਪਣੀਆਂ ਬੰਦੂਕਾਂ ਚਲਾਉਣ ਲਈ ਮਨ ਦੇ ਅੰਨ੍ਹੇ ਲੋਕ ਮੋਹਰੀ ਬਣਾਏ ਹੋਏ ਹਨ ਅਤੇ ਉਹ ਅੱਗੇ ਹੋਰ ਮਨ ਦੇ ਅੰਨ੍ਹੇ ਭੂਤਨੇ ਚੇਲੇ ਬਣਾਈ ਜਾਂਦੇ ਹਨ। ਖੱਤਰੀਆਂ ਨੇ ਆਪਣੀਆਂ ਆਦਤਾਂ ਤੋਂ ਬਾਜ਼ ਨਹੀਂ ਆਉਣਾ ਤਾਂ ਫਿਰ ਇਹੀ ਭੂਤ ਇਹਨਾਂ ਦਾ ਹੀ ਨਾਸ਼ ਕਰਨਗੇ:-

ਚਿਤ ਵਿਤ ਰਹੀਉ ਠੱਗੋਰ; ਨਾਨਕ ਫਾਂਸੀ ਗਲ ਪੜੀ॥

ਅਕਾਲ ਤਖ਼ਤ ਦੇ ਮਾਲਿਕ ਨਿਰਮਲੇ ਸੰਤ ਬਾਹਰ ਅਤੇ ਹਉਮੈਂ ਵਾਲੇ ਗ੍ਰਹਿਸਤੀ ਕਿਰਪਾਨਾਂ ਲੈ ਕੇ ਉਸ ਸੱਚੇ ਤਖ਼ਤ ’ਤੇ ਬੈਠੇ ਹਨ ਜਿੱਥੇ ਕਿ ਨਾਮ ਦਾ ਦੋ ਧਾਰੀ ਖੰਡਾ, ਤੇਗ਼, ਵਾਹਿਆ ਜਾਂਦਾ ਹੈ।

ਫਿਰ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਨੇ ਕਿਸੇ ਔਰਤ ਨੂੰ ਅੰਮ੍ਰਿਤ ਨਹੀਂ ਸੀ ਛਕਾਇਆ ਅਤੇ ਮਾਈ ਭਾਗੋ ਇਹਨਾਂ ਦੇ ਕੋਲ ਰਹੀ ਸੀ ਪਰ ਇਸ ਨੂੰ ਅੰਮ੍ਰਿਤ ਨਹੀਂ ਛਕਾਇਆ ਸੀ ਅਤੇ ਜੇ ਤੀਵੀਆਂ ਨੂੰ ਅੰਮ੍ਰਿਤ ਛਕਾਉਣਾ ਹੁੰਦਾ ਤਾਂ ਖ਼ਾਲਸੇ ਦੀ ਮਾਂ “ਸਾਹਿਬ ਦੇਵਾਂ” ਨੂੰ ਇਹ ਪਹਿਲਾਂ ਛਕਾਉਣਾ ਸੀ। ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਨੇ ਔਰਤਾਂ ਨੂੰ ਅੰਮ੍ਰਿਤ ਇਸ ਕਰਕੇ ਨਹੀਂ ਸੀ ਛਕਾਇਆ ਕਿ ਘਰ ਦੀ “ਪੱਤ” ਆਦਮੀ ਰੱਖਦੇ ਹਨ ਅਤੇ ਇਸ ਨੂੰ ਬਚਾਉਣ ਲਈ ਵੀ ਆਦਮੀ ਹੀ ਲੜਦੇ ਹਨ ਨਾ ਕਿ ਔਰਤਾਂ ਜਿਵੇਂ ਕਿ ਗਣੇਸ਼ ਦੇਵਤਾ ਦੀ ਕਹਾਣੀ ਯਾਦ ਕਰੌਂਦੀ ਹੈ?

ਯਾਦ ਰੱਖੋ ਕਿ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਲੋਕਾਂ ਦੀ ਪੱਤ ਰੱਖਦੇ ਸਨ ਅਤੇ ਉਹਨਾਂ ਦੀ ਫੌਜ “ਪਾਰ ਸ਼ਿਵ ਸੈਨਾ” ਵੀ ਘਰਾਂ ਦੀ ਪੱਤ ਦੇ ਮਾਲਿਕ ਆਦਮੀ ਹੀ ਸਨ ਪਰ ਉਹਨਾਂ ਮੂਰਖ ਚਾਲੀ ਮੁਕਤਿਆਂ ਨੂੰ ਅਕਲ ਦੇਣ ਲਈ ਹੀ ਮਾਈ ਭਾਗੋ (ਸ਼ਕਤੀ) ਲੜੀ ਸੀ।

ਹੁਣ ਚੌਂਹ ਸੱਚੇ ਤਖ਼ਤਾਂ ਦਾ ਵੇਰਵਾ ਇੰਜ ਹੈ:- ਚੌਂਹ ਵਰਨਾਂ ਦੇ ਅਨੁਸਾਰ ਹੀ ਚਾਰ ਸੱਚੇ ਤਖ਼ਤ ਹਨ ਤਾਂ ਕਿ ਨਿਰਮਲੇ ਸੰਤ ਅਤੇ ਖ਼ਾਲਸੇ ਲੋਕਾਂ ਦੇ ਰੂਹਾਨੀ ਅਤੇ ਦੁਨਿਆਵੀ ਝਗੜਿਆਂ ਦੇ ਨਿਆਂ ਕਰ ਸਕਣ ਅਤੇ ਲੋਕਾਂ ਵਿਚ ਅਮਨ ਚੈਨ ਰਹੇ ਭਾਵ "ਆਕੀ ਰਹੇ ਨਾ ਕੋਏ"। ਕਿਉਂਕਿ ਜਦ ਖਾਲਸਾ ਇਨਸਾਫ ਕਰਦਾ ਹੈ ਤਾਂ ਕੋਈ ਦੁਖੀ ਨਹੀਂ ਹੁੰਦਾ। ਇਸ ਲਈ ਮਸ਼ਹੂਰ ਹੈ:-

ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਏ॥

ਭਾਵ ਇਹ ਕਿ ਖ਼ਾਲਸੇ ਦੇ ਰਾਜ ਵਿਚ ਇਨਸਾਫ ਹੋਵੇਗਾ ਅਤੇ ਕੋਈ ਆਦਮੀ ਦੁਖੀ ਨਹੀਂ ਹੋਵੇਗਾ। ਚਾਰ ਸੱਚੇ ਤਖ਼ਤ ਇਹ ਹਨ:-

੧. ਹਜ਼ੂਰ ਸਾਹਿਬ:- ਇਹ ਸ਼ੂਦਰ ਵਰਨ ਦੇ ਕੰਮਾਂ ਦੀ ਦੇਖ ਭਾਲ ਲਈ ਹੈ। ਏਥੇ ਦੇ ਲੋਕ ਬੜੇ ਭੋਲੇ ਭਾਲੇ ਹਨ ਅਤੇ ਉਹਨਾਂ ਨੇ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਦੀ ਬੜੀ ਸੇਵਾ ਕੀਤੀ ਸੀ। ਹੁਣ ਚਲਾਕ ਆਦਮੀ ਹੀ ਮਨ ਦੇ ਅੰਨ੍ਹੇ ਭੋਲੇ ਭਾਲੇ ਇਨਸਾਨਾਂ ਦਾ ਫਾਇਦਾ ਉਠਾਉਂਦੇ ਹਨ ਅਤੇ ਇਸੇ ਲਈ ਹੀ ਕਸ਼ਮੀਰ ਦੇ ਮਾਧੋ ਦਾਸ ਵੈਰਾਗੀ ਨੇ ਏਥੇ ਆਪਣੀ ਪੈੜ ਜਮਾਈ ਹੋਈ ਸੀ। ਏਦਾਂ ਦੇ ਚਲਾਕ ਆਦਮੀਆਂ ਤੋਂ ਭੋਲੇ ਭਾਲੇ ਲੋਕਾਂ ਦੀ ਦੇਖ ਭਾਲ ਲਈ ਏਥੇ ਇਕ ਸੱਚਾ ਤਖ਼ਤ ਬਣਾਇਆ ਅਤੇ ਜਿਸ ਦਾ ਨਾਂ "ਹਜ਼ੂਰ ਸਾਹਿਬ" ਰੱਖਿਆ ਗਿਆ। ਯਾਦ ਰੱਖੋ ਕਿ ਜਦੋਂ ਇਕ ਅਫਸਰ ਆਪਣੇ ਨੌਕਰ ਨੂੰ ਅਵਾਜ਼ ਮਾਰਦਾ ਹੈ ਤਾਂ ਨੌਕਰ ਅੱਗਿਓਂ "ਹਜ਼ੂਰ ਆਇਆ" ਕਹਿ ਕੇ ਜਵਾਬ ਦਿੰਦਾ ਹੈ।

ਇਸ ਲਈ ਏਥੇ ਦੇ ਖ਼ਾਲਸੇ ਮਜ਼ਦੂਰਾਂ ਦੀ ਮਿਹਨਤ ਦੀ ਦੇਖ ਭਾਲ ਕਰਦੇ ਸਨ ਤਾਂ ਕਿ ਲਾਲਚੀ ਆਦਮੀ ਇਹਨਾਂ ਨੂੰ ਕਿਸੇ ਤਰ੍ਹਾਂ ਵੀ ਠੱਗਣ ਨਾ।

ਕਿਉਂਕਿ ਭੋਲੇ ਭਾਲਿਆਂ ਲੋਕਾਂ ਦਾ ਰੱਬ ਰਾਖਾ ਹੁੰਦਾ ਹੈ, ਇਸ ਲਈ ਇਸ ਨਗਰ ਦਾ ਨਾਂ ਵੀ "ਅਬਚਲ ਨਗਰ" ਰੱਖਿਆ ਗਿਆ ਸੀ। ਇਹ ਤਖਤ "ਸ਼ੂਦਰ ਵਰਨ" ਸਬੰਧੀ ਹੈ।

੨. ਪਟਨਾ ਸਾਹਿਬ:- ਪੱਟਣ ਮੰਡੀ ਨੂੰ ਆਖੀਦਾ ਹੈ ਅਤੇ ਵਪਾਰ ਸਿਰਫ਼ ਸੁਰਤੀ ਵਾਲੇ ਲੋਕ ਹੀ ਕਰ ਸਕਦੇ ਹਨ। ਕਿਉਂਕਿ ਸਿੱਖੀ ਦਾ ਗਿਆਨ ਸਿਰਫ਼ ਸੁਰਤੀ ਵਾਲੇ ਲੋਕ ਹੀ ਸਮਝ ਸਕਦੇ ਹਨ ਇਸੇ ਲਈ ਹੀ ਛੇਵੇਂ ਸੱਤਿਗੁਰੂ ਤੇਗ਼ ਬਹਾਦਰ ਜੀ ਏਥੇ ਆਏ ਸਨ। ਇਹ ਬਿਹਾਰ ਵਿਚ ਇਕ ਵੱਡੀ ਮੰਡੀ ਹੋਣ ਕਰਕੇ ਏਥੇ ਹੀ ਵੈਸ਼ ਵਰਨ ਦੇ ਲੋਕਾਂ ਦੇ ਝਗੜਿਆਂ ਨੂੰ ਮੁਕਾਉਣ ਲਈ ਸੱਚਾ ਤਖ਼ਤ "ਪਟਨਾ ਸਾਹਿਬ" ਬਣਾਇਆ ਸੀ।

ਇਸ ਲਈ "ਪਟਨਾ ਸਾਹਿਬ" "ਵੈਸ਼ ਵਰਨ" ਸਬੰਧੀ ਹੈ।

੩. ਕੇਸ ਗੜ੍ਹ ਸਾਹਿਬ:- ਕੇਸ ਗੜ੍ਹ ਸਾਹਿਬ "ਖ਼ਸ਼ੱਤਰੀ ਵਰਨ" ਸਬੰਧੀ ਹੈ ਅਤੇ ਸ਼ਿਵ ਜੀ ਰਾਜਨੀਤਕ ਜਾਂ ਪੁਲਿਟੀਕਲ ਹੈੱਡ ਵੀ ਹੁੰਦਾ ਹੈ। ਸ਼ਿਵਾਲਕ ਪਹਾੜੀਆਂ ਦੇ ਲੋਕ ਸ਼ਿਵਾ ਦੀ ਬਹੁਤ ਪੂਜਾ ਕਰਦੇ ਹਨ ਅਤੇ ਪੰਜਾਬ ਉੱਤੇ ਬਾਹਰੋਂ ਲੋਕ ਆ ਕੇ ਹਮਲੇ ਵੀ ਕਰਦੇ ਸਨ। ਇਸ ਲਈ ਸ਼ਿਵਾਲਕ ਪਹਾੜੀਆਂ ਵਿਚ ਹੀ ਖ਼ਸ਼ੱਤਰੀ ਵਰਨ ਸਬੰਧੀ ਕਿਲ੍ਹਾ ਜਾਂ ਗੜ੍ਹ ਬਣਾਉਣਾ ਠੀਕ ਸੀ ਤਾਂ ਕਿ ਬਾਹਰਲੇ ਹਮਲਾਵਰਾਂ ਦੀ ਵੀ ਦਰੁਸਤੀ ਕੀਤੀ ਜਾ ਸਕੇ।

ਕਿਉਂਕਿ ਖ਼ਸ਼ੱਤਰੀ ਵਰਨ ਵਿਚ ਕੇਸ ਦਾੜ੍ਹੀ ਰੱਖਣੀ ਜ਼ਰੂਰੀ ਹੁੰਦੀ ਹੈ ਅਤੇ ਫੌਜਾਂ ਦੇ ਲੜਨ ਲਈ ਕਿਲ੍ਹੇ ਵੀ ਚਾਹੀਦੇ ਹਨ ਇਸ ਲਈ ਇਸ ਸੱਚੇ ਤਖ਼ਤ ਦਾ ਨਾਂ "ਕੇਸਗੜ੍ਹ ਸਾਹਿਬ" ਹੀ ਰੱਖਿਆ ਸੀ। ਹੁਣ ਕਿਉਂਕਿ ਖ਼ਸ਼ੱਤਰੀ ਵਰਨ ਦੇ ਲੋਕ ਬੁੱਧੀ ਦੀ ਮਤ ਨਾਲ ਚਲਦੇ ਹਨ ਭਾਵ ਕਿ ਗੁਰਮੁਖ ਹੁੰਦੇ ਹਨ ਇਸ ਲਈ ਇਸ ਸ਼ਹਿਰ ਦੇ ਵਾਸੀ ਗੁਰਮੁਖ ਹੋਣ ਕਰਕੇ ਇਕ ਦੂਜੇ ਨਾਲ ਅਨੰਦਮਈ ਤਰੀਕੇ ਨਾਲ ਰਹਿੰਦੇ ਸਨ। ਇਸ ਲਈ ਇਸ ਬਸਤੀ ਦਾ ਨਾਂ ਵੀ "ਅਨੰਦਪੁਰ ਸਾਹਿਬ" ਪੈ ਗਿਆ ਸੀ। ਹੁਣ ਜਿਵੇਂ ਰਾਜਿਆਂ ਦੇ ਦਰਬਾਰਾਂ ਵਿਚ ਕਵੀ ਹੁੰਦੇ ਹਨ ਇਸੇ ਹੀ ਤਰ੍ਹਾਂ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਵੀ ਕਵੀ ਰੂਹਾਨੀ ਕਵਿਤਾਵਾਂ ਪੜ੍ਹਦੇ ਸਨ ਅਤੇ ਢਾਡੀ ਬਹਾਦਰ ਖ਼ਾਲਸਿਆਂ ਦਾ ਜੱਸ ਗਾਉਂਦੇ ਸਨ। ਭਾਵ ਇਹ ਕਿ ਏਥੇ ਗੁਰਦਵਾਰਿਆਂ ਵਾਲਾ ਸ਼ਬਦ ਕੀਰਤਨ ਨਹੀਂ ਸੀ ਹੁੰਦਾ ਅਤੇ ਨਾ ਹੀ ਕਿਸੇ ਹੋਰ ਸੱਚੇ ਤਖ਼ਤ 'ਤੇ ਹੁੰਦਾ ਸੀ ਪਰ ਅੱਜ-ਕੱਲ੍ਹ ਤਾਂ ਸੱਚੇ ਤਖ਼ਤਾਂ ਦੇ ਲਾਲਚੀ ਜਥੇਦਾਰ ਆਮਦਨ ਵਾਲੇ ਗੁਰਦਵਾਰੇ ਹੀ ਬਣਾਈ ਜਾਂਦੇ ਹਨ।

ਇਹਨਾਂ ਤਿੰਨਾਂ ਸੱਚੇ ਤਖ਼ਤਾਂ ’ਤੇ ਨੀਲਾ ਝੰਡਾ ਝੂਲਦਾ ਹੈ ਅਤੇ ਝੰਡੇ ਦੇ ਉਪਰ ਖੰਡੇ ਅਤੇ ਕਿਰਪਾਨਾਂ ਵਾਲੇ ਸ਼ਸਤਰਾਂ ਦਾ ਨਿਸ਼ਾਨ, ☬, ਵੀ ਹੁੰਦਾ ਹੈ। ਯਾਦ ਰੱਖੋ ਕਿ ਜਿਵੇਂ ਮੰਦਰਾਂ ਦਾ ਝੰਡਾ ਖੂਨ ਰੰਗਾ ਲਾਲ ਹੁੰਦਾ ਹੈ ਇਵੇਂ ਹੀ ਹਰਿਮੰਦਰ ਸਾਹਿਬ ਦਾ ਝੰਡਾ ਕੇਸਰੀ ਮਿੱਟੀ ਰੰਗਾ ਹੁੰਦਾ ਹੈ ਅਤੇ ਸਿੱਖ ਦਾ ਕੋਈ ਵੈਰੀ ਨਾ ਹੋਣ ਕਰਕੇ ਇਸ ਉਪਰ ਕੋਈ ਵੀ ਸ਼ਸਤਰ ਦਾ ਨਿਸ਼ਾਨ ਨਹੀਂ ਹੋਣਾ ਚਾਹੀਦਾ। ਜਿਵੇਂ ਮੰਦਰਾਂ ਵਿਚ ਪ੍ਰਸ਼ਾਦ ਮੂਰਤੀ ਭੇਟ ਹੁੰਦਾ ਹੈ ਇਵੇਂ ਹੀ ਪ੍ਰਸ਼ਾਦ ਗੁਰਦਵਾਰਿਆਂ ਵਿਚ ਸ਼ਬਦ ਭੇਟ, ਕਿਉਂਕਿ ਏਥੇ ਸ਼ਬਦ ਦੀ ਪੂਜਾ ਹੁੰਦੀ ਹੈ ਅਤੇ ਸਿਰਫ਼ ਤਿੰਨਾਂ ਹੀ ਸੱਚੇ ਤਖ਼ਤਾਂ ’ਤੇ ਕੜਾਹ ਪ੍ਰਸ਼ਾਦ ਸ਼ਸਤਰ ਭੇਟ ਹੁੰਦਾ ਹੈ।

੪. ਅਕਾਲ ਤਖ਼ਤ:- ਜਿਵੇਂ ਕਿ ਬਾਣੀ ਵਿਚ ਦੱਸਿਆ ਹੈ ਕਿ ਹਰਿਮੰਦਰ ਸਾਹਿਬ “ਭਗਤਣ (ਸਿੱਖਾਂ) ਅਤੇ ਸੰਤਣ (ਨਿਰਮਲਿਆਂ)” ਦੇ ਲਈ ਅਕਾਲ ਪੁਰਖ ਦੇ ਗੁਣ ਗਾਉਣ ਲਈ ਹੈ ਇਸ ਲਈ ਇਹ ਸੱਚਾ ਤਖ਼ਤ ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਨੇ ਸਭ ਤੋਂ ਵੱਡੇ ਚੌਥੇ ਬ੍ਰਾਹਮਣ ਵਰਨ ਦੇ ਸਬੰਧ ਵਿਚ “ਹਰਿ” ਦੇ ਨਾਂ ਬਣਵਾਇਆ ਸੀ ਅਤੇ ਇਹ ਸਭ ਤੋਂ ਵੱਡੇ ਚੌਥੇ ਪਦ ਜਾਂ ਪੰਥ ਦੇ ਨਿਰਮਲੇ ਸੰਤਾਂ ਲਈ ਹੈ। ਏਥੇ ਧਾਰਮਿਕ ਮਸਲਿਆਂ ’ਤੇ ਵਿਚਾਰ ਹੁੰਦੀ ਹੈ ਅਤੇ ਰੂਹਾਨੀ ਝਗੜਿਆਂ ਦਾ ਫੈਸਲਾ ਵੀ ਕੀਤਾ ਜਾਂਦਾ ਹੈ। ਏਥੇ ਦਾ ਹੀ ਜਥੇਦਾਰ ਹਰਿਮੰਦਰ ਸਾਹਿਬ ਦਾ ਪ੍ਰਕਾਸ਼ ਕਰਦਾ ਹੈ ਅਤੇ ਬਾਣੀ ਦੀ ਵਿਆਖਿਆ ਕਰ ਕੇ “ਸ਼ਬਦ ਭੇਟ” ਕੜਾਹ ਪ੍ਰਸ਼ਾਦ ਵੰਡਦਾ ਹੈ।

ਅਕਾਲ ਤਖ਼ਤ ਦਾ ਨਿਸ਼ਾਨ ਸਾਹਿਬ ਦੁੱਧ ਵਾਂਗ ਚਿੱਟਾ ਹੁੰਦਾ ਹੈ ਅਤੇ ਨਿਰਮਲੇ ਸੰਤ ਵੀ ਚਿੱਟੇ ਹੀ ਕਪੜੇ ਪਾਉਂਦੇ ਹਨ। ਨਿਰਮਲੇ ਸੰਤਾਂ ਨੇ ਨਾਮ ਦਾ ਦੋ ਧਾਰੀ ਖੰਡਾ ਚਲਾਉਣਾ ਹੈ ਨਾ ਕਿ ਲੋਹੇ ਦਾ। ਇਸ ਲਈ ਅਕਾਲ ਤਖ਼ਤ ’ਤੇ ਵੀ ਨਾ ਕੋਈ ਸ਼ਸਤਰ ਹੁੰਦੇ ਹਨ ਅਤੇ ਨਾ ਹੀ ਨਿਸ਼ਾਨ ਸਾਹਿਬ ’ਤੇ ਖੰਡਾ ਹੁੰਦਾ ਹੈ। ਭਾਵ ਇਹ ਕਿ ਹਰਿਮੰਦਰ ਸਾਹਿਬ ਤਾਂ ਚੌਹਾਂ ਵਰਨਾਂ ਨੂੰ ਇਕੋ ਹੀ ਉਪਦੇਸ਼ ਦਿੰਦਾ ਹੈ ਅਤੇ ਇਹ ਸੱਤਿਗੁਰੂ ਨਾਨਕ ਦੇਵ ਜੀ ਦਾ ਘਰ ਤਾਂ ਸਾਰਿਆਂ ਨੂੰ ਖੁੱਲ੍ਹਾ ਹੈ।

ਯਾਦ ਰੱਖੋ ਕਿ ਮੰਦਰ ਜਾਤਾਂ ਦੇ ਹੋਣ ਕਰਕੇ ਸਾਰਿਆਂ ਨੂੰ ਨਹੀਂ ਖੁਲ੍ਹੇ ਹੁੰਦੇ ਅਤੇ ਮਨ ਦੇ ਅੰਨ੍ਹੇ ਬ੍ਰਾਹਮਣਾਂ ਨੇ ਦੂਜੀ ਜਾਤਾਂ ਦੇ ਲੋਕਾਂ ਨੂੰ ਰੋਕਿਆ ਅਤੇ ਭਗਤਾਂ ਦੀ ਵੀ ਪਛਾਣ ਨਾ ਕਰ ਸਕੇ। ਹੁਣ ਇਹ ਦੱਸੋ ਕਿ ਹਰਿਮੰਦਰ ਸਾਹਿਬ ਦੀ ਡਿਓੜੀ ਮੋਹਰੇ ਨੇਜ਼ੇ ਵਾਲਾ

ਸੰਤਰੀ ਕਿਉਂ ਖੜ੍ਹਾ ਕੀਤਾ ਹੋਇਆ ਹੈ? ਇਸ ਲਈ ਅੱਜ ਹਰਿਮੰਦਰ ਤਾਂ ਇਕ ਸੋਨੇ ਦਾ ਹਰੀਮੰਦਰ ਬਣਿਆ ਹੋਇਆ ਹੈ ਅਤੇ ਅੰਮ੍ਰਿਤਸਰੀਏ ਠੱਗਾਂ ਦੇ ਮਾਲ ਮਤੇ ਲਈ ਵੀ ਸੰਤਰੀ ਹੋਣਾ ਲਾਜ਼ਮੀ ਹੈ!!!

ਯਾਦ ਰੱਖੋ ਕਿ ਜਿਵੇਂ ਸੱਤਿਗੁਰੂ ਰਾਮ ਦਾਸ ਜੀ ਨੇ ਮੁਗ਼ਲ ਬਾਦਸ਼ਾਹ ਤੋਂ ਜ਼ਮੀਨ ਦੇ ਪਟੇ ਨੂੰ ਨਾਂਹ ਕਰ ਦਿੱਤੀ ਸੀ ਅਤੇ ਕਿਹਾ ਸੀ ਕਿ ਜੋ ਸਿੱਖ ਲਿਆਉਣਗੇ ਉਹੀ ਪੱਕੇਗਾ ਤਿਵੇਂ ਹੀ ਕਿਸੇ ਵੀ ਧਾਰਮਿਕ ਅਸਥਾਨ ਦਾ ਬੈਂਕ ਵਿਚ ਪੈਸਾ ਨਹੀਂ ਹੋਣਾ ਚਾਹੀਦਾ ਹੈ।

ਯਾਦ ਰੱਖੋ ਕਿ ਅਕਾਲ ਤਖ਼ਤ ’ਤੇ ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਨੇ ‘‘ਗੋਬਿੰਦ’’ ਦੇ ਨਾਂ ਦੇ ਸ਼ਸਤਰ ਪਾਏ ਸਨ ਅਤੇ ਜਦੋਂ ‘‘ਉਪਕਾਰੀ’’ ਬੁਨਿਆਦ ’ਤੇ ਸੱਚੇ ਪਾਤਸ਼ਾਹ ਗੋਬਿੰਦ ਰਾਏ ਜੀ ਨੇ ‘‘ਪਰਉਪਕਾਰੀ’’ ਤੀਸਰਾ ਖਾਲਸਾ ਪੰਥ ਖੜ੍ਹਾ ਕਰ ਦਿੱਤਾ ਤਾਂ ਫਿਰ ਸ਼ਸਤਰਾਂ ਦੀ ਜਗ੍ਹਾ ਸੱਚੇ ਤਖ਼ਤ ਕੇਸਗੜ੍ਹ ਸਾਹਿਬ ’ਤੇ ਚਲੀ ਗਈ ਸੀ। ਹੁਣ ਕਿਉਂਕਿ ਇਹ ਅਸਥਾਨ ਭਗਤਣ (ਸਿੱਖਾਂ, ਜਿਹੜੇ ਕਿ ਸੰਗਤਾਂ ਨੂੰ ਪ੍ਰਣਾਮ ਕਰਨ ਵਾਲੇ ਹੁੰਦੇ ਹਨ) ਅਤੇ ਸੰਤਣ (ਜਿਹੜੇ ਕਿ ਸੰਗਤਾਂ ਨੂੰ ਨਮਸਕਾਰ ਕਰਨ ਵਾਲੇ ਹੁੰਦੇ ਹਨ) ਦਾ ਹੈ ਇਸ ਲਈ ਏਥੇ ਕਿਸੇ ਸ਼ਸਤਰ ਦੀ ਲੋੜ ਨਹੀਂ ਹੁੰਦੀ ਅਤੇ ਇਸੇ ਨੂੰ ਮੁੱਖ ਰੱਖਦਿਆਂ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਏਥੇ ਨਹੀਂ ਆਏ ਸਨ। ਕਿਉਂਕਿ ਏਥੇ ਖ਼ਾਲਸਿਆਂ ਦਾ ਕੋਈ ਕੰਮ ਨਹੀਂ ਇਸ ਲਈ ਏਥੇ ਕਿਸੇ ਵੀ ਥਾਂ ’ਤੇ ਖ਼ਾਲਸਿਆਂ ਵਾਲਾ ਜੈਕਾਰਾ ‘‘ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ’’ ਨਹੀਂ ਬੁਲਾਇਆ ਜਾ ਸਕਦਾ। ਇਸ ਦੀ ਪੂਰੀ ਜਾਣਕਾਰੀ ਲਈ ਤੁਸੀਂ ਮੇਰੇ ਹੋਰ ਆਰਟੀਕਲ ਪੜ੍ਹੋ।

੫. ਤਖ਼ਤ ਦਮਦਮੀ ਟਕਸਾਲ:- ਇਹ ‘‘ਸ਼ੰਕਰ ਵਰਨ’’ ਸਬੰਧੀ ਹੈ ਜਿਹੜਾ ਕਿ ਸਿਰਫ਼ ਕਲਜੁਗ ਵਿਚ ਹੀ ਆਪਣੇ ਰੰਗ ਦਿਖਾਉਂਦਾ ਹੈ। ਸ਼ੰਕਰ ਵਰਨ ਦੇ ਲੋਕ ‘‘ਮਨ ਦੇ ਅੰਨ੍ਹੇ ਅੱਤਵਾਦੀ ਅਤੇ ਇਹਨਾਂ ਦੇ ਆਗੂ ਮਨ ਦੇ ਕਾਣੇ ਮੱਕਾਰ ਤੁਰਕੂ ਹਰਾਮੀ’’ ਹੋਣ ਕਰਕੇ ਇਸ ਵਰਨ ਦੇ ਲੋਕ ਬਹੁਤ ਹੀ ਜਨੂਨੀ ਹੁੰਦੇ ਹਨ। ਇਹਨਾਂ ਦਾ ਵੇਰਵਾ ਇੰਜ ਹੈ:-

ਹੁਣ ਪਿਛਲੇ ਯੁੱਗਾਂ ਵਿਚ ਲੋਕ ਹਿੰਦੂ ਹੁੰਦੇ ਸਨ ਅਤੇ ਕੋਈ ਵੀ ਆਪਣੀ ਜਾਤ ਨਹੀਂ ਸੀ ਛੁਪਾਉਂਦਾ। ਪਰ ਕਲਜੁਗ ਵਿਚ ਬ੍ਰਾਹਮਣ ਵਰਨ ਦੇ ਲੋਕ ਆਪ ਹੀ ਆਪਣੀ ਜਾਤ

ਭੁੱਲ ਜਾਂਦੇ ਹਨ ਤਾਂ ਉਹ ਦੂਸਰਿਆਂ ਨੂੰ ਕੀ ਦੱਸਣਗੇ? ਜਿਵੇਂ ਕਿ ਸਿੱਖ ਕਿਸੇ ਸ਼ਕਲ ਦਾ ਨਾਂ ਨਹੀਂ ਹੁੰਦਾ ਬਲਕਿ ਉਹ ਹੁੰਦਾ ਹੈ ਜਿਸ ਨੇ ਕੁਝ ਰੂਹਾਨੀ ਗਿਆਨ ਸਿੱਖਿਆ ਹੋਵੇ। ਇਸੇ ਤਰ੍ਹਾਂ ਹਿੰਦੂ ਵੀ ਬੋਦੀ ਜਨੇਊ ਨਾਲ ਨਹੀਂ ਹੁੰਦਾ ਬਲਕਿ ਉਹ ਹੁੰਦਾ ਹੈ ਜਿਸ ਨੂੰ ਆਪਣੀ "ਹੋਂਦ" ਭਾਵ ਕਿ ਆਪਣੀ ਜਾਤੀ ਅਤੇ ਬਾਸੀ ਦਾ ਪਤਾ ਹੋਵੇ। ਹੁਣ ਜਿਵੇਂ ਪਿੰਡ ਵਿਚ ਕੋਈ ਅਨਜਾਣ ਆਦਮੀ ਆਵੇ ਤਾਂ ਉਸ ਦੀ ਜਾਣਕਾਰੀ ਲਈ ਉਸ ਨੂੰ ਉਸ ਦੀ "ਹੋਂਦ" ਪੁੱਛਣ ਲਈ ਸਵਾਲ ਕਰੀ ਦਾ ਹੈ "ਆਪ ਕੌਣ ਹੁੰਦੇ ਹੋ?" ਤਾਂ ਇਸ ਸਵਾਲ ਦੇ ਜਵਾਬ ਵਿਚ ਉਹ ਤੁਹਾਨੂੰ ਆਪਣੀ ਜਾਣ ਪਛਾਣ "ਜਾਤੀ ਅਤੇ ਬਾਸੀ" ਦਸ ਕੇ ਕਰਦਾ ਹੈ ਕਿ ਮੇਰਾ ਨਾਂ ਇਹ ਹੈ ਅਤੇ ਮੈਂ ਫਲਾਣੇ ਪਿੰਡ ਦਾ ਜੱਟ ਜਾਂ ਚੂਹੜਾ, ਆਦਿ ਹਾਂ। ਹੁਣ ਕੰਜਰੀ ਦੇ ਪੇਟ ਵਿਚੋਂ ਪੈਦਾ ਹੋਏ ਦੀ ਕੋਈ ਜਾਤ ਨਹੀਂ ਹੁੰਦੀ ਅਤੇ ਉਸ ਨੂੰ ਆਪਾਂ ਇਕ "ਹਰਾਮੀ" ਆਖਦੇ ਹਾਂ। ਪਰ ਜਿਹੜਾ ਆਦਮੀ ਆਪਣੀ ਜਾਤ ਜਾਣ ਬੁਝ ਕੇ ਛੁਪਾਏ ਤਾਂ ਉਹ ਕੰਜਰੀ ਦੇ ਪੇਟ ਵਿਚੋਂ ਪੈਦਾ ਹੋਏ "ਹਰਾਮੀ" ਨਾਲੋਂ ਵੀ ਕਿਤੇ ਵੱਧ ਕੇ "ਸ਼ੈਤਾਨ ਹਰਾਮੀ" ਹੁੰਦਾ ਹੈ ਜਿਵੇਂ ਕਿ ਉਹ ਖੱਤਰੀ ਅਰੋੜੇ ਜਿਹੜੇ ਕਿ ਇਰਾਨ ਆਦਿ ਮੁਲਕਾਂ ਵਿਚ ਭੋਲੇ ਭਾਲੇ ਲੋਕਾਂ ਨੂੰ ਲੁੱਟਦੇ ਸਨ ਅਤੇ ਮੁਹੰਮੱਦੀਏ ਬਣ ਕੇ ਆਪਣੀ ਕੌਮ "ਸ਼ੇਖ" ਕਹਿਲਾਉਣਾ ਲੱਗੇ।

ਹੁਣ ਬ੍ਰਾਹਮਣ ਵਰਨ ਦੇ ਲੋਕ ਦੂਜਿਆਂ ਨੂੰ ਤਾਂ ਜਾਤੀ ਔਰ ਬਾਸੀ ਪੁੱਛਦੇ ਹਨ ਪਰ ਆਪ ਆਪਣੀ ਜਾਤੀ ਸਾਰਸੁਤ, ਗੌੜ, ਆਦਿ ਦੀ ਬਜਾਏ ਆਪਣਾ ਬ੍ਰਾਹਮਣ ਵਰਨ ਹੀ ਜਾਤ ਬਣਾ ਕੇ ਬਹਿ ਗਏ ਹਨ ਜਿਵੇਂ ਕਿ ਭਗਤ ਕਬੀਰ ਜੀ ਫ਼ਰਮਾਉਂਦੇ ਹਨ:-

ਬਾਹਮਣ ਕਹਿ ਕਹਿ ਜਨਮ ਮੱਤ ਖੋਇ॥

ਹੁਣ ਬ੍ਰਾਹਮਣ ਆਪ ਵੀ ਹਿੰਦੂ ਨਹੀਂ ਰਹੇ ਸਨ ਤਾਂ ਉਹ ਦੂਜਿਆਂ ਨੂੰ ਹਿੰਦੂ ਕਿਵੇਂ ਬਣਾ ਲੈਣਗੇ? ਇਹ ਬ੍ਰਾਹਮਣ ਤਾਂ ਲਾਲਚ ਅਤੇ ਮੂਰਖਤਾਈ ਵਿਚ ਆਪਣੀਆਂ ਜਾਤਾਂ ਭੁੱਲ ਭੁਲਾ ਗਏ ਪਰ ਅੱਜ-ਕੱਲ੍ਹ ਤਾਂ ਜਾਣ ਬੁੱਝ ਕੇ ਸ਼ੈਤਾਨ ਲੋਕ ਸ਼ਰਾਰਤਾਂ ਕਰਨ ਲਈ ਆਪਣੀਆਂ ਜਾਤਾਂ ਛੁਪਾਉਂਦੇ ਸਾਹ ਨਹੀਂ ਲੈਂਦੇ ਹਨ ਅਤੇ ਦੂਸਰਿਆਂ ਨੂੰ ਵੀ ਜਾਤ ਛਪਵਾ ਕੇ "ਹਰਾਮੀ" ਬਣਾਉਂਦੇ ਹਨ ਅਤੇ ਉਹ ਫਿਰ ਹਰਾਮੀਆਂ ਵਾਂਗ ਬੱਚੇ, ਬੁੱਢੇ ਅਤੇ ਔਰਤਾਂ 'ਤੇ ਹੱਥ ਚੁੱਕਦੇ ਹਨ ਜਿਵੇਂ ਕਿ ਪਾਕਿਸਤਾਨ ਵੇਲੇ ਇਹਨਾਂ ਮਜ਼੍ਹਬੀ ਹਰਾਮੀਆਂ ਨੇ ਹੱਥ ਚੁੱਕੇ ਸਨ ਅਤੇ ਹੋਰ ਵੀ ਚੁੱਕਣਗੇ। ਭਾਵ ਇਹ ਕਿ ਸਿੱਖ, ਹਿੰਦੂ, ਆਦਿ ਜਾਤਾਂ

ਜਾਂ ਕੌਮਾਂ ਨਹੀਂ ਹਨ ਬਲਕਿ ਇਹ ਮਜ਼੍ਹਬੀ ਜਮਾਤਾਂ/ਮਿਲਤਾਂ ਜਾਂ ਪੰਥ/ਸਮਾਜ ਹਨ। ਕੌਮਾਂ, ਕਬੀਲੇ ਜਾਂ ਜਾਤਾਂ ਆਦਿ ਲੋਕਾਂ ਦੀ ਪਛਾਣ ਲਈ ਹੁੰਦੀਆਂ ਹਨ ਤਾਂ ਕਿ ਇਹਨਾਂ ਨੂੰ ਆਪਣੇ ਕਰਮਾਂ ਦਾ ਜ਼ਿੰਮੇਵਾਰ ਠਹਿਰਾਇਆ ਜਾ ਸਕੇ। ਭਾਵ ਇਹ ਕਿ ਜਾਤ ਨਾਲ ਆਦਮੀ "ਇਨਸਾਨ" ਜਾਂ "ਸ਼ਿਵ" ਦਾ ਪੁੱਤਰ ਬਣਦਾ ਹੈ ਅਤੇ ਇਨਸਾਨਾਂ ਦੇ ਪੁੱਤਰਾਂ ਦੇ ਵਿਚ ਹੀ "ਇਨਸਾਨੀਅਤ" ਅਤੇ ਪਿਆਰ ਹੁੰਦਾ ਹੈ ਭਾਵੇਂ ਉਹ ਕਿਸੇ ਵੀ ਜਾਤ ਜਾਂ ਕਬੀਲੇ ਦੇ ਕਿਉਂ ਨਾ ਹੋਣ। ਇਸ ਦੀ ਮਿਸਾਲ ਮੈਂ ਇੰਜ ਪੇਸ਼ ਕਰਦਾ ਹਾਂ।

੧੯੪੭ ਦੀ ਪਾਰਟੀਸ਼ਨ ਵੇਲੇ ਅਸੀਂ ਆਪਣੇ ਪਿੰਡ ਧੰਨੂਆਣਾ ਜਿਹੜਾ ਕਿ ਹੁਣ ਪਾਕਿਸਤਾਨ ਵਿਚ ਹੈ, ਸੀ ਅਤੇ ਨਾਲ ਦੇ ਪਿੰਡਾਂ ਦੇ ਲੋਕ ਸਾਡੇ ਪਿੰਡ ਸਾਡੀ ਰਖਵਾਲੀ ਲਈ ਆ ਜਾਂਦੇ ਸਨ। ਤਾਂ ਨਮਕ ਹਰਾਮੀ ਮਰਾਸੀ ਨੇ ਲਾਗਦੇ ਅਰਾਈਆਂ ਦੇ ਪਿੰਡ ਨਕੋਦਰ ਜਾ ਦੱਸਿਆ ਕਿ ਅਸੀਂ ਤਾਂ ਉਹਨਾਂ 'ਤੇ ਹਮਲਾ ਕਰਨ ਲਈ ਆਦਮੀ ਇਕੱਠੇ ਕੀਤੇ ਹੋਏ ਹਨ। ਤਾਂ ਇਕ ਰਾਤ ਨੂੰ ਧਰੰਗ ਦੇ ਜ਼ੈਲਦਾਰ ਨੇ ਆਦਮੀ ਇਕੱਠੇ ਕਰਕੇ ਪਿੰਡ ਦਾ ਘੇਰਾ ਪਾ ਲਿਆ ਪਰ ਹਮਲਾ ਕਰਨ ਤੋਂ ਪਹਿਲਾਂ ਜ਼ੈਲਦਾਰ ਨੇ ਓਸੇ ਮਰਾਸੀ ਨੂੰ ਮੇਰੇ ਤਾਏ ਨੰਬਰਦਾਰ ਨੂੰ ਲਿਆਉਣ ਲਈ ਭੇਜਿਆ ਅਤੇ ਮੇਰੇ ਪਿਤਾ ਜੀ ਜਿਹੜੇ ਕਿ ਪਹਿਲਾਂ ਸਕੂਲਾਂ ਦੇ ਇੰਸਪੈਕਟਰ ਸਨ ਪਰ ਰਿਸ਼ਵਤ ਨਾ ਲੈਣ ਅਤੇ ਨਾ ਦੇਣ ਦੇ ਜੁਰਮ ਵਿਚ ਲਾਹ ਕੇ ਮਾਸਟਰ ਬਣਾ ਦਿੱਤੇ ਸਨ, ਉਹ ਵੀ ਨਾਲ ਤੁਰ ਪਏ। ਜ਼ੈਲਦਾਰ ਆਪਣੀ ਬੜੀ ਆਕੜ ਵਿਚ ਮੰਜੇ 'ਤੇ ਬੈਠਾ ਸੀ ਅਤੇ ਇਹ ਵੀ ਉਸ ਦੇ ਮੰਜੇ 'ਤੇ ਜਾ ਬੈਠੇ। ਪਹਿਲਾਂ ਤਾਂ ਉਸ ਨੇ ਬੁਰਾ ਮਨਾਇਆ ਪਰ ਜਦੋਂ ਪਿਤਾ ਜੀ ਨੇ ਪਾਰਟੀਸ਼ਨ ਵੇਲੇ ਦੇ ਤਿੰਨ ਮਸ਼ਹੂਰ ਲਾਲੇ ਲੀਡਰਾਂ ਦੀਆਂ ਦੇਸ਼ ਪਾੜਨੀਆਂ ਸ਼ਰਾਰਤਾਂ ਸਮਝਾਈਆਂ ਅਤੇ ਦੱਸਿਆ ਕਿ ਅਸੀਂ ਤਾਂ ਆਪਣੇ "ਦੇਸ" ਨੂੰ ਵਾਪਿਸ ਦੁਆਬੇ ਵਿਚ ਜਾ ਰਹੇ ਹਾਂ ਅਤੇ ਸਿੱਖ, ਹਿੰਦੂ, ਮੁਸਲਮਾਨ, ਆਦਿ ਰੂਹਾਂ ਹੁੰਦੀਆਂ ਹਨ ਨਾ ਕਿ ਜਿਸਮ ਜਿਹੜਾ ਕਿ ਜੰਮਣ ਮਰਣ ਵਿਚ ਆਉਂਦਾ ਹੈ। ਭਾਵ ਕਿ ਮਿੱਲਤ, ਸਮਾਜ ਜਾਂ ਪੰਥ ਰੂਹ ਦੀਆਂ ਅਤੇ ਜੱਟ, ਖੱਤਰੀ, ਅਰਾਈਂ, ਆਦਿ ਕੌਮਾਂ ਜਾਂ ਕਬੀਲੇ ਜਿਸਮ ਜਾਂ ਤਨ ਦੀਆਂ ਜਮਾਤਾਂ ਹਨ ਅਤੇ ਜੇ ਆਪਣੀਆਂ ਕੌਮਾਂ ਦੀਆਂ ਆਪਸ ਵਿਚ ਕੋਈ ਦੁਸ਼ਮਣੀਆਂ ਹਨ ਤਾਂ ਅੱਜ ਇਹਨਾਂ ਨੂੰ ਕੱਢਣ ਦਾ ਬਹੁਤ ਹੀ ਸੋਹਣਾ ਮੌਕਾ ਹੈ। ਪਰ ਉਹ ਹੁਣ ਇਕ ਇਨਸਾਨ ਦਾ ਪੁੱਤਰ, ਅਰਾਈਂ, ਬਣਨ ਨਾਲ ਸ਼ੈਤਾਨਾਂ ਵਾਲਾ ਕੰਮ ਜੱਟਾਂ ਨਾਲ ਨਹੀਂ ਸੀ ਕਰ ਸਕਦਾ। ਇਸ 'ਤੇ ਉਸ ਨੇ ਪਿਤਾ ਜੀ ਨੂੰ ਇਹ ਤਬਾਦਲਾ ਅਬਾਦੀ ਰੋਕਣ ਲਈ ਲਾਹੌਰ ਜਾਣ ਲਈ ਕਿਹਾ ਪਰ ਪਿਤਾ ਜੀ ਨੇ ਕਿਹਾ ਕਿ ਇਸ ਦਾ ਕੋਈ ਲਾਭ ਨਹੀਂ ਅਤੇ ਇਹ

ਪਾਰਟੀਸ਼ਨ ਰੁਕਣ ਵਾਲੀ ਨਹੀਂ। ਇਸ ਜ਼ੈਲਦਾਰ ਨੇ ਸਾਰਿਆਂ ਅਰਾਈਆਂ ਨੂੰ ਕਿਹਾ ਕਿ ਇਹ ਜੱਟ ਸਾਡੇ ਦੋਸਤ ਹਨ ਅਤੇ ਇਹਨਾਂ ਦੀ ਜਿੰਨੀ ਵੀ ਇਮਦਾਦ ਹੋ ਸਕੇ ਕਰੋ ਤੇ ਇਹਨਾਂ ਨੂੰ ਕੋਈ ਵੀ ਤਕਲੀਫ਼ ਨਾ ਹੋਵੇ। ਭਾਵ ਕਿ ਅਰਾਈਂ ਆਏ ਸਨ ਦੁਸ਼ਮਣ ਬਣ ਕੇ ਅਤੇ ਗਏ ਇਕ ਵੱਡੇ ਦੋਸਤ ਬਣ ਕੇ। ਇਸ ਨੂੰ ਬਾਣੀ ਵਿਚ ਲਿਖਿਆ ਹੈ:-

ਸਚਿ ਕਾਲੁ ਕੂੜੁ ਵਰਤਿਆ ਕਲਿ ਕਾ ਲਖ ਬੇਤਾਲ॥
ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ॥

ਇਸ ਬਾਰੇ ਸ੍ਰੀ ਕ੍ਰਿਸ਼ਨ ਬਲਦੇਵ ਜੀ ਨੇ ਪਾਂਡਵਾਂ ਨੂੰ ਇਸ ਤਰਾਂ ਸੁਪਨੇ ਵਿਚ ਦ੍ਰਿਸ਼ ਦਿਖਾਇਆ ਸੀ ਕਿ ਇਕ ਪਹਾੜ ਰੁੜ੍ਹਿਆ ਆ ਰਿਹਾ ਹੈ ਅਤੇ ਦਰਖ਼ਤ, ਮਕਾਨ, ਆਦਿ ਸਾਰੇ ਬਰਬਾਦ ਕਰੀ ਜਾਂਦਾ ਹੈ ਪਰ ਇਕ ਘਾਹ ਦੇ ਤਿਨਕੇ ਨੇ ਉਸ ਨੂੰ ਰੋਕ ਦਿੱਤਾ। ਤਾਂ ਕ੍ਰਿਸ਼ਨ ਬਲਦੇਵ ਜੀ ਨੇ ਦੱਸਿਆ ਕਿ ਕਲਜੁਗ ਵਿਚ ਕੂੜ ਦੇ ਪਹਾੜ ਨੂੰ ਇਕ "ਸੱਤਿ ਦਾ ਤਿਨਕਾ" ਵੀ ਰੋਕ ਸਕੇਗਾ ਜੋ ਕਿ ਪਿਤਾ ਜੀ ਨੇ ਕਰ ਦਿਖਾਇਆ ਸੀ। ਇਹ ਪਹਾੜ ਹੈ ਮਜ਼ਬੀ ਜਨੂਨੀਆਂ ਦਾ ਜਿਹੜੇ ਕਿ ਸਿੱਖ ਪੰਥ, ਹਿੰਦੂ ਸਮਾਜ, ਆਦਿ ਨੂੰ ਕੌਮਾਂ ਦਾ ਰੰਗ ਦਿੰਦੇ ਹਨ ਅਤੇ ਕੌਮਾਂ ਦੇ ਮੁਲਕ ਹੋਣ ਕਰਕੇ ਫਿਰ ਖਾਲਿਸਤਾਨ ਵਰਗੇ ਮੁਲਕ ਦੀ ਵੀ ਮੰਗ ਕਰਦੇ ਹਨ।

ਜੇ ਤੁਸਾਂ ਨੇ ਇਸ ਮਜ਼ਮੂਨ ਬਾਰੇ ਪੂਰੀ ਜਾਣਕਾਰੀ ਲੈਣੀ ਹੈ ਤਾਂ ਮੇਰਾ "ਹੱਜ" ਵਾਲਾ ਆਰਟੀਕਲ ਪੜ੍ਹੋ। ਯਾਦ ਰੱਖੋ ਕਿ "ਕਾਬਾ" ਸ਼ਿਵ, ਆਦਮ, ਜਾਂ ਮਹਾਦੇਵ ਦਾ ਮੰਦਰ ਹੈ ਨਾਂ ਕਿ ਅੱਲ੍ਹਾ ਦਾ ਘਰ! ਹੱਜ ਪਹਿਲੇ ਪਦ ਦੇ ਕਬੀਲਿਆਂ ਦੇ ੧੨ ਤੋਂ ੧੬ ਸਾਲਾਂ ਦੇ ਮੁੰਡਿਆਂ ਲਈ ਹੈ ਨਾ ਕਿ ਤੀਜੇ ਪਦ ਦੇ ਮੁਸਲਮਾਨਾਂ ਜਾਂ ਔਰਤਾਂ ਲਈ? ਪਰ ਇਹ ਹੁਣ ਇਕ ਲੁੱਟਣ ਦਾ ਵੱਡਾ ਸਾਧਨ ਹੈ ਜਿਵੇਂ ਕਿ ਦੁਨੀਆ ਦੇ ਹੋਰ ਅਸਥਾਨ ਹਨ।

ਹੁਣ ਸ਼ਿਵ ਦੇ ਪੁੱਤਰ ਇਨਸਾਨ ਦੇ ਪੁੱਤਰ ਹੁੰਦੇ ਹਨ ਅਤੇ ਜਿਹੜੇ ਆਪਣੀਆਂ ਕੌਮਾਂ ਜੱਟ, ਲੋਹਾਰ, ਤਰਖਾਣ, ਚੂਹੜੇ, ਚਮਿਆਰ, ਖੱਤਰੀ, ਅਰੋੜਾ ਆਦਿ ਤੋਂ ਆਪਣੀਆਂ ਕੌਮਾਂ ਹਿੰਦੂ, ਸਿੱਖ, ਆਦਿ ਬਣਾ ਲੈਂਦੇ ਹਨ ਉਹਨਾਂ ਦਾ ਸ਼ਿਵ ਨਾਲ ਸਬੰਧ ਟੁੱਟ ਜਾਂਦਾ ਹੈ ਅਤੇ ਉਹ ਆਪਣੇ ਦੁਨਿਆਵੀ ਪਿਓਆਂ ਨੂੰ ਜਵਾਬ ਦੇ ਕੇ ਖ਼ੁਦ ਆਪੇ ਹੀ "ਹਰਾਮੀ" ਜਨੂਨੀ ਸਭ ਤੋਂ ਵੱਡੇ ਅਤੇ ਖਤਰਨਾਕ ਅੱਲ ਜਮਾਰ ਅੱਲ ਅਕਸਾ ਸ਼ੈਤਾਨ ਦੇ ਪੁੱਤਰ

ਬਣ ਜਾਂਦੇ ਹਨ। ਯਾਦ ਰੱਖੋ ਕਿ ਕੌਮਾਂ ਦੇ ਪਿਓ ਬਦਲੇ ਨਹੀਂ ਜਾਂਦੇ ਅਤੇ ਕੌਮਾਂ ਦੇ ਪਿਓਆਂ ਦੇ ਘਰ ਹੀ ਮੁਲਕ ਹੁੰਦੇ ਹਨ ਜਿਵੇਂ ਕਿ ਅਫ਼ਗਾਨਿਸਤਾਨ ਅਫ਼ਗਾਨ ਕੌਮ ਦੇ ਲੋਕਾਂ ਦਾ ਘਰ ਹੈ। ਭਾਵ ਇਹ ਕਿ ਮਾਂ, ਮੁਲਕ, ਪਾਲਦੀ ਹੈ ਅਤੇ ਪਿਓ, ਕੌਮ, ਰਾਖੀ ਰੱਖਦਾ ਹੈ ਜਿਵੇਂ ਕਿ ਸਾਡੀ ਅਰਾਈਆਂ ਤੋਂ ਸਾਡੇ ਜੱਟ ਪਿਓ ਨੇ ਲਾਜ ਰੱਖੀ ਸੀ। ਇਸ ਲਈ "ਸ਼ੰਕਰ ਵਰਨ" ਦੇ ਲੋਕ ਪਿਓ ਛੁਪਾਉਣ ਵਾਲੇ ਮਜ਼੍ਹਬੀ ਜਨੂਨੀ ਹਰਾਮੀ ਲੋਕ ਹੁੰਦੇ ਹਨ ਅਤੇ ਅੱਜ-ਕੱਲ੍ਹ ਇਹਨਾਂ ਲੋਕਾਂ ਨੇ ਇਕ ਨਵਾਂ ਪੰਜਵਾਂ "ਕੂੜ" ਸਬੰਧੀ ਤਖ਼ਤ "ਦਮਦਮੀ ਟਕਸਾਲ" ਨਾਮ ਦਾ ਬਣਾਇਆ ਹੋਇਆ ਹੈ ਜਿੱਥੇ "ਸਿੱਖ ਕੌਮ" ਅਤੇ ਇਸ ਲਈ ਮੁਲਕ "ਖਾਲਿਸਤਾਨ" ਦੀ ਮੰਗ ਦਾ ਪ੍ਰਚਾਰ ਹੁੰਦਾ ਹੈ।

ਖ਼ਾਲਸੇ ਦੀਆਂ ਕਿਸਮਾਂ:- ਤਿੰਨ ਗੁਣੀ ਮਾਇਆ ਦੇ ਅਨੁਸਾਰ ਖ਼ਾਲਸੇ ਵੀ ਤਿੰਨਾਂ ਹੀ ਕਿਸਮਾਂ, ਬੇਮੁਖ (ਰੱਜੋ), ਮਨਮੁਖ (ਤੱਮੋ) ਅਤੇ ਗੁਰਮੁਖ (ਸਤੋ), ਦੇ ਹੁੰਦੇ ਹਨ। ਇਹਨਾਂ ਦਾ ਵੇਰਵਾ ਇੰਜ ਹੈ:-

੧. ਬੇਮੁਖ ਖਾਲਸਾ:- ਇਹ ਸਨ ਚਾਲੀ ਮੁਕਤੇ ਜਿਹੜੇ ਕਿ "ਰੱਜੋ" ਗੁਣ ਦੇ ਅਨੁਸਾਰ ਭੁੱਖੇ ਨਾ ਰਹਿ ਸਕੇ ਅਤੇ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਦਾ ਸਾਥ ਛੱਡ ਗਏ ਸਨ ਪਰ ਜਦੋਂ ਇਹਨਾਂ ਮਨ ਦੇ ਅੰਨ੍ਹਿਆਂ ਨੂੰ ਸੁਰਤੀ ਵਾਲੀ ਮਾਈ ਭਾਗੋ ਜੀ ਨੇ ਲੱਖ ਲਾਹਨਤ ਪਾਈ ਤਾਂ ਫਿਰ ਇਹ ਆਪਣੀਆਂ ਕੁਰਬਾਨੀਆਂ ਦੇ ਕੇ ਮੁਆਫ਼ੀ ਕਮਾ ਗਏ ਸਨ। ਇਹਨਾਂ ਜੱਟਾਂ ਨੇ ਮੂਰਖਤਾਈ ਵਿਚ ਗ਼ਲਤੀ ਕੀਤੀ ਸੀ ਪਰ ਸਾਥ ਵਿਚ ਪੂਰੇ ਉੱਤਰਨ 'ਤ ਮੁਆਫ਼ੀ ਕਮਾ ਗਏ ਸਨ।

ਹੁਣ ਮਹਾਰਾਜਾ ਰਣਜੀਤ ਸਿੰਘ ਸੰਧੂ ਜੱਟ ਨੂੰ ਇਹਨਾਂ ਚਾਲੀ ਮੁਕਤਿਆਂ ਦੇ ਅਨੁਸਾਰ ਹੀ ੪੦ ਸਾਲਾਂ ਦਾ ਰਾਜ ਮਿਲਿਆ ਸੀ ਅਤੇ ਉਸਨੇ ਮੂਰਖਾਂ ਵਾਂਗ ਮਨਮੁਖ ਮੀਣਿਆਂ ਖੱਤਰੀਆਂ ਨੂੰ ਖੁਸ਼ ਕਰਨ ਲਈ ਸਭ ਕੁਝ ਮਰਿਆਦਾ ਦੇ ਉਲਟ ਹੀ ਕੀਤਾ। ਦੱਸੋ ਭਲਾ ਸੋਨੇ ਅਤੇ ਜ਼ਮੀਨ (ਪਟੇ) ਦਾ ਅਕਾਲ ਪੁਰਖ ਨਾਲ ਕੀ ਮੇਲ? ਇਸ ਬੇਵਕੂਫ਼ ਰਾਜੇ ਨੇ ਕੀ ਕੀਤਾ ਉਸ ਦੀ ਇਕ ਮਿਸਾਲ ਹੈ ਨਨਕਾਣਾ ਸਾਹਿਬ ਵਿਚ ਮਹੰਤ ਨਰਾਇਣ ਦਾਸ ਦੀਆਂ ਕਰਤੂਤਾਂ। ਉਸ ਨੇ ਜੱਟਾਂ ਦੇ ਜਥੇ ਮਾਰੇ ਪੈਸੇ ਅਤੇ ਚੌਧਰ ਦੀ ਖ਼ਾਤਰ। ਇਹਨੂੰ ਕਹਿੰਦੇ ਹਨ:-

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥

੨. ਮਨਮੁਖ ਖਾਲਸਾ:- ਇਸ ਦੀ ਮਿਸਾਲ ਹੈ "ਬੰਦਾ ਬਹਾਦਰ" ਜਿਹੜਾ ਕਿ ਬੜਾ ਹੀ ਚੁਸਤ ਅਤੇ ਚਤਰ ਚਲਾਕ ਆਦਮੀ ਸੀ ਅਤੇ "ਤੱਮੋ" ਗੁਣ ਦੇ ਅਨੁਸਾਰ ਇਸ ਨੇ ਖ਼ਾਲਸੇ ਦੀ ਮਰਿਆਦਾ ਭੰਗ ਕੀਤੀ ਸੀ।

ਯਾਦ ਰੱਖੋ ਕਿ ਜਦੋਂ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਇਸ ਮਾਧੋ ਦਾਸ ਵੈਰਾਗੀ ਦੇ ਵਲ ਜਾ ਰਹੇ ਸਨ ਤਾਂ ਰਸਤੇ ਦੇ ਮਹੰਤ ਇਸ ਬਾਰੇ ਚੰਗੀਆਂ ਗੱਲਾਂ ਨਹੀਂ ਸੀ ਕਰਦੇ ਸਨ। ਇਹ ਆਉਂਦੇ ਜਾਂਦੇ ਸਾਧੂ ਸੰਤ ਦੀ ਪਹਿਲਾਂ ਸੇਵਾ ਕਰਦਾ ਸੀ ਅਤੇ ਫਿਰ ਉਹਨਾਂ ਦੀ ਸ਼ਕਤੀ ਦਾ ਇਮਤਿਹਾਨ ਲੈਣ ਲਈ ਉਹਨਾਂ ਨੂੰ ਆਪਣੇ ਪਲੰਘ ’ਤੇ ਬਿਠਾ ਕੇ ਆਪਣੀ ਜਾਦੂ ਸ਼ਕਤੀ ਨਾਲ ਪਲੰਘ ਉਲਟਾ ਦਿੰਦਾ ਸੀ ਅਤੇ ਖੂਬ ਹੱਸੀ ਅਤੇ ਮਖੌਲ ਉਡਾਉਂਦਾ ਸੀ। ਪਰ ਜਦੋਂ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਉਸ ਦੇ ਪਲੰਘ ’ਤੇ ਲਮ੍ਹੇ ਪੈ ਗਏ ਅਤੇ ਖ਼ਾਲਸੇ ਉਸ ਦੇ ਬੱਕਰਿਆਂ ਨੂੰ ਝਟਕਾਉਣ ਲੱਗ ਪਏ ਸਨ ਤਾਂ ਉਸ ਨੇ ਗੁੱਸੇ ਵਿਚ ਆਪਣਾ ਸਾਰਾ ਜੋਰ ਲਾਇਆ ਪਰ ਹਾਰ ਗਿਆ ਸੀ। ਕਿਉਂਕਿ ਹੁਣ ਇਹ ਇਕ ਸੁਰਤੀ ਵਾਲਾ, "ਮਨ ਦੇ ਅੰਨ੍ਹਿਆਂ ਭੋਲੇ ਭਾਲੇ ਲੋਕਾਂ ਵਿਚ ਮਨ ਦਾ ਕਾਣਾ ਰਾਜਾ" ਸੀ ਅਤੇ ਇਸ ਨੇ ਪਹਿਲਾਂ ਵੀ ਕਈਆਂ ਸਾਧੂਆਂ ਤੋਂ ਇਲਮ ਹਲੀਮੀ ਨਾਲ ਹੀ ਸਿੱਖਿਆ ਸੀ ਅਤੇ ਫਿਰ ਸਿੱਖ ਕੇ ਉਹਨਾਂ ਨੂੰ ਹੀ ਮਾਰਨ ਦੀ ਕੋਸ਼ਿਸ਼ ਵੀ ਕਰਦਾ ਸੀ, ਇਸ ਲਈ ਇਹ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਮੋਹਰੇ ਆ ਪੇਸ਼ ਹੋਇਆ। ਜਦੋਂ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਨੇ ਇਸ ਨੂੰ ਨਾਂ ਪੁੱਛਿਆ ਤਾਂ ਇਸ ਨੇ ਹਲੀਮੀ ਨਾਲ ਕਿਹਾ ਕਿ ਮੈਂ ਜੀ ਤੁਹਾਡਾ "ਬੰਦਾ" ਹਾਂ। ਯਾਦ ਰੱਖੋ ਕਿ ਇਹ ਮਨਮੁਖ ਮੌਕਾ ਸ਼ਨਾਖ਼ਤ ਹੋਣ ਕਰਕੇ ਆਪਣੇ ਨਾਂ ਮੌਕੇ ਮੁਤਾਬਿਕ ਬਦਲ ਲੈਂਦਾ ਸੀ ਅਤੇ ਇਥੇ ਉਸਤਾਦ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਦੇ ਮੋਹਰੇ ਕਹਿੰਦਾ ਕਿ ਮੈਂ ਤੁਹਾਡਾ ਗੁਲਾਮ ਜਾਂ ਬੰਦਾ ਹਾਂ। ਤਾਂ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਜੇ ਤੂੰ ਬੰਦਾ ਹੈਂ ਤਾਂ ਫਿਰ ਬੰਦਿਆਂ ਵਾਲੇ ਕੰਮ ਕਰ ਨਾ ਕਿ ਸ਼ੈਤਾਨਾਂ ਦੇ?

ਹੁਣ ਮਨਮੁਖ ਆਪਣੀਆਂ ਆਦਤਾਂ ਵਿਚ "ਕੁੱਤੇ ਦੀ ਪੂਛ" ਹੁੰਦੇ ਹਨ ਅਤੇ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਨੂੰ ਇਸ ਗੱਲ ਦਾ ਪਤਾ ਸੀ। ਇਸ ਕਰਕੇ ਇਸ ਨੂੰ

ਅੰਮ੍ਰਿਤ ਛਕਾਉਣ ਦੇ ਬਾਦ ਇਸ ਨੂੰ ਖ਼ਾਸ ਕਰਕੇ ਕਿਹਾ ਕਿ ਤੂੰ ਇਹ ਕੰਮ ਨਹੀਂ ਕਰਨੇ ਜਿਹੜੇ ਕਿ ਖ਼ਾਲਸਿਆਂ ਦੇ ਵਿਰੁਧ ਹਨ। ਉਹ ਇਹ ਸਨ:-

੧. ਨਾ ਤੂੰ ਵਿਆਹ ਕਰਾਉਣਾ ਹੈ। ਯਾਦ ਰੱਖੋ ਕਿ "ਕੜਾ" ਅਕਾਲ ਪੁਰਖ ਦੀ ਫੌਜ ਵਿਚ ਭਰਤੀ ਹੋ ਕੇ ਮੌਤ ਨੂੰ ਵਿਆਹੁਣ ਦਾ ਗਾਨਾ ਹੈ। ਇਕ ਵਾਰ ਅੰਮ੍ਰਿਤ ਛੱਕ ਕੇ ਇਸ ਫੌਜ ਵਿਚ ਭਰਤੀ ਹੋ ਗਏ ਜਾਂ ਆਪਣਾ "ਸੀਸ" ਦੇ ਦਿੱਤਾ ਤਾਂ ਫਿਰ ਗ੍ਰਹਿਸਤ ਵਿਚ ਨਹੀਂ ਪੈਣਾ ਹੁੰਦਾ। ਇਸੇ ਲਈ ਭਾਈ ਜੋਗਾ ਸਿੰਘ ਨੂੰ ਲਾਵਾਂ ਤੋਂ ਉਠਾ ਲਿਆ ਸੀ ਅਤੇ ਆਪ ਵੀ "ਸਾਹਿਬ ਦੇਵਾਂ" ਨਾਲ ਜਿਵੇਂ ਕਿ ਪਹਿਲਾਂ ਦਿਸਿਆ ਹੈ ਗ੍ਰਹਿਸਤ ਨਹੀਂ ਸੀ ਕੀਤਾ।

੨. ਨਾ ਰਾਜਿਆਂ ਵਾਂਗ ਦੁਨਿਆਵੀ ਰਾਜ ਕਰਨਾ ਹੈ। ਯਾਦ ਰੱਖੋ ਕਿ ਕਪੂਰਥਲੇ ਦੀ ਰਿਆਸਤ ਤੱਤ ਖ਼ਾਲਸੇ ਨੂੰ ਪੇਸ਼ ਕੀਤੀ ਗਈ ਸੀ ਪਰ ਉਹਨਾਂ ਨੇ ਲੈਣ ਤੋਂ ਇਨਕਾਰ ਕਰ ਦਿੱਤਾ ਸੀ। ਪਰ ਜਦੋਂ ਬਹੁਤ ਹੀ ਮਜਬੂਰ ਕੀਤਾ ਸੀ ਤਾਂ ਖ਼ਾਲਸੇ ਨੇ ਕਿਹਾ ਕਿ ਜਿਹੜਾ ਦੁਨਿਆਵੀ ਕਲਾਲ ਜਾਤ ਦਾ ਆਦਮੀ ਸਾਡੇ ਘੋੜਿਆਂ ਦੀ ਦੇਖ ਭਾਲ ਕਰਦਾ ਹੈ ਉਸ ਨੂੰ ਦੇ ਦਿਓ। ਭਾਵ ਕਿ ਖਾਲਸਾ ਦੁਨਿਆਵੀ ਰਾਜ ਨਹੀਂ ਕਰਦਾ ਜਿਵੇਂ ਕਿ ਅੱਜ-ਕੱਲ੍ਹ ਇਹ ਖਾਲਿਸਤਾਨ ਦੀ ਮੰਗ ਕਰ ਰਹੇ ਹਨ। ਖ਼ਾਲਸੇ ਦਾ "ਪਰਉਪਕਾਰੀ" ਰਾਜ ਲੋਕਾਂ ਦੇ ਦਿਲਾਂ 'ਤੇ ਹੁੰਦਾ ਹੈ ਨਾ ਕਿ ਬਾਦਸ਼ਾਹਾਂ ਵਾਂਗ ਜਿਸਮਾਂ ਅਤੇ ਜ਼ਮੀਨਾਂ 'ਤੇ।

੩. ਨਾ ਹੀ "ਗੁਰੂ" ਬਣ ਕੇ ਭੋਲੇ ਭਾਲੇ ਲੋਕਾਂ ਨੂੰ ਅੰਨ੍ਹਿਆਂ ਵਾਂਗ ਪਿੱਛੇ ਲਾਉਣਾ ਜਾਂ ਲੁੱਟਣਾ ਹੈ ਜਿਵੇਂ ਕਿ ਅੱਜ ਕੱਲ੍ਹ ਬਾਬੇ ਕਰਦੇ ਹਨ। ਯਾਦ ਰੱਖੋ ਕਿ ਖਾਲਸਾ ਆਪ ਨਿਆਰਾ ਹੁੰਦਾ ਹੈ ਅਤੇ ਇਸ ਨੂੰ ਕਿਸੇ ਵੀ ਗੁਰੂ ਦੀ ਲੋੜ ਨਹੀਂ ਹੁੰਦੀ ਕਿਉਂਕਿ ਇਹਨਾਂ ਦੇ ਅੰਦਰ ਸੱਤਿਗੁਰੂ ਦਾ ਵਾਸਾ ਹੁੰਦਾ ਹੈ।

ਹੁਣ ਜਦੋਂ ਤਕ ਬੰਦੇ ਬਹਾਦਰ ਨੇ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਦੇ ਬਚਨ ਨਿਭਾਏ, ਉਨ੍ਹਾਂ ਚਿਰ ਅਕਾਲ ਪੁਰਖ ਦਾ ਹੱਥ ਇਹਦੇ ਉਪਰ ਰਿਹਾ ਅਤੇ ਜਿੱਤਾਂ ਹੀ ਹੁੰਦੀਆਂ ਰਹੀਆਂ।

ਜਦੋਂ ਇਸ ਨੇ ਦੇਖਿਆ ਕਿ ਮੇਰੇ ਪਿੱਛੇ ਤਾਂ ਹੁਣ ਬਹੁਤ ਸਾਰੇ ਲੋਕ ਹੋ ਗਏ ਨੇ ਤਾਂ ਉਸ ਦੇ ਮਨ ਵਿਚ ਗੁਮਾਨ ਆ ਗਿਆ ਅਤੇ ਉਸ ਨੇ ਉਹ ਪੁਰਾਣੀ "ਕੁੱਤੇ ਦੀ ਪੂਛ" ਵਾਲੀਆਂ ਆਦਤਾਂ ਫਿਰ ਫੜ ਲਈਆਂ। ਏਥੇ ਇਹ ਵੀ ਕੋਈ ਵੱਡੀ ਗੱਲ ਨਹੀਂ ਕਿ ਜਿੱਦਾਂ ਇਹ ਪਹਿਲਾਂ ਵੀ ਆਪਣੇ ਉਸਤਾਦਾਂ ਤੋਂ ਇਲਮ ਸਿੱਖ ਕੇ ਉਹਨਾਂ ਨੂੰ ਮਾਰ ਕੇ ਆਪ ਬਹਿਣਾ ਚਾਹੁੰਦਾ ਸੀ ਕਿ ਇਸੇ ਹੀ ਨੇ ਕਿਤੇ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਨੂੰ ਮਾਰਨ ਲਈ ਦੋ ਪਠਾਣ ਵੀ ਘੱਲੇ ਹੋਣ? ਕਿਉਂਕਿ ਮਨਮੁਖ ਅਤੇ ਸੱਪ ਵਿਚ ਕੋਈ ਫਰਕ ਨਹੀਂ ਹੁੰਦਾ ਇਸ ਲਈ ਮਨਮੁਖ ਦਾ ਕਦੀ ਵੀ ਇਤਬਾਰ ਨਾ ਕਰੋ।

ਲੋਭੀ ਕਾ ਵਸਾਹ ਨਾ ਕੀ ਜੇ॥ ਜੇ ਕੋ ਪਾਰ ਵਸਾਏ॥

ਫਿਰ ਇਹ ਗ੍ਰਹਿਸਤੀ ਵੀ ਬਣ ਗਿਆ ਸੀ ਅਤੇ ਇਸ ਵਿਚ ਕੋਈ ਖ਼ਾਲਸਿਆਂ ਵਾਲੀ ਗੱਲ ਨਾ ਰਹੀ।

ਹੁਣ ਤੱਤ ਖ਼ਾਲਸੇ ਨੇ ਜਦੋਂ ਇਹ ਲੱਛਣ ਦੇਖੇ ਤਾਂ ਉਹ ਇਸ ਨਾਲੋਂ ਵੱਖਰੇ ਹੋ ਗਏ ਸਨ ਪਰ ਬਹੁਤ ਸਾਰੇ ਬੇਮੁਖ ਮੂਰਖ "ਖਾਣ ਪੀਣ ਨੂੰ ਬਾਂਦਰੀ ਅਤੇ ਸੋਟੇ ਖਾਣ ਨੂੰ ਰਿੱਛ" ਅਖਾਣ ਦੇ ਅਨੁਸਾਰ ਇਸ ਮਨ ਮੁਖੀ ਬੰਦਾ ਬਹਾਦਰ ਦੇ ਅੰਨ੍ਹੇ ਚੇਲੇ ਹੀ ਬਣੇ ਰਹੇ ਅਤੇ ਉਹਦੇ ਨਾਲ ਹੀ ਮਰੇ ਸਨ। ਇਸ ਨੇ ਤੱਤ ਖ਼ਾਲਸੇ ਨੂੰ ਮਦਦ ਕਰਨ ਲਈ ਕਿਹਾ ਸੀ ਪਰ ਕੋਈ ਵੀ ਸੁਰਤੀ ਵਾਲਾ ਖਾਲਸਾ ਮਨਮੁਖ ਦਾ ਇਤਬਾਰ ਨਹੀਂ ਕਰਦਾ।

੩. ਗੁਰਮੁਖ ਖਾਲਸਾ:- ਇਹ ਖ਼ਾਲਸੇ ਪੰਥ ਦੇ ਅਧਿਕਾਰਾਂ 'ਤੇ ਚਲਦੇ ਹਨ ਅਤੇ "ਸਤੋ" ਗੁਣ ਦੇ ਅਨੁਸਾਰ ਨਿਆਰੇ ਰਹਿੰਦੇ ਹਨ। ਇਹਨਾਂ ਨੇ ਹੀ ਅਹਿਮਦ ਸ਼ਾਹ ਅਬਦਾਲੀ ਤੋਂ ਕੁੜੀਆਂ ਦੀ ਪਤ ਬਚਾਈ ਸੀ।

ਅੱਜ-ਕੱਲ੍ਹ ਦੇ ਗ੍ਰਹਿਸਤੀ ਅਤੇ ਗੁਰਦਵਾਰਿਆਂ ਵਿਚ ਅੰਮ੍ਰਿਤ ਛਕਾ ਕੇ ਬੰਦਈ ਖ਼ਾਲਸੇ ਬਣਾਉਣ ਦਾ ਕੰਮ ਇਹਨਾਂ ਹੀ ਸ਼ੈਤਾਨ ਖੱਤਰੀਆਂ ਦਾ ਹੈ ਅਤੇ ਇਹਨਾਂ ਮਨ ਦੇ ਅੰਨ੍ਹੇ ਅੱਤਵਾਦੀ ਜਨੂਨੀਆਂ ਨੇ ਹੀ ਇਹਨਾਂ ਸ਼ੈਤਾਨ ਖੱਤਰੀਆਂ ਦਿਵਾਲੇ ਫਾਂਸੀ ਪਾਉਣੀ ਹੈ।

ਯਾਦ ਰੱਖੋ ਕਿ ਤ੍ਰੇਤੇ ਵਿਚ ਇਹ ਖੱਤਰੀ ਦੇਵਤੇ ਹੁੰਦੇ ਸਨ ਪਰ ਕਲਜੁਗ ਵਿਚ ਇਹਨਾਂ ਬਾਰੇ ਇਹ ਮਸ਼ਹੂਰ ਹੋ ਗਿਆ:-

ਖੱਤਰੀ ਪੁੱਤਰਿੰਗ ਕਿਸੇ ਨਾ ਮਿੱਤਰਿੰਗ।
ਮਿੱਤਰਿੰਗ ਹੀ ਮਿੱਤਰਿੰਗ ਦਗ਼ਾ ਦਿਤਰਿੰਗ।

ਹੁਣ ਖੱਤਰੀ ਲੋਕਾਂ ਨੂੰ ਗੁਮਰਾਹ ਕਰਨ ਲਈ ਕਹਿੰਦੇ ਹਨ ਕਿ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਦੇ ਤਿੰਨ ਵਿਆਹ ਨਹੀਂ ਸਨ ਪਰ ਇਕੋ ਹੀ ਸੀ ਜਿਸ ਦੇ ਵੱਖਰੇ ਵੱਖਰੇ ਨਾਂ ਸਨ, ਸੁਰਤੀ ਵਾਲਿਆਂ ਨੂੰ ਵੀ ਬੁੱਧੂ ਬਣਾਉਣਾ ਹੈ। ਯਾਦ ਰੱਖੋ ਕਿ ਸੱਚੇ ਪਾਤਸ਼ਾਹ ਹਰਿ ਗੋਬਿੰਦ ਜੀ ਦੇ ਵੀ ਤਿੰਨ ਵਿਆਹ ਸਨ ਅਤੇ ਉਹਨਾਂ ਨੇ ਤਿੰਨਾਂ ਨਾਲ ਹੀ ਗ੍ਰਹਿਸਤ ਕੀਤਾ ਸੀ ਪਰ ਸੱਚੇ ਪਾਤਸ਼ਾਹ ਗੋਬਿੰਦ ਸਿੰਘ ਜੀ ਦਾ ਤੀਜਾ ਨਾਤਾ ਪਰਉਪਕਾਰੀ ਖ਼ਸ਼ੱਤਰੀ ਵਰਨ ਦੇ ਖ਼ਾਲਸਿਆਂ ਦੀ "ਮਾਂ" ਦੇ ਨਾਂ 'ਤ ਕੁਆਰਾ ਹੀ ਰਿਹਾ ਸੀ।

ਕਾਫ਼ੀ ਲਿਖਿਆ ਗਿਆ ਹੈ ਅਤੇ ਜੇ ਕਿਸੇ ਨੇ ਹੋਰ ਜਾਣਕਾਰੀ ਲੈਣੀ ਹੋਵੇ ਤਾਂ ਉਹ ਇੰਟਰਨੈੱਟ 'ਤੇ ਮੇਰੇ ਮਜ਼ਮੂਨ ਪੜ੍ਹ ਸਕਦਾ ਹੈ।

ਪੂਰਾ ਸੱਤਿਗੁਰੁ ਜੇ ਮਿਲੈ ਪਾਈਐ ਸਬਦੁ ਨਿਧਾਨੁ॥
ਕਰਿ ਕਿਰਪਾ ਪ੍ਰਭ ਆਪਣੀ ਜਪੀਐ ਅੰਮ੍ਰਿਤ ਨਾਮੁ॥

ਸੱਤਿਗੁਰੁ ਮਿਲੈ ਤਾ ਤਤੁ ਪਾਏ॥ ਹਰਿ ਕਾ ਨਾਮੁ ਮੰਨਿ ਵਸਾਏ॥

ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ॥

ਜਿਥੈ ਜਾਇ ਬਹੈ ਮੇਰਾ ਸੱਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ॥

ਸ਼ਰਮ ਧਰਮ ਕਾ ਡੇਰਾ ਦੂਰਿ॥ ਨਾਨਕ ਕੂੜੁ ਰਹਿਆ ਭਰਪੂਰਿ॥

ਬਿਨੁ ਸੱਤਿਗੁਰ ਨਾਉ ਨ ਪਾਈਐ ਬੂਝਹੁ ਕਰਿ ਵਿਚਾਰੁ॥

ਨਾਨਕ ਪੂਰੈ ਭਾਗਿ ਸੱਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ॥

*ਇਹ ਹੈ ਗਿਆਨ ਦਾ "ਨਚੋੜ" ਜਾਂ "ਕੱਖ"*
*ਅਤੇ ਪੂਰੀ ਜਾਣਕਾਰੀ, "ਲੱਖ" ਲੈਣ ਲਈ ਮੇਰੇ ਲੈਕਚਰ ਸੁਣੋ!!!!*

ਸਭ ਵਡਿਆਈ ਤੇਰੀ ਰਾਮ ਜੀਓ
ਕੋਈ ਨਾਮ ਨਾ ਜਾਣੇ ਮੇਰਾ।